ਕੌਮਾਂਤਰੀ

# ਅੰਮ੍ਰਿਤਸਰ ਟਾਈਮਜ਼

QUOMANTRY AMRITSAR TIMES

West/East Coast Edition | Volume 9 | Issue 48 | 04 December 2019 to 10 December 2019 | Ph.: (510) 240-5949 | For Advt.: (510) 677-2777 | Fax: (888) 323-6950 | Email: info@amritsartimes.com, asrtimes@gmail.com



ਅੰਦਰ ਪੜ੍ਹੋ



09

ਖ਼ਬਰਸਾਰ

ਭਾਰਤ 'ਚ ਹੋ ਰਹੀ ਏ ਔਰਤਾਂ ਦੇ ਅਧਿਕਾਰਾਂ ਦੀ ਘੋਰ ਉਲੰਘਣਾ



12

ਸੰਪਾਦਕੀ

ਆਟੇ ਦੀਆਂ ਚਿੜੀਆਂ



21

ਵਿਚਾਰ ਚਰਚਾ

ਚਾਰ ਕੋਹਾਂ 'ਤੇ ਬਦਲੇ ਵਾਣੀ



27

ਮਨੋਰੰਜਨ

ਪੰਜਾਬੀ ਸਿਨੇਮਾ ਦਾ ਸਰਦਾਰ ਸੋਹੀ


# ਅਯੁੱਧਿਆ ਮਾਮਲੇ ਵਿਚ ਮੁਸਲਿਮ ਧਿਰਾਂ ਵੱਲੋਂ ਨਜ਼ਰਸਾਨੀ ਪਟੀਸ਼ਨ ਦਾਇਰ

## ਬਾਬਰੀ ਮਸਜਿਦ ਦੀ ਮੁੜ ਉਸਾਰੀ ਦੀ ਮੰਗ

**ਨਵੀਂ ਦਿੱਲੀ/ਏ.ਟੀ. ਨਿਊਜ਼ :** ਸੁਪਰੀਮ ਕੋਰਟ 'ਚ ਮੁਸਲਿਮ ਧਿਰਾਂ ਨੇ ਅਯੁੱਧਿਆ ਫ਼ੈਸਲੇ ਬਾਰੇ ਨਜ਼ਰਸਾਨੀ ਪਟੀਸ਼ਨ ਦਾਇਰ ਕੀਤੀ ਹੈ। ਜ਼ਿਕਰਯੋਗ ਹੈ ਕਿ ਸਿਖ਼ਰਲੀ ਅਦਾਲਤ ਨੇ ਨੌਂ ਨਵੰਬਰ ਨੂੰ ਚਿਰਾਂ ਤੋਂ ਲਟਕ ਰਿਹਾ ਫ਼ੈਸਲਾ ਸੁਣਾ ਕੇ ਵਿਵਾਦਤ ਭੂਮੀ 'ਤੇ ਰਾਮ ਮੰਦਰ ਦੀ ਉਸਾਰੀ ਦਾ ਰਾਹ ਪੱਧਰਾ ਕਰ ਦਿੱਤਾ ਸੀ। ਦਾਇਰ ਕੀਤੀ ਗਈ ਇਸ ਪਟੀਸ਼ਨ ਵਿਚ ਕਿਹਾ ਗਿਆ ਹੈ ਕਿ 'ਸੰਪੂਰਨ ਨਿਆਂ' ਉਦੋਂ ਹੀ ਹੋਵੇਗਾ ਜਦ ਬਾਬਰੀ ਮਸਜਿਦ ਦੀ ਮੁੜ ਉਸਾਰੀ ਦੇ ਹੁਕਮ ਦਿੱਤੇ ਜਾਣ। ਸਾਬਕਾ ਚੀਫ਼ ਜਸਟਿਸ ਰੰਜਨ ਗੋਗੋਈ ਦੀ ਅਗਵਾਈ ਵਾਲੇ ਪੰਜ ਜੱਜਾਂ ਦੇ ਬੈਂਚ ਨੇ 2.77 ਏਕੜ ਵਿਵਾਦਤ ਜ਼ਮੀਨ 'ਰਾਮ ਲੱਲਾ' ਦੇ ਨਾਂ ਕਰ ਦਿੱਤੀ ਸੀ। ਇਸ ਤੋਂ ਇਲਾਵਾ ਕੇਂਦਰ ਸਰਕਾਰ ਨੂੰ ਸੁੰਨੀ ਵਕਫ਼ ਬੋਰਡ ਨੂੰ ਪੰਜ ਏਕੜ ਦਾ ਪਲਾਟ ਦੇਣ ਲਈ ਵੀ ਕਿਹਾ ਗਿਆ ਸੀ ਤਾਂ ਕਿ ਮਸਜਿਦ ਵੀ ਉਸਾਰੀ ਜਾ ਸਕੇ। ਨਜ਼ਰਸਾਨੀ ਪਟੀਸ਼ਨ ਮੁਸਲਿਮ ਧਿਰ ਵੱਲੋਂ ਇਹ ਕੇਸ ਸਭ ਤੋਂ ਪਹਿਲਾਂ ਲੜਨ ਵਾਲੇ ਐੱਮ. ਸਿੱਦੀਕ ਦੇ ਕਾਨੂੰਨੀ ਵਾਰਿਸ ਅਸ਼ਹਦ ਰਸ਼ੀਦੀ ਤੇ ਜਮੀਅਤ ਉਲਾਮਾ-ਏ-ਹਿੰਦ ਦੀ ਯੂਪੀ ਇਕਾਈ ਦੇ ਪ੍ਰਧਾਨ ਨੇ 14 ਵੱਖ-ਵੱਖ ਨੁਕਤਿਆਂ ਤੋਂ ਦਾਇਰ ਕੀਤੀ ਹੈ। ਵਕੀਲ ਐਜਾਜ਼ ਮਕਬੂਲ ਵੱਲੋਂ ਦਾਇਰ ਪਟੀਸ਼ਨ 'ਚ ਮੁਸਲਿਮ ਧਿਰ ਨੇ ਮੰਗ ਕੀਤੀ ਹੈ ਕਿ ਮੰਦਰ ਦੀ ਉਸਾਰੀ





ਲਈ ਕੇਂਦਰ ਵੱਲੋਂ ਟਰੱਸਟ ਕਾਇਮ ਕੀਤੇ ਜਾਣ 'ਤੇ ਵੀ ਅੰਤ੍ਰਿਮ ਰੋਕ ਲਾਈ ਜਾਵੇ। ਸੁਪਰੀਮ ਕੋਰਟ ਨੇ ਕੇਂਦਰ ਨੂੰ 3 ਮਹੀਨਿਆਂ ਵਿਚ ਟਰੱਸਟ ਕਾਇਮ ਕਰਨ ਦਾ ਹੁਕਮ ਦਿੱਤਾ ਸੀ। ਰਸ਼ੀਦੀ ਨੇ ਮਸਜਿਦ ਲਈ ਪੰਜ ਏਕੜ ਪਲਾਟ ਦੇਣ ਦੀ ਹਦਾਇਤ 'ਤੇ ਵੀ ਸਵਾਲ ਉਠਾਇਆ ਹੈ। ਪਟੀਸ਼ਨ ਵਿਚ ਕਿਹਾ ਗਿਆ ਹੈ ਕਿ ਮੁਸਲਿਮ ਧਿਰ ਨੇ ਕਦੇ ਇਸ ਦੀ ਮੰਗ ਨਹੀਂ ਕੀਤੀ। ਇਸ ਤੋਂ ਇਲਾਵਾ ਦਾਇਰ ਪਟੀਸ਼ਨ ਵਿਚ ਕਿਹਾ ਗਿਆ ਹੈ ਕਿ ਇਸ ਗੱਲ ਨੂੰ ਮੰਨਿਆ ਵੀ ਗਿਆ ਕਿ ਹਿੰਦੂ ਧਿਰਾਂ ਵੱਲੋਂ ਬਾਬਰੀ ਮਸਜਿਦ ਡੇਗਣਾ ਗੈਰ ਕਾਨੂੰਨੀ ਸੀ, ਪਰ ਫਿਰ ਵੀ ਉਨ੍ਹਾਂ ਨੂੰ ਜ਼ਮੀਨ ਦੇ ਦਿੱਤੀ ਗਈ।

# ਹੁਣ ਸ਼ਰਧਾਲੂ ਕਰਤਾਰਪੁਰ ਸਾਹਿਬ ਲਈ ਲੰਗਰ ਦੀ ਰਸਦ ਵੀ ਲਿਜਾਣ ਲੱਗੇ

## ਪਾਕਿਸਤਾਨ ਵਿੱਚ ਮਹਿੰਗਾਈ ਕਾਰਨ ਰਸਦ ਲਿਆਉਣ ਦੀ ਕੀਤੀ ਜਾ ਰਹੀ ਸੀ ਅਪੀਲ

**ਡੇਰਾ ਬਾਬਾ ਨਾਨਕ/ਏ.ਟੀ. ਨਿਊਜ਼ :** ਗੁਰਦੁਆਰਾ ਕਰਤਾਰਪੁਰ ਸਾਹਿਬ ਦੇ ਦਰਸ਼ਨਾਂ ਲਈ ਜਾਣ ਵਾਲੇ ਸ਼ਰਧਾਲੂ ਹੁਣ ਉਥੋਂ ਦੇ ਗੁਰਦੁਆਰੇ 'ਚ ਚੱਲ ਰਹੇ ਲੰਗਰਾਂ ਲਈ ਰਸਦ ਲੈ ਕੇ ਪਹੁੰਚ ਰਹੇ ਹਨ। ਅਸਲ ਵਿੱਚ ਪਾਕਿਸਤਾਨ 'ਚ ਟਮਾਟਰ, ਸਬਜ਼ੀਆਂ, ਤੇਲ ਅਤੇ ਹੋਰ ਖੁਰਾਕੀ ਵਸਤਾਂ ਦੇ ਭਾਅ ਭਾਰਤ ਦੇ ਮੁਕਾਬਲੇ ਤਿੰਨ ਗੁਣਾ ਵੱਧ ਹਨ। ਕੌਰੀਡੋਰ ਟਰਮੀਨਲ ਤੋਂ ਪਾਕਿਸਤਾਨ ਸਥਿਤ ਗੁਰਦੁਆਰਾ ਕਰਤਾਰਪੁਰ ਸਾਹਿਬ ਜਾਣ ਵਾਲੇ ਸ਼ਰਧਾਲੂਆਂ ਨੂੰ ਆਪਣੇ ਨਾਲ ਸੱਤ ਕਿਲੋ ਭਾਰ ਲਿਜਾਣ ਦੀ ਛੋਟ ਪਹਿਲਾਂ ਹੀ ਮਿਲੀ ਹੋਈ ਹੈ। ਸੂਤਰਾਂ ਅਨੁਸਾਰ ਗੁਰਦੁਆਰਾ ਕਰਤਾਰਪੁਰ ਸਾਹਿਬ ਦੇ ਦਰਸ਼ਨਾਂ ਲਈ ਜਾਣ ਵਾਲੇ ਸ਼ਰਧਾਲੂਆਂ ਨੂੰ ਲੰਘੇ ਕੁਝ ਦਿਨਾਂ ਤੋਂ ਲੰਗਰ ਲਈ ਰਸਦ ਲਿਆਉਣ ਲਈ ਪ੍ਰੇਰਿਤ ਕੀਤਾ ਜਾ ਰਿਹਾ ਸੀ। ਡੇਰਾ ਬਾਬਾ ਨਾਨਕ ਤੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਮੈਂਬਰ ਜਥੇਦਾਰ ਅਮਰੀਕ ਸਿੰਘ ਸ਼ਾਹਪੁਰ ਨੇ ਪਾਕਿਸਤਾਨ



ਸਥਿਤ ਗੁਰਦੁਆਰਾ ਕਰਤਾਰਪੁਰ ਸਾਹਿਬ ਦੇ ਲੰਗਰਾਂ ਲਈ ਰਸਦ ਲਿਜਾਣ ਵਾਲੇ ਸ਼ਰਧਾਲੂਆਂ ਦਾ ਧੰਨਵਾਦ ਕਰਦਿਆਂ ਦੱਸਿਆ ਕਿ ਇਹ ਪਹਿਲਕਦਮੀ ਭਵਿੱਖ ਲਈ ਸ਼ੁਭ ਸੰਕੇਤ ਹੈ। ਪਹਿਲੀ ਪਾਤਸ਼ਾਹੀ ਗੁਰੂ ਨਾਨਕ ਦੇਵ ਜੀ ਨੇ ਇਸੇ ਸਥਾਨ


ਬਾਕੀ ਸਫ਼ਾ 28 'ਤੇ


## ਭਾਰਤੀ ਮੂਲ ਦੇ ਅਮਰੀਕੀ ਨਾਗਰਿਕ ਨੂੰ ਕਤਲ ਕਰਨ ਦੇ ਮਾਮਲੇ ਵਿਚ ਦੋਸ਼ੀ ਨੂੰ ਉਮਰ ਕੈਦ

**ਬਾਲਟੀਮੋਰ/ਹੁਸਨ ਲੜੋਆ ਬੰਗਾ :** ਇਕ ਅਦਾਲਤ ਨੇ 2017 ਵਿਚ ਇਕ ਗੈਸ ਸਟੇਸ਼ਨ ਉਪਰ ਭਾਰਤੀ ਮੂਲ ਦੇ ਅਮਰੀਕੀ ਨਾਗਰਿਕ ਅਦਿਤਿਆ ਸਨੀ ਆਨੰਦ ਦੀ ਹੋਈ ਹੱਤਿਆ ਦੇ ਮਾਮਲੇ ਵਿਚ ਬਾਲਟੀਮੋਰ ਦੇ ਵਸਨੀਕ ਮਾਰਕ ਐਨਥਨੀ ਐਲਿਸ (31) ਨੂੰ ਉਮਰ ਕੈਦ ਦੀ ਸਜ਼ਾ ਸੁਣਾਈ ਹੈ। ਯਾਰਕ ਕਾਊਂਟੀ ਦੀ ਪੈਨਸਿਲਵੇਨੀਆ ਅਦਾਲਤ ਦੇ ਜੱਜ ਹੈਰੀ ਨੈਸ ਨੇ ਐਲਿਸ ਨੂੰ ਦੋਸ਼ੀ ਠਹਿਰਾਦਿਆਂ ਉਮਰ ਕੈਦ ਦੀ ਸਜ਼ਾ ਸੁਣਾਈ। ਦੋਸ਼ੀ ਦੀ ਪੈਰੋਲ ਦੀ ਕੋਈ ਸੰਭਾਵਨਾ ਨਹੀਂ ਹੈ। ਇਸ ਤਰ੍ਹਾਂ ਸਾਰੀ ਉਮਰ ਉਸ ਨੂੰ ਜੇਲ੍ਹ ਵਿਚ ਬਿਤਾਉਣੀ ਪਵੇਗੀ। ਜੱਜ ਨੇ ਐਲਿਸ ਨੂੰ ਫਸਟ ਡਿਗਰੀ ਕਤਲ ਤੇ ਲੁੱਟ-ਖੋਹ ਦੀ ਕੋਸ਼ਿਸ਼ ਦਾ ਦੋਸ਼ੀ ਪਾਇਆ। ਇਥੇ ਵਰਣਨਯੋਗ ਹੈ ਕਿ 17 ਅਕਤੂਬਰ 2017 ਨੂੰ ਐਲਿਸ ਐਕਸਨ ਮਾਰਟ ਵਿਚ ਦਾਖਲ ਹੋਇਆ ਜਿਥੇ ਉਸ ਨੇ ਲੁੱਟ-ਖੋਹ ਦੇ ਇਰਾਦੇ ਨਾਲ ਆਨੰਦ (44) ਉਪਰ ਗੋਲੀਆਂ ਚਲਾਈਆਂ। ਜਦੋਂ ਪੁਲਿਸ ਘਟਨਾ ਸਥਾਨ ਉਪਰ ਪੁੱਜੀ ਤਾਂ ਆਨੰਦ ਦੀ ਮੌਤ ਹੋ ਚੁੱਕੀ ਸੀ। ਸੀ ਸੀ ਟੀ ਵੀ ਵੀਡੀਓ ਵਿਚ ਕੈਦ ਹੋਏ ਐਲਿਸ ਦੀ ਪਛਾਣ ਉਸ ਦੀ ਸਾਬਕਾ ਮਿੱਤਰ ਕੁੜੀ ਨੇ ਕੀਤੀ ਸੀ।


















ਜ਼ਿੰਦਗੀ ਨੂੰ ਸੁਹਾਵਣੀ ਬਣਾਓ
'ਦ ਕੰਪਨੀ ਯੂ ਕੀਪ'
ਦੇ ਨਾਲ !

NEW YORK LIFE
www.newyorklife.com

1845 ਤੋਂ ਅਸੀਂ ਲੋਕਾਂ ਨੂੰ ਉਨ੍ਹਾਂ ਦੇ ਔਖੇ ਸਮਿਆਂ 'ਚ ਮਨ ਦੀ ਸ਼ਾਂਤੀ ਲਿਆਉਣ ਦੇ ਸਮਰੱਥ ਰਹੇ ਹਾਂ। ਅਸੀਂ ਏਸ਼ੀਆ-ਭਾਰਤੀ ਕੌਮ ਦੀ ਸੇਵਾ ਕਰਦੇ ਮਾਣ ਮਹਿਸੂਸ ਕਰਦੇ ਹਾਂ ਅਤੇ ਜ਼ਿੰਦਗੀ ਦੇ ਹਰ ਪਹਿਲੂ 'ਤੇ ਤੁਹਾਡਾ ਸਾਥ ਨਿਭਾਉਣ ਦਾ ਵਾਅਦਾ ਕਰਦੇ ਹਾਂ।



Open Enrollment for Healthcare Starts November 1,2017 to January 31, 2018.



COVERED CALIFORNIA

ਸਿਮਰਨ ਕੌਰ ਅਟਵਾਲ
ਏਜੰਟ
ਲਾਇਸੰਸ # OE17073

ਨਿਊ ਯਾਰਕ ਇੰਸ਼ੋਰੈਂਸ ਕੰਪਨੀ
3255 ਵੈਸਟ ਮਾਰਚ ਲੇਨ, # 300 ਸਟਾਕਟਨ, ਕੈਲੀਫੋਰਨੀਆ 95219
ਫੋਨ : 209-955-2418, 209-993-7978
skatwal@ft.newyorklife.com

ਆਪਣੇ ਪਰਿਵਾਰ ਦੀ ਸੁਰੱਖਿਆ ਯਕੀਨੀ ਬਣਾਉਣ ਲਈ
ਹੁਣੇ ਆਪਣੇ ਸਥਾਨਕ ਏਜੰਟ ਨਾਲ ਸੰਪਰਕ ਕਰੋ !!



## Legal Document Preparation



Dolly (Sarvinder Kaur)

- Immigration ਇਮੀਗਰੇਸ਼ਨ
- Wills & Trusts ਵਸੀਅਤਾਂ
- Divorce ਤਲਾਕ
- Power of Attorney ਮੁਖਤਿਆਰਨਾਮਾ
- Affidavits ਐਫੀਡੇਵਿਟ
- Grant Deeds ਗਰਾਂਟ ਡੀਡਜ਼

**510-648-5554**

dolly@worryfreelegaldocs.com
www.worryfreelegaldocs.com
Not an Attorney

35672 Terrace Drive, Fremont, CA 94536 and
39803 Paseo Padre Pkwy, Ste A, Fremont, CA 94538
Paralegal and Regd. & Bonded LDA# 154, Alameda County



## Homeopathicvibes

We treat Acute and chronic diseases like Asthma, Allergies, Mood swings, Migraine, Anxiety,Depression, Insomnia, Bed wetting, Acne, Diabetes, Arthritis, PMS, Acidity, Indigestion, Hot flashes, Blood Pressure, Kidney stones, Neuralgic pains, Skin disorders, especially non specific headaches and many more....



Now we have two locations :
940, E. El Camino Real, Sunnyvale, CA 94087
Office : (408) 737-7100 Fax: (408) 737-7102

39039 Paseo Padre Pkwy Suite
#209 (upstairs) Fremont CA 94538
www.homeopathicvibes.com

*We sell and ship homeopathic remedies through out North America.*
ਸਮੂਹ ਸਰਪ੍ਰਸਤਾਂ ਅਤੇ ਸਹਿਯੋਗੀਆਂ ਦਾ ਬਹੁਤ ਬਹੁਤ ਧੰਨਵਾਦ

**Harminder Singh Gill** D.H.M.S;B.C.I.H
*(Ex Homeopathic Medical officer Punjab Govt.)*



Star Alliance BROKERAGE



## Indianapolis, Indiana...
ਵਿਚ ਬਣਾਓ ਆਪਣੇ
ਸੁਪਨਿਆਂ ਦਾ ਘਰ

- ਨਵੇਂ ਨਕੋਰ ਘਰਾਂ ਦੀ ਕੀਮਤ $200,000 ਤੋਂ ਸ਼ੁਰੂ ਹੁੰਦੀ ਹੈ
- 1500 ਵਰਗ ਗਜ ਤੋਂ 5000 ਵਰਗ ਗਜ ਦੇ ਘਰ; 4-6 ਬੈਡ ਰੂਮ, 3-4 ਬਾਥ ਰੂਮ
- ਬੱਚਿਆਂ ਦੀ ਪੜ੍ਹਾਈ ਲਈ ਬੜੇ ਵਧੀਆ ਸਕੂਲ, ਕਾਲਜ ਅਤੇ ਯੂਨੀਵਰਸਿਟੀਆਂ
- ਬਹੁਤ ਹੀ ਘੱਟ ਪ੍ਰਾਪਰਟੀ ਟੈਕਸ ਅਤੇ ਘਰਾਂ ਦੀ ਇੰਸ਼ੋਰੈਂਸ ਸਸਤੀ



ONE OF THE FASTEST GROWING CITY IN AMERICA AND BEST SCHOOL SYSTEM...



Manjit Singh Nagra

**Manjit Singh Nagra**
Realtor/Broker
**Cell 317-750-1900**

**Gurdeep (Garry) Chhokar**
Realtor/Broker
**Cell 317-500-1247**



Gurdeep (Garry) Chhokar

We do all type of Home and Commercial Loans, Same day loan approval...

ਅਸੀਂ ਘਰਾਂ ਅਤੇ ਬਿਜਨਸ ਲਈ
ਹਰ ਤਰ੍ਹਾਂ ਦੇ ਲੋਨ ਕਰਦੇ ਹਾਂ,
ਮਨਜ਼ੂਰੀ (Approval) ਉਸੇ ਦਿਨ

6979 Hillsdale Court, Indianapolis, Indiana 46250

# ਪਰਿਵਾਰ ਨਾਲ ਕਰਤਾਰਪੁਰ ਸਾਹਿਬ ਜਾਣ ਦੀ ਇਜਾਜ਼ਤ ਨਾ ਮਿਲਣ ਤੋਂ ਸ਼ਰਧਾਲੂ ਨਿਰਾਸ਼

**ਅੰਮ੍ਰਿਤਸਰ/ਏ.ਟੀ. ਨਿਊਜ਼ :** ਪਾਕਿਸਤਾਨ ਸਥਿਤ ਗੁਰਦੁਆਰਾ ਕਰਤਾਰਪੁਰ ਦੇ ਦਰਸ਼ਨਾਂ ਲਈ ਪਰਿਵਾਰ ਸਮੇਤ ਜਾਣ ਦੇ ਇੱਛੁਕ ਸ਼ਰਧਾਲੂਆਂ ਵਿਚੋਂ ਜ਼ਿਆਦਾਤਰ ਨੂੰ ਵੀਜ਼ਾ ਨਾ ਮਿਲਣ ਕਾਰਨ ਨਿਰਾਸ਼ਾ ਹੈ। ਸ਼੍ਰੋਮਣੀ ਕਮੇਟੀ ਨੇ ਗੁਰਦੁਆਰਾ ਕਰਤਾਰਪੁਰ ਜਾਣ ਦੇ ਚਾਹਵਾਨ ਸ਼ਰਧਾਲੂਆਂ ਲਈ ਆਨ ਲਾਈਨ ਫਾਰਮ ਭਰਨ ਦੀ ਸ਼ੁਰੂਆਤ ਕੀਤੀ ਹੈ, ਜਿਸ ਨੂੰ ਸੰਗਤ ਦਾ ਭਰਵਾਂ ਹੁੰਗਾਰਾ ਮਿਲ ਰਿਹਾ ਹੈ। ਗੁਰਦੁਆਰਾ ਕਰਤਾਰਪੁਰ ਸਾਹਿਬ ਦਾ ਲਾਂਘਾ 9 ਨਵੰਬਰ ਨੂੰ ਖੋਲ੍ਹਿਆ ਗਿਆ ਸੀ। ਲਗਪਗ ਇਕ ਮਹੀਨਾ ਮੁਕੰਮਲ ਹੋਣ ਨੇੜੇ ਹੈ, ਪਰ ਗੁਰਦੁਆਰਾ ਕਰਤਾਰਪੁਰ ਜਾਣ ਦੇ ਇੱਛੁਕ ਸ਼ਰਧਾਲੂਆਂ ਨੂੰ ਆਨ ਲਾਈਨ ਫਾਰਮ ਭਰਨ ਅਤੇ ਪ੍ਰਵਾਨਗੀ ਨਾ ਮਿਲਣ ਸਬੰਧੀ ਕਈ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ।



ਪ੍ਰਿੰਸੀਪਲ ਕਮਲਜੋਤ ਸਿੰਘ ਨੇ ਆਪਣੀ ਪਤਨੀ ਅਤੇ ਦੋ ਬੱਚਿਆਂ ਸਮੇਤ ਗੁਰਦੁਆਰਾ ਕਰਤਾਰਪੁਰ ਦੇ ਦਰਸ਼ਨਾਂ ਲਈ ਆਨ ਲਾਈਨ ਫਾਰਮ ਭਰੇ ਸਨ, ਪਰ ਉਨ੍ਹਾਂ ਦੇ ਦੋ ਬੱਚਿਆਂ ਨੂੰ ਹੀ ਕਰਤਾਰਪੁਰ ਜਾਣ ਦੀ ਪ੍ਰਵਾਨਗੀ ਮਿਲੀ ਹੈ। ਉਨ੍ਹਾਂ ਦੱਸਿਆ ਕਿ ਉਸਨੂੰ ਤੇ ਉਸ ਦੀ ਪਤਨੀ ਨੂੰ ਪ੍ਰਵਾਨਗੀ ਨਾ ਦੇਣ ਬਾਰੇ ਵੀ ਕੋਈ ਕਾਰਨ ਸਪੱਸ਼ਟ ਨਹੀਂ ਕੀਤਾ ਗਿਆ। ਸਾਰੇ ਪਰਿਵਾਰ ਨੂੰ ਪ੍ਰਵਾਨਗੀ ਨਾ ਮਿਲਣ ਕਾਰਨ ਉਹ ਗੁਰਦੁਆਰਾ ਕਰਤਾਰਪੁਰ ਦੇ ਦਰਸ਼ਨਾਂ ਲਈ ਜਾਣ ਤੋਂ ਵਾਂਝੇ ਰਹਿ ਗਏ ਹਨ। ਜਗਜੀਵਨ ਸਿੰਘ (ਦੁਕਾਨਕਾਰ) ਨੇ ਦੱਸਿਆ ਕਿ ਉਸ ਨੇ ਵੀ ਪਰਿਵਾਰ ਸਮੇਤ ਗੁਰਦੁਆਰਾ ਕਰਤਾਰਪੁਰ ਜਾਣ ਵਾਸਤੇ ਫਾਰਮ ਭਰੇ ਸਨ ਪਰ ਉਸ ਨੂੰ ਇਕੱਲਿਆਂ ਹੀ ਪ੍ਰਵਾਨਗੀ ਮਿਲੀ ਹੈ, ਜਿਸ ਕਾਰਨ ਪਰਿਵਾਰ ਵਿੱਚ ਨਿਰਾਸ਼ਾ ਹੈ। ਉਸ ਦੇ ਇਕ ਹੋਰ ਰਿਸ਼ਤੇਦਾਰ ਕੁਲਵਿੰਦਰਜੀਤ ਸਿੰਘ ਨੇ ਵੀ ਪਰਿਵਾਰ ਸਮੇਤ ਪ੍ਰਵਾਨਗੀ ਲਈ ਫਾਰਮ ਭਰੇ ਸਨ ਪਰ ਸਿਰਫ ਉਸ ਨੂੰ ਹੀ ਪ੍ਰਵਾਨਗੀ ਮਿਲੀ ਹੈ, ਜਿਸ ਕਾਰਨ ਉਸ ਦਾ ਪਰਿਵਾਰ ਨਿਰਾਸ਼ ਹੈ। ਇਸੇ ਦੌਰਾਨ ਸਿੱਖ ਜਥੇਬੰਦੀ ਅਕਾਲ ਪੁਰਖ ਕੀ ਫੌਜ ਦੇ ਮੁਖੀ ਜਸਵਿੰਦਰ ਸਿੰਘ ਐਡਵੋਕੇਟ ਨੇ ਆਖਿਆ ਕਿ ਉਸ ਨੂੰ ਪਰਿਵਾਰ ਸਮੇਤ ਜਾਣ ਦੀ ਪ੍ਰਵਾਨਗੀ ਮਿਲੀ ਹੈ ਅਤੇ ਉਸ ਨੂੰ ਕੋਈ ਮੁਸ਼ਕਲ ਨਹੀਂ ਆਈ। ਉਸ ਨੇ ਦੱਸਿਆ ਕਿ ਪਾਸਪੋਰਟ ਦੇ ਆਧਾਰ 'ਤੇ ਪ੍ਰਵਾਨਗੀ ਪ੍ਰਾਪਤ ਕਰਨ ਵਾਲੇ ਸ਼ਰਧਾਲੂਆਂ ਦੀ ਪੁਲੀਸ ਰਿਪੋਰਟ ਦੀ ਸ਼ਰਤ ਖਤਮ ਹੋਣੀ ਚਾਹੀਦੀ ਹੈ। ਉਸ ਨੇ ਇਹ ਵੀ ਸ਼ਿਕਾਇਤ ਕੀਤੀ ਕਿ ਭਾਰਤੀ ਪਾਸੇ ਅਧਿਕਾਰੀਆਂ ਦਾ ਸ਼ਰਧਾਲੂਆਂ ਪ੍ਰਤੀ ਵਤੀਰਾ ਠੀਕ ਨਹੀਂ ਸੀ, ਜਿਸ ਨੂੰ ਬਦਲਣ ਦੀ ਲੋੜ ਹੈ। ਸ਼੍ਰੋਮਣੀ ਕਮੇਟੀ ਦੇ ਮੁੱਖ ਸਕੱਤਰ ਡਾ. ਰੂਪ ਸਿੰਘ ਨੇ ਸ਼ਰਧਾਲੂਆਂ ਨੂੰ ਦਰਪੇਸ਼ ਸਮੱਸਿਆਵਾਂ ਬਾਰੇ ਗੱਲ ਕਰਦਿਆਂ ਕਿਹਾ ਕਿ ਆਨ ਲਾਈਨ ਫਾਰਮ ਭਰਨ ਦੀ ਸਮੱਸਿਆ ਨੂੰ ਖਤਮ ਕਰਨ ਵਾਸਤੇ ਸ਼੍ਰੋਮਣੀ ਕਮੇਟੀ ਨੇ ਪੰਜਾਬ ਅਤੇ ਹਰਿਆਣਾ ਦੇ ਲਗਪਗ 34 ਗੁਰਦੁਆਰਿਆਂ ਵਿਚ 'ਹੈਲਪ ਡੈਸਕ' ਸ਼ੁਰੂ ਕੀਤੇ ਹਨ, ਜਿਥੇ ਸ਼ਰਧਾਲੂਆਂ ਦੇ ਆਨ ਲਾਈਨ ਫਾਰਮ ਭਰੇ ਜਾ ਰਹੇ ਹਨ।

# ਬਾਬ ਢਿੱਲੋਂ ਐਂਡ ਕੰਪਨੀ ਦਾ ਨਾਦਰਸ਼ਾਹੀ ਫ਼ੁਰਮਾਨ

## *ਸੈਨਹੋਜ਼ੇ ਗੁਰਦੁਆਰਾ ਸਾਹਿਬ ਦੇ ਇਤਿਹਾਸ ਵਿੱਚ ਕਾਲਾ ਦਿਨ*







**ਸੈਨਹੋਜ਼ੇ/ਏ.ਟੀ. ਨਿਊਜ਼ :** ਗੁਰਦੁਆਰਾ ਸਾਹਿਬ ਸੈਨਹੋਜੇ ਤੇ ਕਾਬਜ ਧੜ੍ਹਾ ਬਾਬ ਢਿੱਲੋਂ ਐਂਡ ਕੰਪਨੀ ਨੇ ਵਿਰੋਧੀ ਧਿਰ ਸਾਧ ਸੰਗਤ ਸਲੇਟ ਦੇ ਤਿੰਨ ਉਮੀਦਵਾਰਾਂ ਜਸਪਾਲ ਸਿੰਘ ਸੈਣੀ, ਸਤਪਾਲ ਸਿੰਘ ਸਿੱਧੂ ਅਤੇ ਸਰਬਜੋਤ ਸਿੰਘ ਸਵੱਦੀ ਤੇ ਝੂਠ ਦੇ ਸਹਾਰੇ ਆਰਜ਼ੀ ਤੌਰ ਤੇ ਰਿਸਟ੍ਰੇਨਿੰਗ ਆਡਰ ਲੈ ਕੇ ਗੁਰਦੁਆਰਾ ਸਾਹਿਬ ਵਿੱਚ ਆਉਣ 'ਤੇ ਪਾਬੰਦੀ ਲਾ ਦਿੱਤੀ ਹੈ। ਲੰਘੇ ਐਤਵਾਰ ਸਾਧ ਸੰਗਤ ਸਲੇਟ ਦੇ ਉਮੀਦਵਾਰਾਂ ਅਤੇ ਹਮਾਇਤੀਆਂ ਦੀ ਇਸੇ ਸਬੰਧੀ ਇੱਕ ਵਿਸ਼ੇਸ਼ ਮੀਟਿੰਗ ਹੋਈ ਜਿਸ ਵਿੱਚ ਬਾਬ ਢਿੱਲੋਂ ਐਂਡ ਕੰਪਨੀ ਦੇ ਇਸ ਨਾਦਰਸ਼ਾਹੀ ਫ਼ੁਰਮਾਨ ਦੀ ਸਖ਼ਤ ਸ਼ਬਦਾਂ ਵਿੱਚ ਨਿਖੇਧੀ ਕਰਦਿਆਂ ਗੁਰਦੁਆਰਾ ਸਾਹਿਬ ਸੈਨਹੋਜੇ ਦੇ ਇਤਿਹਾਸ ਵਿੱਚ ਇਸ ਦਿਨ ਨੂੰ ਕਾਲਾ ਦਿਨ ਕਰਾਰ ਦਿੱਤਾ ਅਤੇ ਵਿਰੋਧੀ ਧਿਰ ਦੀ ਅਵਾਜ ਨੂੰ ਬੰਦ ਕਰਨ ਦਾ ਮਨਸੂਬਾ ਦੱਸਿਆ। ਜ਼ਿਕਰਯੋਗ ਹੈ ਬਾਬ ਢਿੱਲੋਂ ਗੁਰੂ ਕੀ ਗੋਲਕ ਦੀ ਦੁਰਵਰਤੋਂ ਕਰਕੇ ਅਤੇ ਪੈਸੇ ਦੇ ਜ਼ੋਰ 'ਤੇ ਵਿਰੋਧੀ ਧਿਰ ਨੂੰ ਦਬਾਉਣਾ ਚਾਹੁੰਦਾ ਹੈ ਕਿਉਂਕਿ ਵਿਰੋਧੀ ਧਿਰ ਦੇ ਸਾਰੇ ਮੈਂਬਰ ਕਿਰਤ ਕਮਾਈਆਂ ਕਰਕੇ ਆਪਣੀ ਜੇਬ ਵਿੱਚੋਂ ਪੈਸਾ ਖਰਚ ਕਰ ਰਹੇ ਹਨ। ਪਹਿਲਾਂ ਵੀ ਬਾਬ ਢਿੱਲੋਂ ਨੇ ਸਮੇਂ ਸਮੇਂ ਤੇ ਆਪਣੇ ਵਿਰੋਧੀਆਂ ਨੂੰ ਅਦਾਲਤਾਂ ਵਿੱਚ ਉਲਝਾ ਕੇ ਗੁਰਦੁਆਰਾ ਸਾਹਿਬ 'ਤੇ ਆਪਣਾ ਕਬਜਾ ਬਰਕਰਾਰ ਰੱਖਿਆ ਹੋਇਆ ਹੈ। ਮੀਟਿੰਗ ਵਿੱਚ ਪਹੁੰਚੇ ਸਮੂਹ ਪਤਵੰਤੇ ਸੱਜਣਾਂ ਨੇ ਸਮੂਹ ਸੰਗਤ, ਧਾਰਮਿਕ, ਰਾਜਨੀਤਕ ਅਤੇ ਸਮਾਜਿਕ ਜੱਥੇਬੰਦੀਆਂ ਨੂੰ ਅਪੀਲ ਕਰਦਿਆਂ ਕਿਹਾ ਕਿ ਬਾਬ ਢਿੱਲੋਂ ਐਂਡ ਕੰਪਨੀ ਦੇ ਖਿਲਾਫ ਅਵਾਜ ਬੁਲੰਦ ਕਰਨੀ ਚਾਹੀਦੀ ਹੈ ਤਾਂ ਕਿ ਅੱਗੇ ਵਾਸਤੇ ਅਜਿਹਾ ਕਾਰਾ ਨਾ ਕਰੇ । ਮੀਟਿੰਗ ਵਿੱਚ ਇੱਕਮੁੱਠ ਹੋ ਕੇ ਫੈਸਲਾ ਕੀਤਾ ਗਿਆ ਕਿ ਬਾਬ ਢਿੱਲੋਂ ਐਂਡ ਕੰਪਨੀ ਖਿਲਾਫ ਕਨੂੰਨੀ ਲੜਾਈ ਜਾਰੀ ਰਹੇਗੀ ।




## ਕੈਲੀਫੋਰਨੀਆ 'ਚ ਰਹਿੰਦੇ 25 ਸਾਲਾ ਨੌਜਵਾਨ ਦੀ ਕਿਡਨੀ ਦੀ ਮਦਦ ਲਈ ਗੁਹਾਰ

**ਨਿਊਯਾਰਕ/ਰਾਜ ਗੋਗਨਾ :** ਕੈਨੇਡਾ 'ਚ ਵੱਸਦੇ ਪੰਜਾਬੀ ਗਾਇਕ ਹਰਪ੍ਰੀਤ ਰੰਧਾਵਾ ਨੇ ਜਾਣਕਾਰੀ ਸਾਂਝੀ ਕਰਦਿਆਂ ਦੱਸਿਆ ਕਿ ਉਨ੍ਹਾਂ ਦਾ ਭਤੀਜਾ ਕਬੀਰਪਾਲ ਸਿੰਘ ਰੰਧਾਵਾ ਉਮਰ 25 ਸਾਲ ਜਿਸ ਦਾ ਪੰਜਾਬ ਤੋਂ ਪਿਛੋਕੜ



ਪਿੰਡ ਲੱਖਣ ਕਲਾਂ ਜ਼ਿਲਾ ਕਪੂਰਥਲਾ ਹੈ ਜੋ ਦੋ ਕੁ ਸਾਲ ਪਹਿਲਾਂ ਕੈਲੀਫੋਰਨੀਆ ਅਮਰੀਕਾ ਵਿੱਚ ਆਇਆ ਸੀ ਅਤੇ ਚਾਰ ਮਹੀਨੇ ਬਾਅਦ ਡਾਕਟਰੀ ਚੈਕਅੱਪ ਕਰਨ ਤੋਂ ਬਾਅਦ ਉਸ ਨੂੰ ਪਤਾ ਲੱਗਾ ਕਿ ਉਸ ਦੀਆਂ ਦੋਨੋਂ ਕਿਡਨੀਆਂ ਫੇਲ੍ਹ ਹੋ ਚੁੱਕੀਆਂ ਹਨ ਅਤੇ ਹੁਣ ਉਸ ਦਾ ਡਾਇਲਸ ਹੁੰਦਾ ਹੈ ਅਤੇ ਕਬੀਰ ਸਿੰਘ ਰੰਧਾਵਾ ਗੁਰਦੇ ਦੀ ਦੁਰਲੱਭ ਬਿਮਾਰੀ ਨਾਲ ਲੜ ਰਿਹਾ ਹੈ ਅਤੇ ਉਸ ਨੂੰ ਸਖ਼ਤ ਮਦਦ ਦੀ ਜ਼ਰੂਰਤ ਹੈ। ਡਾਕਟਰਾਂ ਦੇ ਕਹਿਣ ਮੁਤਾਬਕ ਉਸ ਦੇ ਖ਼ੂਨ ਦੀਆਂ ਕਿਸਮਾਂ O ਅਤੇ B ਹਨ। ਪੀੜਤ ਕਬੀਰਪਾਲ ਸਿੰਘ ਦੇ ਚਾਚੇ ਹਰਪ੍ਰੀਤ ਰੰਧਾਵਾ ਦਾ ਇਹ ਵੀ ਕਹਿਣਾ ਹੈ ਕਿ ਜੇਕਰ ਕੋਈ ਲੋੜਵੰਦ ਪੈਸੇ ਲੈ ਕੇ ਵੀ ਦੇਣਾ ਚਾਹੁੰਦਾ ਹੋਵੇ ਜਾਂ ਕੋਈ ਦਾਨ ਕਰਨਾ ਚਾਹੁੰਦਾ ਹੋਵੇ ਉਹ ਉਸ ਨਾਲ ਫ਼ੋਨ ਨੰ: 916-734-2111 ਅਤੇ ਉਨ੍ਹਾਂ ਦੇ ਕੈਨੇਡਾ ਦੇ ਫ਼ੋਨ ਨੰ: 647-771-1890 ਤੇ ਸੰਪਰਕ ਕਰ ਸਕਦਾ ਹੈ।ਉਸ ਨੂੰ ਜਲਦੀ ਤੋਂ ਜਲਦੀ ਕਿਡਨੀ ਦੀ ਲੋੜ ਹੈ ਸੋ ਕਿਰਪਾ ਕਰਕੇ ਜ਼ਰੂਰ ਮਦਦ ਕੀਤੀ ਜਾਵੇ।

# ਸਕਾਟਲੈਂਡ ਕਿਤਾਬ ਹਫ਼ਤੇ ਮੌਕੇ ਪੰਜਾਬੀ ਸਾਹਿਤ ਸਭਾ ਨੇ ਪਾਇਆ ਯੋਗਦਾਨ

**ਗਲਾਸਗੋ/ਮਨਦੀਪ ਖੁਰਮੀ ਹਿੰਮਤਪੁਰਾ:** ਸਕਾਟਲੈਂਡ ਦੇ ਸਾਲਾਨਾ ਕਿਤਾਬਾਂ ਦੇ ਮੇਲੇ ਵਜੋਂ ਜਾਣਿਆ ਜਾਂਦਾ 'ਸਕਾਟਲੈਂਡ ਕਿਤਾਬ ਹਫ਼ਤਾ' ਹਰ ਉਮਰ ਵਰਗ ਦੇ ਲੇਖਕਾਂ, ਪਾਠਕਾਂ ਵੱਲੋਂ ਉਤਸ਼ਾਹ ਨਾਲ ਮਨਾਇਆ ਜਾਂਦਾ ਹੈ। ਇਸ ਹਫ਼ਤੇ ਜਿੱਥੇ ਪਾਠਕ ਵੱਖ ਵੱਖ ਅਦਾਰਿਆਂ ਦੇ ਮੰਚ ਰਾਹੀਂ ਇਕੱਠੇ ਹੋ ਕੇ ਕਿਤਾਬਾਂ ਦਾ ਆਦਾਨ ਪ੍ਰਦਾਨ ਕਰਦੇ ਹਨ, ਉੱਥੇ ਸਕਾਟਿਸ਼ ਬੁੱਕ ਟਰੱਸਟ ਵੱਲੋਂ ਹਰ ਸਾਲ ਆਮ ਲੋਕਾਂ ਦੀਆਂ ਚੁਣਵੀਆਂ ਰਚਨਾਵਾਂ ਨੂੰ ਕਿਤਾਬੀ ਰੂਪ ਦੇ ਕੇ ਮੁਫ਼ਤ ਵੰਡਿਆ ਵੀ ਜਾਂਦਾ ਹੈ। ਇਸ ਹਫ਼ਤੇ ਨੂੰ ਸਿਰਫ ਅੰਗਰੇਜੀ ਕਿਤਾਬਾਂ ਅਤੇ ਅੰਗਰੇਜ਼ ਪਾਠਕਾਂ ਤੱਕ ਹੀ ਸੀਮਿਤ ਨਾ ਰੱਖਦਿਆਂ ਪੰਜਾਬੀ ਸਾਹਿਤ ਸਭਾ ਗਲਾਸਗੋ ਪਿਛਲੇ ਲੰਮੇ ਸਮੇਂ ਤੋਂ ਸਮੂਲੀਅਤ ਕਰਦੀ ਆ ਰਹੀ ਹੈ। ਸੰਸਥਾ ਦੇ ਪ੍ਰਧਾਨ ਦਿਲਾਵਰ ਸਿੰਘ (ਐੱਮ ਬੀ ਈ), ਸਕੱਤਰ ਦਲਜੀਤ ਸਿੰਘ ਦਿਲਬਰ, ਦਿਲਬਾਗ ਸਿੰਘ ਸੰਧੂ, ਤਰਲੋਚਨ ਮੁਠੱਡਾ, ਹਰਜੀਤ ਦੁਸਾਂਝ, ਅਮਨਦੀਪ ਸਿੰਘ ਅਮਨ, ਸੁਖਰਾਜ ਢਿੱਲੋਂ, ਅਮਿਤ ਮੁਠੱਡਾ ਆਦਿ ਵੱਲੋਂ ਸ੍ਰੀ ਗੁਰੂ ਗਰੰਥ ਸਾਹਿਬ ਗੁਰਦੁਆਰਾ



ਵਿਖੇ ਸਟਾਲ ਲਗਾ ਕੇ ਸੰਗਤਾਂ ਲਈ ਕਿਤਾਬਾਂ ਦੀ ਨੁਮਾਇਸ਼ ਲਗਾਈ ਗਈ। ਇਸ ਨੁਮਾਇਸ਼ ਨੂੰ ਸੰਗਤਾਂ ਵੱਲੋਂ ਵੀ ਭਰਪੂਰ ਹੁੰਗਾਰਾ ਮਿਲਿਆ। ਇਸ ਸਮੇਂ ਵਿਸ਼ੇਸ਼ ਤੌਰ ਤੇ ਹਾਜ਼ਰ ਪ੍ਰੋ: ਗੁਰਭਜਨ ਸਿੰਘ ਗਿੱਲ ਨੇ ਇਸ ਉੱਦਮ ਦੀ ਪ੍ਰਸੰਸਾ ਕਰਦਿਆਂ ਕਿਹਾ ਕਿ ਕਿਤਾਬਾਂ ਕਿਸੇ ਵੀ ਬੰਦਿਸ਼ ਵਿੱਚ ਬੰਨ੍ਹੀਆਂ ਨਹੀਂ ਹੁੰਦੀਆਂ। ਗਿਆਨ ਦੀ ਧਾਰਾ ਆਪਣਾ ਮੁਹਾਣ ਆਪ ਬਣਾ ਲੈਂਦੀ ਹੈ। ਉਹਨਾਂ ਇਸ ਨਿਵੇਕਲੇ ਉੱਦਮ ਲਈ ਸਭਾ ਦੇ ਸਮੂਹ ਪਰਿਵਾਰ ਨੂੰ ਹਾਰਦਿਕ ਵਧਾਈ ਪੇਸ਼ ਕੀਤੀ।

# ਵਿਪਸਾ ਵਲੋਂ ਸਾਹਿਤਕ ਤੇ ਸੰਗੀਤਕ ਮਿਲਣੀ ਦੌਰਾਨ ਵੱਖ ਵੱਖ ਸ਼ਖਸ਼ੀਅਤਾਂ ਦਾ ਸਨਮਾਨ

**ਸੈਕਰਾਮੈਂਟੋ/ ਹੁਸਨ ਲੜੋਆ ਬੰਗਾ :**

ਬੀਤੇ ਐਤਵਾਰ, ਵਿਪਸਾ ਇੰਕ ਦੀ ਮਹੀਨੇਵਾਰ ਸਾਹਿਤਕ ਬੈਠਕ, ਮੌਨਟੇਨ ਮਾਇਕ ਪੀਜ਼ਾ ਰੈਸਟੋਰੈਂਟ, ਹਰਕੁਲੀਜ਼ ਕੈਲੀਫੋਰਨੀਆ ਵਿਖੇ ਹੋਈ। ਵਾਰਸ਼ਿਕ ਗਲੋਬਲ ਵਿਪਸਾ ਕਾਨਫਰੰਸ ਸੰਬੰਧਿਤ ਏਜੰਡੇ ਅਨੁਸਾਰ, ਤਿੱਖੇ ਵਾਰਤਾਲਾਪ ਵਿਚ ਨੇਪਰੇ ਚੜ੍ਹੀ ਮੁੱਖ ਤੌਰ ਤੇ ਇਸ ਵਿਸ਼ੇ ਬਾਰੇ ਜਿੱਥੇ ਇਹ ਚਰਚਾ ਹੋਈ ਕਿ ਇਸ ਵਿਚ ਹੋਏ ਪੰਜ ਸੈਸ਼ਨਾਂ ਨੂੰ ਵੱਖ ਵੱਖ ਸੰਚਾਲਕਾਂ ਰਾਹੀਂ ਤੋੜ ਚਾੜ੍ਹਨ ਪ੍ਰਤੀ ਪਰਬੰਧਕਾਂ ਵਲੋਂ ਅਣਗਹਿਲੀ ਹੋਈ ਹੈ ਉੱਥੇ ਹੀ ਲਾਜ ਨੀਲਮ ਸੈਣੀ ਦੁਆਰਾ ਸਮੁੱਚੇ ਸੰਚਾਲਨ ਨੂੰ ਤੋੜ ਤੀਕ ਨੇਪਰੇ ਚਾੜ੍ਹਨ ਦੀ ਪ੍ਰਤਿਭਾ ਅਤੇ ਸ਼ਮਤਾ ਦੀ ਵੀ ਪੁਰਜ਼ੋਰ ਸ਼ਲਾਘਾ ਕੀਤੀ ਗਈ। ਇਸ ਕਾਨਫਰੰਸ ਨੂੰ ਇਸ ਖੇਤਰ ਵਿਚ ਪਿਛਲੇ ਨੌਂ ਸਾਲਾਂ ਮਗਰੋਂ ਇਕ ਸਫਲ, ਬਾਮਕਸਦ, ਪ੍ਰਯੋਗਜਨਕ ਅਤੇ ਲੋਕਪ੍ਰੀਆ ਬਣਾਉਣ ਲਈ ਇਸ ਦੇ ਸੰਚਾਲਕਾਂ ਨੂੰ ਮੁਬਾਰਕਬਾਦ ਦਿੱਤੀ ਗਈ। ਇਸ ਕਾਨਫਰੰਸ ਵਿਚ ਸ਼ਾਮਲ ਹੋਏ ਸਾਹਿਤਕਾਰਾਂ, ਬੁਧੀਜੀਵੀਆਂ, ਸਾਹਿਤ ਰਸੀਆਂ, ਪੰਜਾਬੀ ਭਾਸ਼ਾ, ਸਾਹਿਤ ਅਤੇ ਪੰਜਾਬੀ ਸੰਗੀਤ ਦੇ



ਸ਼ੈਦਾਈਆਂ ਦਾ ਧੰਨਵਾਦ ਕੀਤਾ ਗਿਆ। ਗੁਰੂ ਨਾਨਕ ਦੇਵ ਜੀ ਦੇ 550ਵੇਂ ਸ਼ੁਭ ਆਗਮਨ ਨੂੰ ਸਮਰਪਿਤ ਹੋਇਆ ਪਹਿਲਾ ਸੈਸ਼ਨ ਹਾਸਿਲ-ਏ-ਕਾਨਫਰੰਸ ਸੀ। ਅਕੈਡਮੀ ਵਲੋਂ ਪ੍ਰਕਾਸ਼ਿਤ ਪੁਸਤਕ, 'ਅਮਰੀਕੀ ਪੰਜਾਬੀ ਕਵਿਤਾ-ਭਾਗ ਦੂਜਾ' ਇਕ ਪ੍ਰਾਪਤੀ ਸਿੱਧ ਹੋਈ ਜਿਸ ਵਿਚ ਅਮਰੀਕਾ ਦੇ 59 ਪ੍ਰਤੀਨਿਧ ਕਵੀਜਨ ਆਪੋ ਆਪਣੇ ਕਲਾਮ ਨਾਲ ਸੁਰਜੀਤ ਹਨ। ਬੈਠਕ ਵਿਚ ਉਹਨਾਂ ਚੇਤੰਨ ਸ਼ਖ਼ਸੀਅਤਾਂ ਦਾ ਧੰਨਵਾਦ ਕੀਤਾ ਗਿਆ ਜਿੰਨ੍ਹਾਂ ਨੇ ਪੰਜਾਬੀ ਭਾਸ਼ਾ, ਸਾਹਿਤ ਅਤੇ ਸਭਿਆਚਾਰ ਨੂੰ ਇਸ ਦੁਨੀਆਂ ਵਿਚ ਪ੍ਰਫੁੱਲਤ ਰੱਖਣ ਹਿਤ ਫੰਡਰੇਜ਼ਿੰਗ ਦੌਰਾਨ, ਵਿਸ਼ਵ ਪੰਜਾਬੀ ਸਾਹਿਤ ਅਕੈਡਮੀ ਦੀ ਮਾਲੀ ਸਹਾਇਤਾ ਨਾਲ ਹੌਸਲਾ ਅਫ਼ਜ਼ਾਈ ਕੀਤੀ ਜਿੰਨ੍ਹਾਂ ਵਿਚ ਵਿਸ਼ੇਸ਼ ਤੌਰ ਤੇ ਸੁਰਿੰਦਰ ਧਨੋਆ, ਗੁਰਦੀਪ ਸਿੰਘ ਸੇਖੋਂ, ਲਾਲੀ ਧਨੋਆ, ਡਾ. ਬਲਵਿੰਦਰ ਸਿੰਘ , ਡਾ.ਅਜੀਤਪਾਲ ਸੰਧੂ, ਹੋਠੀ ਫਰਾਈਟਸ, ਹਰਿੰਦਰਜੀਤ ਸਿੰਘ ਆਹਲੂਵਾਲੀਆ, ਮਹਿੰਗਾ ਸਿੰਘ ਅਤੇ ਬਲਜਿੰਦਰ ਸਿੰਘ ਸ਼ਾਮਿਲ ਹਨ। ਬੈਠਕ ਦੇ ਸਾਹਿਤਕ ਸੈਸ਼ਨ ਵਿਚ ਚਰਨਜੀਤ ਸਿੰਘ ਪੰਨੂ ਨੇ ਦੋ ਵਿਅੰਗਆਤਮਿਕ ਕਵਿਤਾਵਾਂ ਦਾ ਪਾਠ ਕੀਤਾ। ਗੁਰਦੇਵ ਸਿੰਘ ਘਣਗਸ ਜੀ ਨੇ ਤਨਜ਼ੀਆ ਸ਼ੈਲੀ ਵਿਚ ਇਕ ਮੁੱਲਵਾਨ ਰਚਨਾ ਕਹੀ ਜਿਸ ਦਾ ਮਤਲਾ , 'ਗੁੰਮ ਨੇ ਗੁੰਮ ਨੇ ਗੁੰਮ ਨੇ ਸਜਣੋਂ ਮੇਰੀਆਂ ਕੁਝ ਕਵਿਤਾਵਾਂ / ਲੋਕਾਂ ਤੀਕ ਨਾ ਪੁੰਹਚਣ ਦੇਵਣ, ਸਾਡੀਆਂ ਸਹਿਤ ਸਭਾਵਾਂ' । ਮਹਿੰਦਰ ਸਿੰਘ ਸੰਘੇੜਾ ਜੀ ਨੇ ਵੀ ਆਪਣੀ ਰਚਨਾ ਦਾ ਮੁੱਲ ਪਵਾਇਆ। ਕਮਲਪਾਲ ਦੇਵ ਨੇ ਭਾਰਤੀ-ਸੰਸਕ੍ਰਿਤੀ ਉੱਪਰ ਆਪਣੀ ਸੱਜਰੀ ਸੋਚ ਦਾ ਪ੍ਰਗਟਾਅ ਕੀਤਾ। ਤਾਰਾ ਸਾਗਰ ਨੇ ਦੋ ਕਵਿਤਾਵਾਂ ਸੁਣਾਈਆਂ ਅਤੇ ਅਮਰਜੀਤ ਪੰਨੂ ਨੇ ਇਕ ਅਰਸਾ ਪਹਿਲੇ ਲਿਖੀ ਕਵਿਤਾ, 'ਰੂਹ ਦੀ ਆਵਾਜ਼' ਨਾਲ ਹਾਜ਼ਰੀ ਭਰੀ ।ਲਾਜ ਨੀਲਮ ਸੈਣੀ ਨੇ ਆਪਣੀ ਸੱਜਰੀ ਕਾਵਿ ਪੁਸਤਕ, 'ਅਕਸ' ਚੋਂ ਦੋ ਮਨਭਾਂਉਦੀਆਂ ਕਵਿਤਾਵਾਂ ਦਾ ਪਾਠ ਕੀਤਾ। ਕੁਲਵਿੰਦਰ ਨੇ ਕੁਝ ਸੱਜਰੇ ਸ਼ਿਅਰਾਂ ਨਾਲ ਸਮਾਂ ਬੰਨਿਆ ਅਤੇ ਹਰਭਜਨ ਢਿੱਲੋਂ ਨੇ ਵੀ ਆਪਣੀ ਸੱਜਰੀ ਕਾਵਿ ਪੁਸਤਕ, 'ਸੁਲਘਦੀ ਅੱਗ' ਵਿਚੋਂ ਇਕ ਗ਼ਜ਼ਲ ਰਾਹੀਂ ਸ਼ਰਸ਼ਾਰ ਕੀਤਾ। ਇਸ ਮਹੀਨੇਵਾਰ ਬੈਠਕ ਦੀ ਸੰਚਾਲਨਾ ਜਿੱਥੇ ਲਾਜ ਨੀਲਮ ਸੈਣੀ ਨੇ ਪੂਰੇ ਜਲ-ਓ-ਜਲਾਲ ਨਾਲ ਕੀਤੀ।

## ਸੈਨਬਰਨਾਰਡੀਨੋ 'ਚ ਭਾਰਤੀ ਨੌਜਵਾਨ ਦੀ ਗੋਲੀ ਮਾਰ ਕੇ ਹੱਤਿਆ

**ਨਿਊਯਾਰਕ/ਰਾਜ ਗੋਗਨਾ :** ਅਮਰੀਕਾ ਦੇ ਸੂਬੇ ਕੈਲੀਫੋਰਨੀਆ ਦੇ ਸ਼ਹਿਰ ਸੈਨਬਰਨਾਰਡੀਨੋ 'ਚ ਭਾਰਤੀ ਮੂਲ ਦੇ 25 ਸਾਲਾ ਅਭਿਸ਼ੇਕ ਭੱਟ ਨਾਂ ਦੇ ਨੌਜਵਾਨ ਦੀ ਕਿਸੇ ਅਣਪਛਾਤੇ



ਵਿਅਕਤੀ ਨੇ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ ਜਿਸ ਦਾ ਭਾਰਤ ਤੋਂ ਪਿਛੋਕੜ ਮੈਸੂਰ ਦੱਸਿਆ ਜਾਂਦਾ ਹੈ। ਮ੍ਰਿਤਕ ਨੌਜਵਾਨ ਕੈਲੀਫੋਰਨੀਆ ਦੀ ਸੈਨਬਰਨਾਰਡੀਨੋ ਸਟੇਟ ਯੂਨੀਵਰਸਿਟੀ 'ਚ ਕੰਪਿਊਟਰ ਸਾਇੰਸ ਦੀ ਪੜਾਈ ਕਰਦਾ ਸੀ ਅਤੇ ਪਾਰਟ ਟਾਇਮ ਉਹ ਸੈਨਬਰਨਾਰਡੀਨੋ ਦੇ ਇਕ ਮੋਟਲ 'ਚ ਕੰਮ ਕਰਦਾ ਸੀ। ਜਦੋਂ ਰਾਤ ਨੂੰ ਉਹ ਘਰ ਨੂੰ ਜਾ ਰਿਹਾ ਸੀ ਕਿਸੇ ਅਣਪਛਾਤੇ ਵਿਅਕਤੀ ਨੇ ਉਸ ਨੂੰ ਗੋਲੀ ਮਾਰ ਦਿੱਤੀ ਜਿਸ ਦੀ ਮੌਕੇ 'ਤੇ ਹੀ ਮੌਤ ਹੋ ਗਈ। ਮੋਟਲ ਦੇ ਬਾਹਰ ਲੱਗੇ ਸੀ.ਸੀ.ਟੀ.ਵੀ ਕੈਮਰਿਆਂ 'ਚ ਹਮਲਾਵਰ ਦੀ ਤਸਵੀਰ ਕੈਦ ਹੋ ਗਈ ਹੈ। ਸਥਾਨਕ ਪੁਲਿਸ ਹਮਲਾਵਰ ਦੀ ਭਾਲ 'ਚ ਜੁਟੀ ਹੋਈ ਹੈ।

# ਕਮਲ ਦੇਵ ਪਾਲ ਦੀ ਪੁਸਤਕ 'ਦਿਨ ਪਰਤ ਆਉਣਗੇ' ਦਾ ਅੰਗਰੇਜ਼ੀ ਅਨੁਵਾਦ ਲੋਕ ਅਰਪਣ

**ਯੂਬਾ ਸਿਟੀ/ਏ.ਟੀ. ਨਿਊਜ਼ :** ਪੰਜਾਬੀ ਸਾਹਿਤ ਸਭਾ ਯੂਬਾ ਸਿਟੀ ਅਤੇ ਅੰਤਰਰਾਸ਼ਟਰੀ ਗਰੁਪ ਸਾਂਝਾਂ ਪਿਆਰ ਦੀਆਂ ਨੇ ਬੀਤੇ ਐਤਵਾਰ 1 ਦਸੰਬਰ ਨੂੰ ਕਮਲ ਦੇਵ ਪਾਲ ਦੀ ਦਿਨ ਪਰਤ ਆਉਣਗੇ ਪੁਸਤਕ ਦਾ ਅੰਗਰੇਜ਼ੀ ਅਨੁਵਾਦ 'DAYS WILL COME BACK' ਨੂੰ ਲੋਕ ਅਰਪਣ ਕੀਤਾ ਗਿਆ। ਇਸ ਪੁਸਤਕ ਨੂੰ ਪਿਆਰਾ ਸਿੰਘ ਗੋਸਲ, ਸਰਦਾਰ ਜਸਪਾਲ ਸੂਸ ਅਤੇ ਹਰਬੰਸ ਸਿੰਘ ਜਗਿਆਸੂ ਨੇ ਆਪਣੇ ਕਰ ਕਮਲਾਂ ਨਾਲ ਰਲੀਜ ਕੀਤਾ। ਇਸ ਤੋਂ ਬਾਅਦ ਪੰਜਾਬੀ ਗ਼ਜ਼ਲ ਦੇ ਉਸਤਾਦ ਸ਼ਾਇਰ ਕਮਲ ਦੇਵ ਪਾਲ ਦਾ ਸਨਮਾਨ ਅੰਤਰਰਾਸ਼ਟਰੀ ਗਰੁਪ ਸਾਂਝਾਂ ਪਿਆਰ ਦੀਆਂ ਨੇ ਬਹੁਤ ਹੀ ਚਰਚਿਤ ਪੁਸਤਕ DAYS WILL COME BACK ਵਾਸਤੇ ਕੀਤਾ, ਨਾਲ ਹੀ ਪੰਜਾਬੀ ਸਾਹਿਤ





ਸਭਾ ਯੂਬਾ ਸਿਟੀ ਵੱਲੋਂ ਵੀ ਪੰਜਾਬੀ ਸਾਹਿਤ ਅਤੇ ਸਭਿਆਚਾਰ ਦੀ ਸੇਵਾ ਵਾਸਤੇ ਕਮਲ ਦੇਵ ਪਾਲ ਦਾ ਸਨਮਾਨ ਕੀਤਾ। ਇਸ ਉਪਰੰਤ ਪੰਜਾਬੀ ਭਾਈਚਾਰੇ ਦੀਆਂ ਉੱਘੀਆਂ ਹਸਤੀਆਂ ਹਰਭਜਨ ਸਿੰਘ ਗਿੱਲ ਅਤੇ ਰਣਜੀਤ ਸਿੰਘ ਜੋਹਲ ਦਾ ਵੀ ਸਨਮਾਨ ਕੀਤਾ ਗਿਆ। ਇਨ੍ਹਾਂ ਦੋਹਾਂ ਨੇ ਹਜ਼ਾਰਾਂ ਦੀ ਗਿਣਤੀ ਵਿੱਚ ਨੌਜਵਾਨ: ਨੂੰ ਖੇਡਾਂ ਨਾਲ ਜੋੜਿਆ। ਸਿਰਫ ਪੰਜਾਬੀ ਹੀ ਨਹੀਂ ਇਨ੍ਹਾਂ ਨੇ ਗੋਰਿਆਂ ਅਤੇ ਮੈਕਸੀਕਨ ਮੂਲ ਦੇ ਨੌਜਵਾਨਾਂ ਨੂੰ ਵੀ ਸਾਕਰ (ਫੁੱਟਬਾਲ) ਅਤੇ ਹੋਰ ਖੇਡਾਂ ਦੀ ਸਿਖਲਾਈ ਦਿੱਤੀ। ਇਹ ਦੋਵੇਂ ਰੇਡੀਓ ਅਤੇ ਟੈਲੀਵੀਜ਼ਨ ਉੱਪਰ ਵੀ ਲਗਾਤਾਰ ਆਪਣੇ ਵਿਚਾਰ ਰੱਖ ਰਹੇ ਹਨ।

ਉੱਘੇ ਗੀਤਕਾਰ ਤੇ ਗਾਇਕ ਜੁਗਿੰਦਰ ਪਰਦੇਸੀ ਜੀ, ਜੋ ਕਿ ਅੱਜ-ਕੱਲ ਸਿਹਤ ਖਰਾਬ ਹੋਣ ਕਰਕੇ ਚਲ ਫਿਰ ਨਹੀਂ ਸਕਦੇ, ਦਾ ਉਨ੍ਹਾਂ ਦੇ ਘਰ ਜਾ ਕੇ ਹਰਬੰਸ ਸਿੰਘ ਜਗਿਆਸੂ ਅਤੇ ਸਭਾ ਦੇ ਹੋਰ ਮੈਂਬਰਾਂ ਨੇ ਉਨ੍ਹਾਂ ਦੀਆਂ ਸਾਹਿਤਕ ਤੇ ਸਭਿਆਚਾਰਕ ਗਤੀਵਿਧੀਆਂ ਨੂੰ ਮੱਦੇਨਜ਼ਰ ਰੱਖਦਿਆਂ ਸਨਮਾਨ ਕੀਤਾ। ਇਸ ਤੋਂ ਉਪਰੰਤ ਕਵੀ ਦਰਬਾਰ ਸ਼ੁਰੂ ਹੋਇਆ ਜਿਸ ਦੀ ਸ਼ੁਰੂਆਤ ਸਰਦਾਰ ਜਸਪਾਲ ਸੂਸ ਨੇ ਖ਼ੂਬਸੂਰਤ ਨਜ਼ਮ ਨਾਲ ਕੀਤੀ। ਰਚਨਾਵਾਂ ਦੇ ਦੌਰ ਵਿੱਚ ਅਨੂਪ ਸਿੰਘ ਚੀਮਾ, ਹਰਬੰਸ ਸਿੰਘ ਜਗਿਆਸੂ, ਨਰ ਦਿਆਲ ਸਰਪੰਚ, ਪਿਆਰਾ ਸਿੰਘ ਗੋਸਲ, ਜਗਤਾਰ ਸੰਧੂ, ਜਤਿੰਦਰ ਢਿੱਲੋਂ, ਰਜਿੰਦਰ ਸਹੋਤਾ, ਸੁਖਦੇਵ ਢਿੱਲੋਂ, ਅਮਰਜੀਤ ਔਜਲਾ ਨੇ ਆਪਣੀ ਹਾਜ਼ਰੀ ਲਗਵਾਈ। ਅੰਤ ਵਿੱਚ ਮਹਿਮਾਨ ਸ਼ਾਇਰ ਕਮਲ ਦੇਵ ਪਾਲ ਨੇ ਆਪਣੀਆਂ ਨਜ਼ਮਾਂ ਅਤੇ ਗ਼ਜ਼ਲਾਂ ਨਾਲ ਸਰੋਤਿਆਂ ਦਾ ਦਿਲ ਜਿੱਤ ਲਿਆ। ਸਰੋਤਿਆਂ ਦੀ ਭਰਵੀਂ ਹਾਜ਼ਰੀ ਨੇ ਇਸ ਸਮਾਗਮ ਨੂੰ ਚਾਰ ਚੰਦ ਲਾਏ। ਪ੍ਰਬੰਧਕਾਂ ਨੇ ਇਸ ਤਰ੍ਹਾਂ ਦੇ ਹੋਰ ਵੀ ਸਮਾਗਮ ਆਉਣ ਵਾਲੇ ਸਮੇਂ ਵਿੱਚ ਕਰਵਾਉਣ ਦਾ ਵਾਅਦਾ ਕੀਤਾ। ਮੰਚ ਦਾ ਸੰਚਾਲਨ ਜਸਪਾਲ ਸੂਸ ਨੇ ਬਹੁਤ ਆਲ੍ਹਾ ਤਰੀਕੇ ਨਾਲ ਨਿਭਾਇਆ। ਅਖੀਰ ਵਿੱਚ ਹਰਬੰਸ ਸਿੰਘ ਜਗਿਆਸੂ ਨੇ ਹਾਜ਼ਰ ਲੇਖਕਾਂ ਅਤੇ ਸਰੋਤਿਆਂ ਦਾ ਧੰਨਵਾਦ ਕੀਤਾ ਅਤੇ ਵਾਅਦਾ ਕੀਤਾ ਕਿ ਆਉਣ ਵਾਲੇ ਸਮੇਂ ਵਿੱਚ ਵੀ ਉਹ ਇਹੋ ਜਿਹੇ ਪ੍ਰੋਗਰਾਮ ਆਯੋਜਿਤ ਕਰਦੇ ਰਹਿਣਗੇ।

# 'ਛਣਕਾਟਾ ਵੰਗਾਂ ਦਾ 2020' ਵਿਚ ਹੋਵੇਗਾ ਜਗਦੇਵ ਭੰਡਾਲ, ਨੀਟਾ ਮਾਛੀਕੇ ਤੇ ਕੁਲਵੰਤ ਧਾਲੀਆਂ ਦਾ ਵਿਸ਼ੇਸ਼ ਸਨਮਾਨ

**ਮੈਨੀ ਗਰੇਵਾਲ ਹੋਣਗੇ ਵਿਸ਼ੇਸ਼ ਮਹਿਮਾਨ**

**ਫਰੀਮੌਂਟ/ਏ.ਟੀ. ਨਿਊਜ਼ :** 5 ਜਨਵਰੀ 2020, ਦਿਨ ਐਤਵਾਰ ਨੂੰ ਪੈਰਾਡਾਈਜ਼ ਬਾਲਰੂਮ, ਫਰੀਮਾਂਟ ਕੈਲੀਫੋਰਨੀਆਂ ਵਿਖੇ ਅਮੋਲਕ ਸਿੰਘ ਗਾਖਲ, ਰਾਮ ਮੂਰਤੀ ਸਰੋਏ, ਐੱਸ.ਅਸ਼ੋਕ. ਭੌਰਾ ਤੇ ਇੱਕੀ ਇੰਟਰਨੈਸ਼ਨਲ ਐਂਟਰਟੇਨਮੈਂਟ ਵਲੋਂ ਕਰਵਾਏ ਜਾਣ ਵਾਲੇ ਨਵੇਂ ਵਰ੍ਹੇ ਨੂੰ ਜੀ ਆਇਆਂ ਆਖਦੇ ਪ੍ਰੋਗਰਾਮ 'ਛਣਕਾਟਾ ਵੰਗਾਂ ਦਾ 2020' ਦੌਰਾਨ ਮੀਡੀਏ ਦੇ ਖੇਤਰ









ਵਿਚ ਪੰਜਾਬੀ ਭਾਈਚਾਰੇ ਲਈ ਬਿਹਤਰੀਨ ਸੇਵਾਵਾਂ ਨਿਭਾਉਣ ਵਾਲੇ ਜਗਦੇਵ ਸਿੰਘ ਭੰਡਾਲ, ਗੁਰਿੰਦਰਜੀਤ ਸਿੰਘ ਨੀਟਾ ਮਾਛੀਕੇ ਅਤੇ ਕੁਲਵੰਤ ਉੱਭੀ ਧਾਲੀਆਂ ਦਾ ਵਿਸ਼ੇਸ਼ ਤੌਰ 'ਤੇ ਸਨਮਾਨ ਕੀਤਾ ਜਾਵੇਗਾ। ਪ੍ਰੋਗਰਾਮ ਦੇ ਮੁੱਖ ਅਯੋਜਕ ਐੱਸ.ਅਸ਼ੋਕ ਭੌਰਾ ਨੇ ਕਿਹਾ ਕਿ ਇਸੇ ਪ੍ਰੋਗਰਾਮ ਦਾ ਇਹ ਵੀ ਮਾਣ ਹੋਵੇਗਾ ਸੈਨੇਟ ਡਿਸਟ੍ਰਿਕ 5 ਤੋਂ ਉਮੀਦਵਾਰ ਤੇ ਕੈਲੀਫੋਰਨੀਆਂ 'ਚ ਪੰਜਾਬੀ ਭਾਈਚਾਰੇ ਦਾ ਮਾਣ ਮੈਨੀ ਗਰੇਵਾਲ ਇਸ ਪ੍ਰੋਗਰਾਮ ਦੇ ਮੁੱਖ ਮਹਿਮਾਨ ਹੋਣਗੇ। ਸਵੇਰੇ 11 ਵਜੇ ਤੋਂ ਦੇਰ ਸ਼ਾਮ ਤੱਕ ਚੱਲਣ ਵਾਲੇ ਇਸ ਸੰਗੀਤਕ ਅਤੇ ਲੋਕ ਨਾਚਾਂ ਦੀ ਪੇਸ਼ਕਾਰੀ ਵਾਲੇ ਪ੍ਰੋਗਰਾਮ ਵਿਚ ਸਭ ਨੂੰ ਸ਼ਾਮਿਲ ਹੋਣ ਦਾ ਨਿੱਘਾ ਸੱਦਾ ਦਿੰਦਿਆਂ ਸ. ਅਮੋਲਕ ਸਿੰਘ ਗਾਖਲ ਨੇ ਕਿਹਾ ਕਿ ਇਹ ਪ੍ਰੋਗਰਾਮ ਪਰਿਵਾਰਾਂ ਲਈ, ਬੱਚਿਆਂ ਲਈ ਆਪਣੀ ਜ਼ੁਬਾਨ, ਸਾਹਿਤ ਅਤੇ ਸੱਭਿਆਚਾਰ ਨਾਲ ਜੁੜਨ ਦਾ ਇਕ ਸਿਹਤਮੰਦ ਮੰਚ ਹੈ। ਵਧੇਰੇ ਜਾਣਕਾਰੀ ਲਈ ਫੋਨ ਨੰਬਰ ਮਨਵੀਰ ਭੌਰਾ 510 695 4836 ਅਤੇ ਅਨਮੋਲ ਭੌਰਾ ਨਾਲ 510 512 3401 'ਤੇ ਕਾਲ ਕੀਤੀ ਜਾ ਸਕਦੀ ਹੈ।

# ਅੰਮ੍ਰਿਤਸਰ-ਕੋਲਕਤਾ ਸਿੱਧੀ ਉਡਾਣ ਸ਼ੁਰੂ

## ਕੋਲਕਤਾ ਦੇ ਸਿੱਖ ਅਤੇ ਪੰਜਾਬੀ ਭਾਈਚਾਰੇ ਵਲੋਂ ਇੰਡੀਗੋ, ਕੇਂਦਰ ਸਰਕਾਰ ਅਤੇ ਫਲਾਈ ਅੰਮ੍ਰਿਤਸਰ ਇਨੀਸ਼ਿਏਟਿਵ ਦਾ ਧੰਨਵਾਦ

**ਅੰਮ੍ਰਿਤਸਰ/ਏ.ਟੀ. ਨਿਊਜ਼ :** ਸ੍ਰੀ ਗੁਰੂ ਰਾਮਦਾਸ ਜੀ ਅੰਤਰਰਾਸ਼ਟਰੀ ਹਵਾਈ ਅੱਡਾ ਅੰਮ੍ਰਿਤਸਰ ਹੁਣ ਕੋਲਕਤਾ ਨਾਲ ਸਿੱਧੇ ਹਵਾਈ ਸੰਪਰਕ ਰਾਹੀਂ ਜੁੜ ਗਿਆ ਹੈ। ਯਾਤਰੀਆਂ ਨੂੰ ਦਿੱਲੀ ਰਾਹੀਂ ਜਾਣ ਦੀ ਲੋੜ ਨਹੀਂ ਪਵੇਗੀ ਅਤੇ ਅੰਮ੍ਰਿਤਸਰ-ਕੋਲਕਤਾ ਦਰਮਿਆਨ ਦੂਰੀ ਹੁਣ ਸਿਰਫ 2 ਘੰਟੇ 40 ਮਿੰਟ ਦੀ ਰਹਿ ਗਈ ਹੈ।

1 ਦਸੰਬਰ ਨੂੰ ਇੰਡੀਗੋ ਵੱਲੋਂ ਸ਼ੁਰੂ ਕੀਤੀ ਗਈ ਇਸ ਉਡਾਣ ਨਾਲ ਕੋਲਕਤਾ ਦੇ ਨੇਤਾ ਜੀ ਸੁਭਾਸ਼ ਚੰਦਰ ਹਵਾਈ ਅੱਡੇ ਰਾਹੀਂ ਹੋਰ ਸ਼ਹਿਰ ਗੁਵਾਹਾਟੀ, ਸਿਲੀਗੁੜੀ, ਅਗਰਤਲਾ, ਭੁਵਨੇਸ਼ਵਰ, ਰਾਂਚੀ, ਬੈਂਕਾਕ ਵੀ ਅੰਮ੍ਰਿਤਸਰ ਨਾਲ ਜੁੜ ਗਏ ਹਨ। ਕੋਲਕਤਾ ਤੋਂ ਰੋਜ਼ਾਨਾ ਸਵੇਰੇ 4:30 ਵਜੇ ਇਹ ਅੰਮ੍ਰਿਤਸਰ ਲਈ ਉਡਾਣ ਭਰੇਗੀ ਅਤੇ ਸਵੇਰ ਦੇ 7:10 ਵਜੇ ਅੰਮ੍ਰਿਤਸਰ ਪਹੁੰਚ ਕੇ ਫਿਰ ਸਵੇਰੇ 10:45 ਤੇ ਕੋਲਕਤਾ ਲਈ ਵਾਪਸ ਰਵਾਨਾ ਹੋਵੇਗੀ।



ਫਲਾਈ ਅੰਮ੍ਰਿਤਸਰ ਇਨੀਸ਼ਿਏਟਿਵ (ਉਪਰਾਲੇ) ਦੇ ਭਾਰਤ ਦੇ ਕਨਵੀਨਰ ਅਤੇ ਸਮਾਜ ਸੇਵੀ ਸੰਸਥਾ ਅੰਮ੍ਰਿਤਸਰ ਵਿਕਾਸ ਮੰਚ ਦੇ ਸਕੱਤਰ ਯੋਗੇਸ਼ ਕਾਮਰਾ, ਮੈਂਬਰ ਦਲਜੀਤ ਸਿੰਘ ਸੈਣੀ ਪਹਿਲੀ ਉਡਾਣ ਤੇ ਅੰਮ੍ਰਿਤਸਰ ਤੋਂ ਕੋਲਕਤਾ ਪਹੁੰਚੇ। ਕੋਲਕਤਾ ਦੇ ਸਿੱਖ ਅਤੇ ਪੰਜਾਬੀ ਭਾਈਚਾਰੇ ਵੱਲੋਂ ਹਵਾਈ ਅੱਡੇ ਤੇ ਉਹਨਾਂ ਦਾ ਫੁੱਲਾਂ ਦੇ ਬੁੱਕੇ ਭੇਟ ਕਰਕੇ ਸ਼ਾਨਦਾਰ ਸਵਾਗਤ ਕੀਤਾ ਗਿਆ। ਯੋਗੇਸ਼ ਕਾਮਰਾ ਨੇ ਸਮੂਹ ਸੰਗਤ ਦਾ ਧੰਨਵਾਦ ਕਰਦਿਆਂ ਕਿਹਾ ਕਿ ਇਸ ਉਡਾਣ ਨਾਲ ਇਨ੍ਹਾਂ ਸ਼ਹਿਰਾਂ ਦੇ ਵਿਚਕਾਰ ਨਾ ਸਿਰਫ ਸੈਲਾਨੀਆਂ ਦੀ ਆਵਾਜਾਈਵਧੇਗੀ, ਸਗੋਂ ਕਾਰੋਬਾਰ ਅਤੇ ਵਪਾਰ ਵਿੱਚ ਵੀ ਵਾਧਾ ਹੋਵੇਗਾ। ਇਸ ਤੋਂ ਇਲਾਵਾ, ਇਨ੍ਹਾਂ ਸ਼ਹਿਰਾਂ ਦੀ ਅੰਤਰਰਾਸ਼ਟਰੀ ਕੁਨੈਕਟੀਵਿਟੀ ਨੂੰ ਵੀ ਹੁਲਾਰਾ ਮਿਲੇਗਾ ਕਿਉਂਕਿ ਕੋਲਕਤਾ ਦੇ ਮੁਸਾਫਰ ਅੰਮ੍ਰਿਤਸਰ ਤੋਂ ਬਰਮਿੰਘਮ, ਲੰਡਨ, ਦੁਬਈ, ਸ਼ਾਰਜਾਹ, ਅਸ਼ਕਾਬਾਦ, ਦੋਹਾ, ਤਾਸ਼ਕੰਦ ਆਦਿ ਲਈ ਕੌਮਾਂਤਰੀ ਉਡਾਣਾਂ ਵੀ ਲੈਸਕਣਗੇ। ਇਸ ਮੌਕੇ ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਧਰਮ ਪ੍ਰਚਾਰ ਕਮੇਟੀ ਦੇ ਮੈਂਬਰ ਜਗਮੋਹਨ ਸਿੰਘ ਨੇ ਕਿਹਾ ਕਿ ਇਸ ਉਡਾਣ ਨਾਲ ਹੁਣ ਸਿਰਫ ਸਿੱਖ ਹੀ ਨਹੀਂ ਬਲਕਿ ਸਮੂਹ ਬੰਗਾਲੀ ਭਾਈਚਾਰਾ ਸਿਰਫ ਢਾਈ ਘੰਟੇ ਵਿੱਚ ਹਰਿਮੰਦਰ ਸਾਹਿਬ ਦਰਸ਼ਨ ਕਰਨ ਲਈ ਪਹੁੰਚ ਸਕੇਗਾ। ਕੋਲਕਤਾ ਨਿਵਾਸੀ ਸਿਮਰਤ ਪਾਲ ਸਿੰਘ ਨੇ ਕੇਂਦਰ ਸਰਕਾਰ ਅਤੇ ਸ਼ਹਿਰੀ ਹਵਾਬਾਜੀ ਮੰਤਰਾਲੇ ਦਾ ਧੰਨਵਾਦ ਕੀਤਾ। ਉਹਨਾਂ ਕਿਹਾ ਕਿ ਇਹ ਫਲਾਈ ਅੰਮ੍ਰਿਤਸਰ ਮੁਹਿੰਮ ਦਾ ਉਪਰਾਲਾ ਹੈ ਜਿਸ ਕਰਕੇ ਕੋਲਕਾਤਾ-ਅੰਮ੍ਰਿਤਸਰ ਦੀ ਸਿੱਧੀ ਫਲਾਈਟ ਸ਼ੁਰੂ ਹੋ ਸਕੀ ਹੈ। ਇਸ ਪਹਿਲੀ ਉਡਾਣ ਤੇ ਪੰਜਾਬ ਦੇ ਸਾਬਕਾ ਕੈਬਨਿਟ ਮੰਤਰੀ ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਮੁੱਖ ਸਕੱਤਰ ਮਰਹੂਮ ਸ. ਮਨਜੀਤ ਸਿੰਘ ਕਲਕੱਤਾ ਦੀ ਪਤਨੀ ਸੰਤੋਖ ਕੌਰ ਵੀ ਕਲਕੱਤਾ ਪੁੱਜੇ। ਉਪਰੰਤ ਸ੍ਰੀ ਗੁਰੂ ਸਿੰਘ ਸਭਾ ਕੋਲਕਾਤਾ ਵੱਲੋਂ ਗੁਰਦੁਆਰਾ ਜਗਤ ਸੁਧਾਰ ਵਿਖੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਆਯੋਜਿਤ ਗੁਰਮਤਿ ਸਮਾਗਮਾਂ ਵਿੱਚ ਇਸ ਉਡਾਣ ਦੇ ਸ਼ੁਰੂ ਹੋਣ ਤੇ ਪ੍ਰਮਾਤਾ ਦਾ ਸ਼ੁਕਰਾਨਾ ਕੀਤਾ ਗਿਆ। ਇਸ ਮੌਕੇ ਪ੍ਰਬੰਧਕਾਂ ਵੱਲੋਂ ਯੋਗੇਸ਼ ਕਾਮਰਾ ਅਤੇ ਦਲਜੀਤ ਸਿੰਘ ਸੈਣੀ ਦਾ ਇਸ ਉਡਾਣ ਨੂੰ ਸ਼ੁਰੂ ਕਰਾਓਣ ਦੇ ਉਪਰਾਲਿਆਂ ਲਈ ਸ਼ਾਲ ਅਤੇ ਮੋਮਾਂਟੋ ਭੇਟ ਕੀਤਾ ਗਿਆ।

# ਗੁਰੂ ਸਾਹਿਬ ਦੇ ਪਿਆਰੇ ਰਾਇ ਬੁਲਾਰ ਦੇ ਪਰਿਵਾਰ ਨੂੰ ਭਾਰਤ ਸਰਕਾਰ ਨੇ ਵੀਜ਼ਾ ਦੇਣ ਤੋਂ ਨਾਂਹ ਕੀਤੀ



**ਚੰਡੀਗੜ੍ਹ/ਸੁਖਵਿੰਦਰ ਸਿੰਘ :** ਅਕਾਲ ਰੂਪ ਗੁਰੂ ਨਾਨਕ ਪਾਤਸ਼ਾਹ ਦੇ ਪਿਆਰ ਦਾ ਨਿੱਘ ਮਾਣਨ ਵਾਲੇ ਅਤੇ ਗੁਰੂ ਸਾਹਿਬ ਦੇ ਮੁਢਲੇ ਸੇਵਕਾਂ 'ਚੋਂ ਇੱਕ ਰਾਏ ਬੁਲਾਰ ਭੱਟੀ ਦੇ ਪਰਿਵਾਰ ਨੂੰ ਭਾਰਤ ਸਰਕਾਰ ਨੇ ਚੜ੍ਹਦੇ ਪੰਜਾਬ ਆਉਣ ਲਈ ਵੀਜ਼ਾ ਦੇਣ ਤੋਂ ਨਾਂਹ ਕਰ ਦਿੱਤੀ ਹੈ। ਜ਼ਿਕਰਯੋਗ ਹੈ ਕਿ ਰਾਏ ਬੁਲਾਰ ਭੱਟੀ ਨੂੰ ਸਿੱਖ ਇਤਿਹਾਸ ਵਿੱਚ ਰਾਇ ਭੋਇ ਦੇ ਨਾਂ ਨਾਲ ਵੀ ਜਾਣਿਆ ਜਾਂਦਾ ਹੈ। ਰਾਇ ਭੋਇੰ ਤਲਵੰਡੀ ਪਿੰਡ ਦਾ ਮੁਖੀ ਸੀ ਜਿੱਥੇ ਗੁਰੂ ਨਾਨਕ ਪਾਤਸ਼ਾਹ ਨੇ ਪ੍ਰਕਾਸ਼ ਧਾਰਿਆ ਸੀ। ਰਾਏ ਬੁਲਾਰ ਭੱਟੀ ਨਾਲ ਗੁਰੂ ਨਾਨਕ ਸਾਹਿਬ ਦੇ ਪਿਆਰ ਦੀਆਂ ਅਨੇਕਾਂ ਸਾਖੀਆਂ ਸਿੱਖ ਇਤਿਹਾਸ ਦਾ ਹਿੱਸਾ ਹਨ।

ਇਸ ਵਰ੍ਹੇ ਮਨਾਏ ਜਾ ਰਹੇ ਗੁਰੂ ਨਾਨਕ ਪਾਤਸ਼ਾਹ ਦੇ 550 ਸਾਲਾ ਪ੍ਰਕਾਸ਼ ਪੁਰਬ ਨੂੰ ਸਮਰਪਿਤ ਸਮਾਗਮਾਂ ਲਈ ਜਦੋਂ ਸ਼੍ਰੋਮਣੀ ਕਮੇਟੀ ਵੱਲੋਂ ਰਾਏ ਬੁਲਾਰ ਭੱਟੀ ਜੀ ਦੇ ਵੰਸ਼ ਵਿੱਚੋਂ ਰਾਏ ਸਲੀਮ ਭੱਟੀ ਨੂੰ ਸੱਦਾ ਭੇਜਿਆ ਗਿਆ ਤਾਂ ਭਾਰਤ ਸਰਕਾਰ ਨੇ ਉਨ੍ਹਾਂ ਨੂੰ ਵੀਜ਼ਾ ਦੇਣ ਤੋਂ ਇਨਕਾਰ ਕਰ ਦਿੱਤਾ। ਇਸ ਸਬੰਧੀ ਜਾਣਕਾਰੀ ਦਿੰਦਿਆਂ ਰਾਇ ਸਲੀਮ ਭੱਟੀ ਨੇ ਕਿਹਾ ਕਿ ਉਹ ਇਨ੍ਹਾਂ ਸਮਾਗਮਾਂ ਵਿੱਚ ਸ਼ਾਮਿਲ ਹੋਣ ਲਈ ਆਪਣੇ ਪੁੱਤਰ ਅਤੇ ਪਿਤਾ ਸਮੇਤ ਪਹਿਲੀ ਵਾਰ ਚੜ੍ਹਦੇ ਪੰਜਾਬ ਆ ਰਹੇ ਸਨ ਪਰ ਉਨ੍ਹਾਂ ਨੂੰ ਜਾਣਕਾਰੀ ਦਿੱਤੀ ਗਈ ਹੈ ਕਿ ਭਾਰਤ ਸਰਕਾਰ ਨੇ ਵੀਜ਼ਾ ਦੇਣ ਤੋਂ ਨਾਂਹ ਕਰ ਦਿੱਤੀ ਹੈ। ਉਨ੍ਹਾਂ ਕਿਹਾ ਕਿ ਹਾਲਾਂਕਿ ਜਿਨ੍ਹਾਂ ਸਮਾਗਮਾਂ ਲਈ ਉਨ੍ਹਾਂ ਵੀਜ਼ਾ ਮੰਗਿਆ ਸੀ ਉਹ ਸਮਾਗਮ ਲੰਘ ਗਏ ਹਨ ਪਰ ਉਨ੍ਹਾਂ ਨੂੰ ਆਸ ਸੀ ਕਿ ਵੀਜ਼ਾ ਮਿਲ ਜਾਵੇਗਾ ਤੇ ਉਹ ਸੁਲਤਾਨਪੁਰ ਲੋਧੀ ਅਤੇ ਦਰਬਾਰ ਸਾਹਿਬ ਵਿਖੇ ਸਿਜਦਾ ਕਰ ਸਕਣਗੇ, ਪਰ ਉਹ ਆਸਾਂ ਟੁੱਟ ਗਈਆਂ ਹਨ। ਸਲੀਮ ਭੱਟੀ ਨੇ ਦੱਸਿਆ ਕਿ ਉਨ੍ਹਾਂ ਆਪਣੇ ਚੜ੍ਹਦੇ ਪੰਜਾਬ ਦੇ ਦੌਰੇ ਲਈ ਅਮਰੀਕਾ ਦਾ ਦੌਰਾ ਰੱਦ ਕੀਤਾ ਸੀ ਤੇ ਉਨ੍ਹਾਂ ਨੂੰ ਚੜ੍ਹਦੇ ਪੰਜਾਬ ਜਾਣ ਦਾ ਬਹੁਤ ਚਾਅ ਸੀ ਪਰ ਉਨ੍ਹਾਂ ਦੀਆਂ ਸਦਰਾਂ ਅਧੂਰੀਆਂ ਰਹਿ ਗਈਆਂ।

ਪੰਜਾਬ ਦੇ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ ਨੇ ਨਰਾਜ਼ ਹੁੰਦਿਆਂ ਕਿਹਾ ਕਿ ਪਹਿਲਾਂ ਭਾਰਤ ਸਰਕਾਰ ਨੇ ਪੰਜਾਬ ਦੇ ਮੰਤਰੀ ਮੰਡਲ ਨੂੰ ਪਾਕਿਸਤਾਨ ਜਾਣ ਦੀ ਪ੍ਰਵਾਨਗੀ ਨਹੀਂ ਦਿੱਤੀ ਅਤੇ ਹੁਣ ਗੁਰੂ ਸਾਹਿਬ ਨਾਲ ਇਤਿਹਾਸਕ ਸਾਂਝ ਵਾਲੇ ਪਰਿਵਾਰ ਨੂੰ ਵੀਜ਼ਾ ਦੇਣ ਤੋਂ ਨਾਂਹ ਕਰ ਦਿੱਤੀ ਹੈ।

# ਰਾਸ਼ਟਰਪਤੀ ਟਰੰਪ ਮਹਾਦੋਸ਼ ਦੀ ਸੁਣਵਾਈ ਦੌਰਾਨ ਹਾਜ਼ਰ ਨਹੀਂ ਹੋਣਗੇ

**ਵਾਸ਼ਿੰਗਟਨ/ਏ.ਟੀ. ਨਿਊਜ਼ :** ਰਾਸ਼ਟਰਪਤੀ ਡੋਨਲਡ ਟਰੰਪ ਦੇ ਵਕੀਲ ਨੇ ਕਿਹਾ ਕਿ ਟਰੰਪ ਜਾਂ ਉਨ੍ਹਾਂ ਦਾ ਅਟਾਰਨੀ ਅਮਰੀਕੀ ਸਦਰ ਖ਼ਿਲਾਫ਼ ਹੋਣ ਵਾਲੀ ਮਹਾਦੋਸ਼ ਦੀ ਸੁਣਵਾਈ ਵਿਚ ਸ਼ਾਮਲ ਨਹੀਂ ਹੋਣਗੇ। ਵਕੀਲ ਨੇ ਮਹਾਦੋਸ਼ ਦੀ ਇਸ ਪੂਰੀ ਕਾਰਵਾਈ ਵਿੱਚ ਬੁਨਿਆਦੀ ਅਮਲ ਤੇ ਮੌਲਿਕ ਨਿਰਪੱਖਤਾ ਦੀ ਘਾਟ ਦਾ ਹਵਾਲਾ ਦਿੱਤਾ ਹੈ। ਮਹਾਦੋਸ਼ ਨਾਲ ਸਬੰਧਤ ਸੁਣਵਾਈ ਅਸਲ ਵਿਚ ਡੈਮੋਕਰੈਟਾਂ ਵੱਲੋਂ ਇਸ ਤੱਥ ਨੂੰ ਸਥਾਪਤ ਕਰਨ ਦਾ ਯਤਨ ਹੈ ਕਿ ਟਰੰਪ ਨੇ ਯੂਕਰੇਨ ਨੂੰ ਮਿਲਦੀ ਫੌਜੀ ਏਡ ਬੰਦ ਕਰਕੇ ਅਗਾਮੀ ਰਾਸ਼ਟਰਪਤੀ ਚੋਣਾਂ ਵਿੱਚ ਆਪਣੇ ਰਵਾਇਤੀ ਵਿਰੋਧੀ ਡੈਮੋਕਰੈਟ ਉਮੀਦਵਾਰ ਜੋਅ ਬਿਡੇਨ ਖ਼ਿਲਾਫ਼ ਭ੍ਰਿਸ਼ਟਾਚਾਰ ਨਾਲ ਸਬੰਧਤ ਕੇਸ ਦੀ ਜਾਂਚ ਸ਼ੁਰੂ ਕਰਨ ਲਈ ਯੂਕਰੇਨੀ ਸਦਰ ਵੋਲੋਦੀਮੀਰ ਜ਼ਿਲੈਂਸਕੀ 'ਤੇ ਦਬਾਅ ਬਣਾਇਆ ਸੀ। ਡੈਮੋਕਰੈਟਾਂ ਨੇ ਟਰੰਪ ਦੀ ਇਸ ਪੇਸ਼ਕਦਮੀ ਨੂੰ ਅਨਿਯਮਤ ਤੇ ਗੈਰਵਾਜਬ ਹੋਣ ਦੇ ਨਾਲ ਸਿਆਸੀ ਲਾਹੇ ਲਈ ਆਪਣੇ ਦਫ਼ਤਰ ਦੀ ਦੁਰਵਰਤੋਂ ਕਰਨ ਦੇ ਤੁਲ ਦੱਸਿਆ ਹੈ। ਅਟਾਰਨੀ ਪੈਟ ਸਿਪੋਲੋਨ ਨੇ ਪ੍ਰਤੀਨਿਧ ਸਦਨ ਵਿੱਚ ਜੁਡੀਸ਼ਰੀ ਕਮੇਟੀ ਦੇ ਚੇਅਰਮੈਨ ਜੈਰੋਲਡ ਨੈਡਲਰ ਨੂੰ ਪਹਿਲੀ ਦਸੰਬਰ ਨੂੰ ਲਿਖੇ ਪੱਤਰ ਵਿੱਚ ਦੋਸ਼ ਲਾਇਆ ਕਿ ਉਨ੍ਹਾਂ ਜਾਣਬੁਝ ਕੇ ਸ਼ੁਰੂਆਤੀ ਸੁਣਵਾਈ ਅਜਿਹੇ ਸਮੇਂ ਵਿਉਂਤੀ ਹੈ ਜਦੋਂ ਅਮਰੀਕੀ ਸਦਰ ਮੁਲਕ ਤੋਂ ਬਾਹਰ ਹਨ। ਸਿਪਲੋਨ ਨੇ ਪੱਤਰ ਵਿੱਚ ਲਿਖਿਆ ਕਿ ਇਸ ਸ਼ੁਰੂਆਤੀ ਸੁਣਵਾਈ ਵਿੱਚ 'ਤੱਥਾਂ ਦੀ ਸ਼ਾਹਦੀ ਭਰਦਾ ਕੋਈ ਗਵਾਹ' ਵੀ ਸ਼ਾਮਲ ਨਹੀਂ ਹੋਵੇਗਾ।


DIAMOND TRANSPORTATION

DIAMOND

Transportation Logistics, Inc.

Dry Van ਤੇ Reefer ਦੇ ਕੰਮ ਲਈ

Owner Operators ਦੀ ਲੋੜ

Good Pay

Dedicated Routs

Weekly Payment

ਇਕ ਹਫ਼ਤੇ 'ਚ ਪੇਮੈਂਟ ਲਵੋ



ਅੱਜ ਹੀ ਕਾਲ ਕਰੋ :

ਗੁਲਵਿੰਦਰ ਸਿੰਘ ਗਾਖ਼ਲ

209.487.3699

ਹਰਨੇਕ ਸਿੰਘ ਅਟਵਾਲ

209.351.5965

2850 Loomis Rd, Stockton, CA 95205

# ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਸਿੱਖ ਪਾਇਲਟ ਨਾਲ ਹੋਈ ਸੀ ਬਦਸਲੂਕੀ ਦਾ ਮਸਲਾ ਕੇਂਦਰ ਕੋਲ ਉਠਾਇਆ

**ਨਵੀਂ ਦਿੱਲੀ/ਏ.ਟੀ. ਨਿਊਜ਼ :** ਬੀਤੇ ਦਿਨੀਂ ਇੱਕ ਸਿੱਖ ਪਾਇਲਟ ਕੈਪਟਨ ਸਿਮਰਨਪ੍ਰੀਤ ਸਿੰਘ ਗੁਜਰਾਲ ਨਾਲ ਬਦਸਲੂਕੀ ਦਾ ਮਾਮਲਾ ਸਾਹਮਣੇ ਆਇਆ ਸੀ। ਸਪੇਨ ਦੇ ਏਅਰਪੋਰਟ 'ਤੇ ਉਸ ਨੂੰ ਪੱਗ ਲਾਹੁਣ ਲਈ ਮਜ਼ਬੂਰ ਕੀਤਾ ਗਿਆ ਸੀ। ਇਹ ਘਟਨਾ ਉਸ ਸਮੇਂ ਵਾਪਰੀ ਜਦੋਂ ਉਹ ਏਅਰ ਇੰਡੀਆ ਦੀ ਫਲਾਈਟ ਏ 1136 ਨੂੰ ਲੈ ਕੇ ਸਪੇਨ ਦੀ ਰਾਜਧਾਨੀ ਮੈਡ੍ਰਿਡ ਤੋਂ ਬੁੱਧਵਾਰ ਨੂੰ ਦਿੱਲੀ ਆ ਰਿਹਾ ਸੀ। ਆਪਣੇ ਨਾਲ ਹੋਈ ਇਸ ਘਟਨਾ ਬਾਰੇ ਜਾਣਕਾਰੀ ਦਿੰਦੇ ਹੋਏ ਗੁਜਰਾਲ ਨੇ ਕਿਹਾ ਕਿ ਜਦੋਂ ਉਹ ਮੈਟਲ ਡਿਟੈਕਟਰ ਚੋਂ ਨਿਕਲੇ ਤਾਂ ਕੋਈ ਅਲਾਰਮ ਨਹੀਂ ਵਜਿਆ ਜਿਸ ਨਾਲ ਇਹ ਸ਼ੱਕ ਹੋ ਸਕੇ ਕਿ ਮੇਰੇ ਕੋਲ ਕੋਈ ਖ਼ਤਰਨਾਕ ਚੀਜ਼ ਹੈ। ਪਰ ਇਸ ਤੋਂ ਬਾਅਦ ਵੀ ਉੱਥੇ ਤਾਇਨਾਤ ਸੁਰੱਖਿਆ ਕਰਮੀਆਂ ਨੇ ਮੈਨੂੰ ਪੱਗ ਲਾਹੁਣ ਨੂੰ ਕਿਹਾ। ਗੁਜਰਾਲ ਵੱਲੋਂ ਇਸ ਦਾ ਵਿਰੋਧ ਕੀਤਾ ਗਿਆ ਪਰ ਕਰਮੀਆਂ ਨੇ ਉਸ ਦੀ ਇੱਕ ਨਹੀਂ ਸੁਣੀ।



ਸਿਮਰਨ ਨੇ ਦੱਸਿਆ ਕਿ ਇਸ ਤੋਂ ਬਾਅਦ ਉਹ ਸਿਕਊਰਟੀ ਪੁਆਇੰਟ 'ਤੇ ਬੈਠ ਗਏ। ਪਰ ਕਰਮੀ ਉਸ ਨੂੰ ਪੱਗ ਲਾਹੁਣ ਲਈ ਕਹਿੰਦੇ ਰਹੇ। ਇੰਨਾ ਹੀ ਨਹੀਂ ਪਾਇਲਟ ਗੁਜਰਾਲ ਨੇ ਕਿਹਾ ਕਿ ਇੱਥੇ ਉਸ ਨਾਲ ਅਜਿਹਾ ਪਹਿਲਾਂ ਵੀ ਹੋ ਚੁੱਕਿਆ ਹੈ। ਪਰ ਅਜਿਹੀ ਘਟਨਾ ਉਸ ਨਾਲ ਦੁਨੀਆ ਦੇ ਹੋਰ ਕਿਸੇ ਏਅਰਪੋਰਟ 'ਤੇ ਨਹੀਂ ਹੁੰਦੀ। ਸਿਮਰਨ ਦਾ ਕਹਿਣਾ ਹੈ ਕਿ ਉਹ ਇਸ ਘਟਨਾ ਨੂੰ ਯੂ-ਟਿਊਬ ਚੈਨਲ ਫਲਾਇੰਗ ਟਰਬਿਨੇਟਰ ਕੋਲ ਲੈ ਕੇ ਜਾਣਗੇ। ਦਿੱਲੀ ਗੁਰਦੁਆਰਾ ਕਮੇਟੀ ਦੇ ਪ੍ਰਧਾਨ ਮਨਜਿੰਦਰ ਸਿੰਘ ਸਿਰਸਾ ਨੇ ਇਸ ਘਟਨਾ ਬਾਰੇ ਵਿਦੇਸ਼ ਮੰਤਰੀ ਐਸ ਜੈਸ਼ੰਕਰ ਨੂੰ ਪੱਤਰ ਲਿੱਖ ਇਸ ਮਾਮਲੇ ਦਾ ਹੱਲ ਕਰਨ ਦੀ ਗੁਜ਼ਾਰਿਸ਼ ਕੀਤੀ ਸੀ। ਅਕਾਲ ਤਖ਼ਤ ਦੇ ਕਾਰਜਕਾਰੀ ਤੇ ਤਖ਼ਤ ਦਮਦਮਾ ਸਾਹਿਬ ਦੇ ਜਥੇਦਾਰ ਹਰਪ੍ਰੀਤ ਸਿੰਘ ਨੇ ਕਿਹਾ ਕਿ ਸ਼੍ਰੋਮਣੀ ਕਮੇਟੀ ਨੂੰ ਇਹ ਮਾਮਲਾ ਵਿਦੇਸ਼ ਮੰਤਰਾਲੇ ਕੋਲ ਉਠਾਉਣ ਦੇ ਨਿਰਦੇਸ਼ ਦਿੱਤੇ ਗਏ ਹਨ।

## *ਮਾਮਲਾ ਅੰਮ੍ਰਿਤਧਾਰੀ ਬੱਚਿਆਂ ਨੂੰ ਪ੍ਰੀਖਿਆ ਵਿਚ ਰੋਕਣ ਦਾ*
## ਅਫ਼ਸਰ ਨੂੰ ਅਦਾਲਤ ਵਿਚ ਪੇਸ਼ ਕਰੋ-ਹਾਈਕੋਰਟ

**ਨਵੀਂ ਦਿੱਲੀ/ਏ.ਟੀ. ਨਿਊਜ਼ :** ਅਦਾਲਤ ਵਲੋਂ ਜਾਰੀ ਹੁਕਮਾਂ ਦੇ ਬਾਵਜੂਦ ਬੀਤੇ ਦਿਨੀਂ ਇਕ ਸਿੱਖ ਅੰਮ੍ਰਿਤਧਾਰੀ ਵਿਦਿਆਰਥਣ ਨੂੰ 'ਕਕਾਰ' ਧਾਰਨ ਕੀਤੇ ਹੋਣ ਕਰਕੇ ਪ੍ਰੀਖਿਆ ਵਿਚ ਬੈਠਣ ਤੋਂ ਰੋਕ ਦਿੱਤਾ ਗਿਆ ਸੀ। ਜਿਸ ਤੋਂ ਬਾਅਦ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਅਦਾਲਤ ਵਿਚ ਅਦਾਲਤੀ ਹੁਕਮਾਂ ਦੀ ਮਾਣਹਾਨੀ ਦੀ ਪਟੀਸ਼ਨ ਦਾਇਰ ਕੀਤੀ ਸੀ। ਦਿੱਲੀ ਹਾਈਕੋਰਟ ਵਿਚ ਇਸ ਮਾਮਲੇ ਦੀ ਸੁਣਵਾਈ ਦੌਰਾਨ ਜੱਜ ਨੇ ਦਿੱਲੀ ਸਰਕਾਰ ਨੂੰ ਸਵਾਲ ਕੀਤਾ ਕਿ ਜਿਸ ਅਫ਼ਸਰ ਨੇ ਅਦਾਲਤੀ ਹੁਕਮ ਦੀ ਉਲੰਘਣਾ ਕਰ ਕੇ 'ਕਕਾਰ' ਧਾਰਨ ਕਰਨ ਵਾਲੇ ਸਿੱਖ ਬੱਚਿਆਂ ਨੂੰ ਪ੍ਰੀਖਿਆ ਵਿਚ ਬੈਠਣ ਤੋਂ ਰੋਕਿਆ ਹੈ, ਉਸ ਨੂੰ ਅਦਾਲਤ ਵਿਚ ਪੇਸ਼ ਕੀਤਾ ਜਾਵੇ। ਜਾਣਕਾਰੀ ਦਿੰਦਿਆਂ ਦਿੱਲੀ ਕਮੇਟੀ ਦੇ ਪ੍ਰਧਾਨ ਮਨਜਿੰਦਰ ਸਿੰਘ ਸਿਰਸਾ ਨੇ ਦੱਸਿਆ ਕਿ ਅਦਾਲਤ ਵਲੋਂ ਹਦਾਇਤ ਜਾਰੀ ਕੀਤੀ ਗਈ ਹੈ ਕਿ ਅਦਾਲਤ ਵਲੋਂ ਪ੍ਰੀਖਿਆਵਾਂ ਵਿਚ ਸਿੱਖ ਬੱਚਿਆਂ ਨੂੰ ਕਕਾਰ ਸਮੇਤ ਬੈਠਣ ਤੋਂ ਨਾ ਰੋਕਣ ਦਾ ਜਾਰੀ ਕੀਤਾ ਹੁਕਮ ਦਿੱਲੀ ਅਧੀਨ ਸੇਵਾਵਾਂ ਚੋਣ ਬੋਰਡ (ਡੀ. ਐਸ. ਐਸ. ਐਸ ਬੀ.) ਸਮੇਤ ਸਾਰਿਆਂ 'ਤੇ ਲਾਗੂ ਹੋਵੇਗਾ। ਉਨ੍ਹਾਂ ਦੱਸਿਆ ਕਿ ਅਦਾਲਤ ਨੇ ਕਿਹਾ ਕਿ ਅਗਸਤ 2019 ਤੋਂ ਬਾਅਦ ਜਦੋਂ ਡੀ. ਐਸ. ਐਸ. ਐਸ ਬੀ. ਨੂੰ ਅਦਾਲਤ ਦੇ ਹੁਕਮਾਂ ਦੀ ਜਾਣਕਾਰੀ ਮਿਲ ਗਈ ਸੀ ਤਾਂ ਉਸ ਮਗਰੋਂ ਬੱਚਿਆਂ ਨੂੰ ਰੋਕਿਆ ਗਿਆ ਜਾਂ ਨਹੀਂ, ਇਸ ਬਾਰੇ ਸਰਕਾਰ ਹਲਫ਼ਨਾਮਾ ਦਾਇਰ ਕਰ ਕੇ ਜਾਣਕਾਰੀ ਦੇਵੇ।

# ਦੋਆਬਾ ਖੇਤਰ ਦੇ 26 ਪੰਜਾਬੀ ਗੱਭਰੂ ਰੂਸ ਵਿਚ ਫ਼ਸੇ, ਇੱਕ ਦੀ ਮੌਤ

**ਟਰੈਵਲ ਏਜੰਟ ਗ੍ਰਿਫ਼ਤਾਰ, ਪੁਲੀਸ ਕਰ ਰਹੀ ਏ ਜਾਂਚ**

**ਫਗਵਾੜਾ/ਏ.ਟੀ. ਨਿਊਜ਼ :** ਨਜ਼ਦੀਕੀ ਪਿੰਡ ਖੁਰਮਪੁਰ ਦੇ ਟਰੈਵਲ ਏਜੰਟ ਨੇ ਦੋਆਬਾ ਖੇਤਰ ਦੇ 26 ਨੌਜਵਾਨਾਂ ਨੂੰ ਚੰਗੇ ਰੁਜ਼ਗਾਰ ਦਾ ਸੁਫਨਾ ਦਿਖਾ ਕੇ ਰੂਸ ਭੇਜਿਆ ਪਰ ਸਮਝੌਤੇ ਮੁਤਾਬਕ ਉਨ੍ਹਾਂ ਨੂੰ ਕੋਈ ਨੌਕਰੀ ਨਾ ਮਿਲਣ ਕਾਰਨ ਉਹ ਠੋਕਰਾਂ ਖਾਣ ਲਈ ਮਜਬੂਰ ਹਨ। ਜਾਣਕਾਰੀ ਮੁਤਾਬਕ ਪਿੰਡ ਪਾਂਸਲਾ ਦਾ ਨੌਜਵਾਨ ਮਲਕੀਅਤ ਸਿੰਘ ਉਥੇ ਅਚਾਨਕ ਬਿਮਾਰ ਹੋ ਗਿਆ ਅਤੇ ਕੰਪਨੀ ਵੱਲੋਂ ਸਮੇਂ ਸਿਰ ਇਲਾਜ ਨਾ ਕਰਵਾਏ ਜਾਣ ਕਰਕੇ ਉਸ ਦੀ ਮੌਤ ਹੋ ਗਈ। ਉਸ ਦੇ ਨਾਲ ਗਏ ਪਿੰਡ ਰੁੜਕੀ ਦੇ ਜੋਗਿੰਦਰ ਨੇ ਮਲਕੀਅਤ ਸਿੰਘ ਦੀ ਦੇਹ ਨੂੰ ਪਾਂਸਲਾ ਲਿਆਂਦਾ ਜਿੱਥੇ ਉਸ ਦਾ ਅੰਤਿਮ ਸਸਕਾਰ ਕਰ ਦਿੱਤਾ ਗਿਆ। ਸੋਨੂੰ ਦੇ ਪਰਿਵਾਰ ਵਿਚ ਉਸ ਦੇ ਪਿਤਾ ਦੇਸਰਾਜ, ਪਤਨੀ ਨਿਰਮਲਾ, ਲੜਕਾ ਅਰੁਜਨ (7), ਲੜਕੀ ਰੋਹੀ (6) ਤੋਂ ਇਲਾਵਾ ਤਿੰਨ-ਭਰਾ ਭੈਣ ਹਨ।

ਜੋਗਿੰਦਰ ਨੇ ਦੱਸਿਆ ਕਿ ਕੰਪਨੀ ਵੱਲੋਂ ਮਲਕੀਅਤ ਸਿੰਘ ਦੀ ਦੇਹ ਨੂੰ ਭਾਰਤ ਭੇਜਣ ਲਈ ਕੋਈ ਵੀ ਪੈਸਾ ਨਹੀਂ ਦਿਤਾ ਗਿਆ ਪਰ 25 ਨੌਜਵਾਨਾਂ ਨੇ 4-5 ਲੱਖ ਰੁਪਏ ਇਕੱਠੇ ਕਰਕੇ ਉਸ ਦੀ ਲਾਸ਼ ਨੂੰ ਪਿੰਡ ਲਿਆਂਦਾ। ਦੂਸਰੇ ਪਾਸੇ ਥਾਣਾ ਸਦਰ ਪੁਲੀਸ ਨੇ ਏਜੰਟ ਦਲਜੀਤ ਸਿੰਘ ਖਿਲਾਫ਼ ਕੇਸ ਦਰਜ ਕਰਕੇ ਉਸ ਨੂੰ ਗ੍ਰਿਫ਼ਤਾਰ ਕਰ ਲਿਆ। ਕਪੂਰਥਲਾ ਦੇ ਐੱਸਐੱਸਪੀ ਸਤਿੰਦਰ ਸਿੰਘ ਨੇ ਦੱਸਿਆ ਕਿ ਪੁੱਛ-ਗਿੱਛ ਦੌਰਾਨ ਏਜੰਟ ਪਾਸੋਂ ਕਈ ਅਹਿਮ ਖੁਲਾਸੇ ਹੋਣ ਦੀ ਸੰਭਾਵਨਾ ਹੈ।

ਜੋਗਿੰਦਰਪਾਲ ਨੇ ਦੱਸਿਆ ਕਿ ਕੰਪਨੀ ਨੇ ਉਸ ਨੂੰ ਪਾਸਪੋਰਟ ਦੇਣ ਸਮੇਂ ਧਮਕੀ ਦਿੱਤੀ ਕਿ ਜੇਕਰ ਉਹ ਰੂਸ ਨਾ ਪਰਤਿਆ ਤਾਂ ਉਸ ਦੇ ਬਾਕੀਆਂ ਸਾਥੀਆਂ ਨੂੰ ਭਾਰਤ ਨਹੀਂ ਆਉਣ ਦਿੱਤਾ ਜਾਵੇਗਾ। ਉਨ੍ਹਾਂ ਕੇਂਦਰ ਸਰਕਾਰ ਤੋਂ ਮੰਗ ਕੀਤੀ ਕਿ ਰੂਸ ਵਿਚ ਫ਼ਸੇ ਬਾਕੀ ਨੌਜਵਾਨਾਂ ਨੂੰ ਵੀ ਛੁਡਾਇਆ ਜਾਵੇ।



ਆਬਾਦੀ ਨਾਰੰਗਸ਼ਾਹਪੁਰ ਵਾਸੀ ਪਿੰਕੂ ਰਾਮ 7 ਮਹੀਨੇ ਪਹਿਲਾਂ ਰੁਜ਼ਗਾਰ ਦੀ ਖਾਤਰ ਕਰਜ਼ਾ ਚੁੱਕ ਕੇ ਇਕ ਲੱਖ 20 ਰੁਪਏ ਏਜੰਟ ਨੂੰ ਦੇ ਕੇ ਰੂਸ ਗਿਆ ਸੀ ਪਰ ਉੱਥੇ ਦੱਸੀ ਗਈ ਕੰਪਨੀ ਦੀ ਥਾਂ 'ਤੇ ਕਿਸੇ ਹੋਰ ਕੰਪਨੀ ਵਿਚ 8-9 ਹਜ਼ਾਰ ਰੁਪਏ 'ਤੇ ਕੰਮ ਕਰ ਰਿਹਾ ਹੈ। ਉਨ੍ਹਾਂ ਦੱਸਿਆ ਕਿ ਏਜੰਟ ਨਾਲ 35 ਹਜ਼ਾਰ ਰੁਪਏ ਮਹੀਨਾ 5 ਘੰਟੇ ਦੇ ਹਿਸਾਬ ਨਾਲ 2 ਘੰਟੇ ਓਵਰ ਟਾਈਮ ਕੰਮ ਦੀ ਗੱਲ ਹੋਈ ਸੀ ਪਰ ਉੱਥੇ ਅਜਿਹਾ ਕੋਈ ਕੰਮ ਨਹੀਂ ਮਿਲਿਆ।

ਲੜਕੇ ਦੇ ਪਿਤਾ ਰਾਜਾ ਰਾਮ ਨੇ ਦੱਸਿਆ ਕਿ ਉਸ ਦੀ ਨੂੰਹ, 8 ਸਾਲਾ ਬੇਟੀ ਕਿਰਨਦੀਪ ਤੇ 5 ਸਾਲਾ ਲੜਕੇ ਸੈਮਸਨ ਸਮੇਤ ਪੂਰੇ ਪਰਿਵਾਰ ਦਾ ਸਾਰਾ ਖ਼ਰਚਾ ਉਸ ਨੂੰ ਉਠਾਉਣਾ ਪੈ ਰਿਹਾ ਹੈ। ਲੜਕੇ ਨੇ ਵਿਦੇਸ਼ ਜਾ ਕੇ ਉਸ ਨੂੰ ਕੋਈ ਪੈਸਾ ਨਹੀਂ ਭੇਜਿਆ ਅਤੇ ਕਰਜ਼ੇ ਦੇ ਵਿਆਜ ਦੀ ਪੰਡ ਦਿਨ-ਬ-ਦਿਨ ਵਧ ਰਹੀ ਹੈ। ਉਨ੍ਹਾਂ ਦੱਸਿਆ ਕਿ ਲੜਕੇ ਮੁਤਾਬਕ ਰੂਸ ਵਿਚ ਕੰਪਨੀਆਂ ਵੱਲੋਂ ਉਨ੍ਹਾਂ ਨੂੰ ਕਾਫ਼ੀ ਜ਼ਲੀਲ ਕੀਤਾ ਜਾ ਰਿਹਾ ਹੈ ਅਤੇ ਉਨ੍ਹਾਂ ਦੇ ਪਾਸਪੋਰਟ ਕੰਪਨੀਆਂ ਕੋਲ ਪਏ ਹਨ ਜਿਸ ਕਾਰਨ ਉਹ ਵਾਪਸ ਵੀ ਨਹੀਂ ਆ ਪਾ ਰਹੇ।


A-ONE EXPRESS

ਸਾਨੂੰ ਤਜ਼ਰਬੇਕਾਰ ਡਰਾਈਵਰਾਂ ਅਤੇ ਓਨਰ ਅਪਰੇਟਰਾਂ ਦੀ ਲੋੜ ਹੈ

- ਲੰਬਾ ਸਮਾਂ ਕੰਮ ਕਰਨ ਵਾਲੇ ਡਰਾਈਵਰ ਵੀ ਟਰੇਂਡ ਕੀਤੇ ਜਾਂਦੇ ਹਨ
- ਕੈਲੀਫੋਰਨੀਆ ਤੋਂ ਮਿਡਵੈਸਟ, ਨਾਰਥ-ਈਸਟ, ਸਾਊਥ-ਈਸਟ
- ਸੌਖੇ ਲੋਡ, ਚੰਗੇ ਪੈਸੇ ਅਤੇ ਤਨਖ਼ਾਹ ਸਮੇਂ ਸਿਰ
- 50% ਹੁੱਕ ਡਰਾਪ
- Excellent Payment
- Easy Aboard ELD Logbook



ਪਿਛਲੇ 20 ਸਾਲਾਂ ਤੋਂ ਲਗਾਤਾਰ ਕੰਮ ਕਰਨ ਦਾ ਤਜਰਬਾ

MC NO. # 464630

3096 Farrar Ave Modesto, CA 95354

TAX ID #32-0065398

ਹੋਰ ਜਾਣਕਾਰੀ ਲਈ ਮਨਜੀਤ ਸਿੰਘ ਜਾਂ ਸੰਦੀਪ ਸਿੰਘ ਨਾਲ ਹੇਠ ਲਿਖੇ ਨੰਬਰਾਂ 'ਤੇ ਸੰਪਰਕ ਕਰੋ

TOLL FREE 888.725.7441 OFFICE : 209.537.0975 FAX : 209.537.0375

### ਮਾਮਲਾ ਸਿੱਖ ਕਤਲੇਆਮ ਨਵੰਬਰ 84 ਦਾ

## ਕੇਂਦਰ ਨੇ ਸਿਟ ਸਮੇਟਣ ਲਈ ਸੁਪਰੀਮ ਕੋਰਟ ਤੋਂ ਮੰਗੀ ਆਗਿਆ

**ਨਵੀਂ ਦਿੱਲੀ/ਏ.ਟੀ. ਨਿਊਜ਼ :** ਦਿੱਲੀ ਹਾਈ ਕੋਰਟ ਦੇ ਜਸਟਿਸ ਐੱਸ ਐੱਨ ਢੀਂਗਰਾ ਦੀ ਅਗਵਾਈ ਹੇਠ ਕਾਇਮ ਵਿਸ਼ੇਸ਼ ਜਾਂਚ ਟੀਮ (ਸਿਟ) ਨੂੰ ਸਮੇਟਣ ਲਈ ਕੇਂਦਰ ਸਰਕਾਰ ਨੇ ਸੁਪਰੀਮ ਕੋਰਟ ਤੋਂ ਆਗਿਆ ਮੰਗੀ ਹੈ। ਕੇਂਦਰ ਸਰਕਾਰ ਨੇ ਸੁਪਰੀਮ ਕੋਰਟ ਨੂੰ ਜਾਣਕਾਰੀ ਦਿੱਤੀ ਹੈ ਕਿ ਸਿਟ ਨੇ 1984 ਦੇ ਸਿੱਖ ਕਤਲੇਆਮ ਨਵੰਬਰ 84 ਦੇ ਸਬੰਧ ਵਿੱਚ 186 ਕੇਸਾਂ ਦੀ ਜਾਂਚ ਮੁਕੰਮਲ ਕਰ ਲਈ ਹੈ। ਜ਼ਿਕਰਯੋਗ ਹੈ ਕਿ ਵਿਸ਼ੇਸ਼ ਜਾਂਚ ਟੀਮ ਵਿੱਚ ਸੁਪਰੀਮ ਕੋਰਟ ਨੇ ਬੀਤੇ ਸਾਲ 11 ਜਨਵਰੀ ਨੂੰ ਸੇਵਾਮੁਕਤ ਆਈਪੀਐੱਸ ਅਧਿਕਾਰੀ ਰਾਜਦੀਪ ਸਿੰਘ ਅਤੇ 2006 ਬੈਚ ਦੇ ਅਧਿਕਾਰੀ ਅਭਿਸ਼ੇਕ ਦੁਲਾਰ ਨੂੰ ਸ਼ਾਮਲ ਕੀਤਾ ਸੀ, ਇਨ੍ਹਾਂ ਨੂੰ ਹੋਰ 186 ਕੇਸਾਂ ਦੀ ਜਾਂਚ ਦੀ ਜਿੰਮੇਵਾਰੀ ਸੌਂਪੀ ਗਈ ਸੀ। ਇਨ੍ਹਾਂ ਕੇਸਾਂ ਸਬੰਧੀ ਵਿਸ਼ੇਸ਼ ਜਾਂਚ ਟੀਮ ਨੇ ਆਪਣੀ ਰਿਪੋਰਟ ਸੌਂਪ ਦਿੱਤੀ ਹੈ। ਇਸ ਸਮੇਂ ਵਿਸ਼ੇਸ਼ ਜਾਂਚ ਟੀਮ ਦੇ ਦੋ ਹੀ ਮੈਂਬਰ ਹਨ ਕਿਉਂਕਿ ਸ੍ਰੀ ਸਿੰਘ ਨਿਜੀ ਕਾਰਨਾਂ ਕਰਕੇ ਸਿਟ ਦੇ ਵਿੱਚ ਸ਼ਾਮਲ ਹੋਣ ਤੋਂ ਇਨਕਾਰ ਕਰ ਚੁੱਕੇ ਹਨ। ਬੀਤੇ ਸ਼ੁੱਕਰਵਾਰ ਨੂੰ ਕੇਂਦਰ ਨੇ ਸੁਪਰੀਮ ਕੋਰਟ ਦੇ ਚੀਫ ਜਸਟਿਸ ਐੱਸਐੱਸ ਬੋਬੜੇ ਅਤੇ ਜਸਟਿਸ ਬੀਆਰ ਗਵਈ ਦੇ ਬੈਂਚ ਅੱਗੇ ਸਿਟ ਦੀ ਅੰਤਿਮ ਰਿਪੋਰਟ ਸੀਲ ਬੰਦ ਲਿਫ਼ਾਫੇ ਵਿੱਚ ਪੇਸ਼ ਕਰ ਦਿੱਤੀ ਹੈ। ਵਧੀਕ ਸੌਲਿਸਟਰ ਜਨਰਲ ਪਿੰਕੀ ਆਨੰਦ ਨੇ ਅਦਾਲਤ ਨੂੰ ਦੱਸਿਆ ਹੈ ਕਿ ਵਿਸ਼ੇਸ਼ ਜਾਂਚ ਟੀਮ ਨੇ ਆਪਣਾ ਕਾਰਜ ਮੁਕੰਮਲ ਕਰ ਲਿਆ ਹੈ ਅਤੇ ਆਪਣੀ ਅੰਤਿਮ ਰਿਪੋਰਟ ਦੇ ਦਿੱਤੀ ਹੈ ਅਤੇ ਹੁਣ ਇਸ ਦੀਆਂ ਸੇਵਾਵਾਂ ਬੰਦ ਕਰ ਦੇਣੀਆਂ ਚਾਹੀਦੀਆਂ ਹਨ। ਇਸ ਦੌਰਾਨ ਸਿੱਖ ਕਤਲੇਆਮ ਪੀੜਤਾਂ ਦੇ ਵਕੀਲ ਐੱਚਐੱਸ ਫੂਲਕਾ ਨੇ ਕਿਹਾ ਕਿ ਬੈਂਚ ਨੂੰ ਪਹਿਲਾਂ ਰਿਪੋਰਟ ਦਾ ਮੁਲੰਕਣ ਕਰਨਾ ਚਾਹੀਦਾ ਹੈ ਅਤੇ ਦੇਖਣਾ ਚਾਹੀਦਾ ਹੈ ਕਿ ਕਿਸੇ ਤਰ੍ਹਾਂ ਦੀ ਜਾਂਚ ਦੀ ਕੋਈ ਹੋਰ ਲੋੜ ਤਾਂ ਨਹੀਂ ਹੈ ਅਤੇ ਇਸ ਤੋਂ ਬਾਅਦ ਹੀ ਫੈਸਲਾ ਲੈਣਾ ਚਾਹੀਦਾ ਹੈ।

## ਜੱਗੀ ਜੌਹਲ, ਰਮਨਦੀਪ ਬੱਗਾ, ਗੁਰਨੀ ਅਤੇ ਹੋਰ ਦਿੱਲੀ ਐਨ ਆਈ ਏ ਅਦਾਲਤ ਵਿਚ ਹੋਏ ਪੇਸ਼

### *ਯੂ.ਕੇ. ਅੰਬੈਸੀ ਅਫਸਰ ਨੇ ਜੱਗੀ ਨਾਲ ਕੀਤੀ ਮੁਲਾਕਾਤ*



**ਨਵੀਂ ਦਿੱਲੀ /ਮਨਪ੍ਰੀਤ ਸਿੰਘ ਖਾਲਸਾ:** ਜੱਗੀ ਜੌਹਲ, ਰਮਨਦੀਪ ਬੱਗਾ, ਅਮਨਿੰਦਰ ਸਿੰਘ, ਰਵੀ ਕਾਲਾ, ਪਹਾੜ ਸਿੰਘ ਅਤੇ ਹਰਦੀਪ ਸਿੰਘ ਸ਼ੇਰਾ ਸਮੇਤ ਹੋਰ ਬੰਦੀ ਸਿੰਘਾਂ ਨੂੰ ਦਿੱਲੀ ਪੁਲਿਸ ਦੀ ਸਖਤ ਸੁਰੱਖਿਆ ਹੇਠ ਜੱਜ ਰਮੇਸ਼ ਸਿਆਲ ਦੀ ਅਦਾਲਤ ਅੰਦਰ ਵੱਖ ਵੱਖ ਕੇਸਾਂ ਦੀਆਂ ਵੱਖ ਵੱਖ ਧਾਰਾਵਾਂ ਅਧੀਨ ਸਮੇਂ ਤੋਂ ਤਕਰੀਬਨ ਇਕ ਘੰਟੇ ਦੀ ਦੇਰੀ ਨਾਲ ਪੇਸ਼ ਕੀਤਾ ਗਿਆ। ਅਦਾਲਤ ਅੰਦਰ ਜੱਗੀ ਜੌਹਲ ਨੂੰ ਮਿਲਣ ਲਈ ਉਚੇਚੇ ਤੌਰ ਤੇ ਬ੍ਰਿਟਿਸ਼ ਅੰਬੈਸੀ ਦੇ ਪ੍ਰਤੀਨਿਧ ਅਦਾਲਤ ਪਹੁੰਚੇ ਸਨ ਤੇ ਉਨਾਂ ਨੇ ਜੱਗੀ ਨਾਲ ਮਿਲਕੇ ਮਾਮਲੇ ਦੀ ਜਾਣਕਾਰੀ ਲਈ।

ਜ਼ਿਕਰਯੋਗ ਹੈ ਕਿ ਇਨਾਂ ਬੰਦੀ ਸਿੰਘਾਂ ਦੇ ਸਮੂਹ ਮਾਮਲੇ ਪੰਜਾਬ ਰਾਜ ਨਾਲ ਸਬੰਧਤ ਹਨ ਅਤੇ ਐਨ ਆਈ ਏ ਵਲੋਂ ਜਾਣਬੁੱਝ ਕੇ ਬੰਦੀ ਸਿੰਘ ਅਤੇ ਉਨਾਂ ਦੇ ਪਰਿਵਾਰ ਨੂੰ ਖੱਜ਼ਲ ਖੁਆਰ ਕਰਨ ਲਈ ਮਾਮਲੇ ਦਿੱਲੀ ਚਲਾਏ ਜਾ ਰਹੇ ਹਨ ਉਸ ਤੋਂ ਵੱਡੀ ਤ੍ਰਾਸਦੀ ਇਹ ਹੈ ਕਿ ਇਨਾਂ ਨਾਲ ਹੋਏ ਸਰਕਾਰੀ ਧੱਕੇ ਖਿਲਾਫ ਸਿੱਖ ਜੱਥੇਬੰਦੀਆਂ ਦਾ ਨਾ ਬੋਲਣਾ ਅਤੇ ਵਿਦੇਸ਼ਾਂ ਵਿਚ ਬੰਦੀ ਸਿੰਘਾਂ ਦੇ ਹੱਕ ਵਿਚ ਮੁਜਾਹਰੇ ਹੋਣੇ ਸਾਡੇ ਲੀਡਰਾਂ ਦਾ ਪੰਥਕ ਹੋਣ ਬਾਰੇ ਦੱਸਿਆ ਜਾ ਰਿਹਾ ਹੈ। ਚੱਲੇ ਮਾਮਲੇ ਵਿਚ ਸਿੰਘਾਂ ਵਲੋਂ ਵਕੀਲ ਜਸਪਾਲ ਸਿੰਘ ਮੰਝਪੁਰ, ਪਰਮਜੀਤ ਸਿੰਘ ਅਤੇ ਉਨਾਂ ਦੇ ਸਪੁਤਰ ਮਨਪ੍ਰੀਤ ਸਿੰਘ, ਬੰਕਿਮ ਕੁਲਸ਼੍ਰੇਸਤਾ ਅਤੇ ਕੁਲਵਿੰਦਰ ਕੌਰ ਪੇਸ਼ ਹੋਏ ਸਨ ਅਤੇ ਬੰਦੀ ਸਿੰਘਾਂ ਨੂੰ ਮਿਲਣ ਲਈ ਉਨਾਂ ਦੇ ਪਰਿਵਾਰਕ ਮੈਂਬਰ ਅਤੇ ਮਿੱਤਰ ਪਹੁੰਚੇ ਸਨ। ਚਲ ਰਹੇ ਮਾਮਲੇ ਵਿਚ ਲਗਾਤਾਰ 2 ਤਰੀਕਾਂ ਸਨ ਪਰ ਕਲ ਦੀ ਤਰੀਕ ਰੱਦ ਕਰ ਦਿੱਤੀ ਜਾਣ ਕਰਕੇ ਹੁਣ ਅਗਲੀ ਸੁਣਵਾਈ 23 ਜਨਵਰੀ ਨੂੰ ਹੋਵੇਗੀ।

## ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ’ਚ ਸ਼ਾਮਲ ਹੋਣਗੇ ਪ੍ਰਵਾਸੀ ਸਿੱਖ

**ਚੰਡੀਗੜ੍ਹ/ਏ.ਟੀ. ਨਿਊਜ਼ :** ਵਿਦੇਸ਼ਾਂ ਵਿੱਚ ਰਹਿੰਦੇ ਸਿੱਖਾਂ ਦੇ ਗਿਲੇ-ਸ਼ਿਕਵੇ ਦੂਰ ਕਰਨ ਲਈ ਸ਼੍ਰੋਮਣੀ ਕਮੇਟੀ ਨੇ ਵੱਡਾ ਫੈਸਲਾ ਲਿਆ ਹੈ। ਸ਼੍ਰੋਮਣੀ ਕਮੇਟੀ ਲਗਪਗ 100 ਸਾਲ ਬਾਅਦ ਸੰਸਥਾ ਦਾ ਘੇਰਾ ਵਿਦੇਸ਼ ਤੱਕ ਫੈਲਾਉਣ ਜਾ ਰਹੀ ਹੈ। ਸ਼੍ਰੋਮਣੀ ਕਮੇਟੀ ਇਸ ਸਬੰਧੀ ਵਿਦੇਸ਼ਾਂ ਵਿੱਚ ਵੱਸਦੇ ਸਿੱਖਾਂ ਦਾ 51 ਮੈਂਬਰੀ ਬੋਰਡ ਬਣਾਏਗੀ। ਇਸ ਬਾਰੇ ਬੁੱਧਵਾਰ ਨੂੰ ਜਨਰਲ ਇਜਲਾਸ ਦੌਰਾਨ ਮਤਾ ਪਾਸ ਕੀਤਾ ਗਿਆ ਹੈ। ਸ਼੍ਰੋਮਣੀ ਕਮੇਟੀ ਦਾ ਕਹਿਣਾ ਹੈ ਕਿ ਇਸ ਦਾ ਮਕਸਦ ਵਿਦੇਸ਼ਾਂ ਵਿੱਚ ਵੱਸਦੇ ਸਿੱਖਾਂ ਦੀਆਂ ਸਮੱਸਿਆਵਾਂ ਦਾ ਹੱਲ ਕਰਨਾ ਹੈ। ਯਾਦ ਰਹੇ ਵਿਦੇਸ਼ਾਂ ਵਿਚ ਵੱਸਦੇ ਸਿੱਖਾਂ ਨੂੰ ਇਸ ਵੇਲੇ ਪਛਾਣ ਦੀ ਸਮੱਸਿਆ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਸਿੱਖ ਕਕਾਰਾਂ ਦੀ ਪਛਾਣ ਕਰਾਉਣਾ ਵੀ ਵੱਡਾ ਮਸਲਾ ਹੈ। ਸਿੱਖਾਂ ’ਤੇ ਹੋ ਰਹੇ ਨਫ਼ਰਤੀ ਹਮਲੇ ਵੀ ਸਮੁੱਚੇ ਸਿੱਖ ਜਗਤ ਲਈ ਚਿੰਤਾ ਦਾ ਵਿਸ਼ਾ ਹਨ। ਇਨ੍ਹਾਂ ਮੁਸ਼ਕਲਾਂ ਦੇ ਹੱਲ ਲਈ ਵੱਖ-ਵੱਖ ਦੇਸ਼ਾਂ ਵਿੱਚੋਂ ਪ੍ਰਮੁੱਖ ਸਿੱਖ ਸ਼ਖ਼ਸੀਅਤਾਂ ਦਾ 51 ਮੈਂਬਰੀ ਸਲਾਹਕਾਰ ਬੋਰਡ ਕਾਇਮ ਕਰਨ ਦੇ ਫ਼ੈਸਲੇ ਨੂੰ ਜਨਰਲ ਹਾਊਸ ਵੱਲੋਂ ਪ੍ਰਵਾਨਗੀ ਦਿੱਤੀ ਗਈ ਹੈ। ਇਸ ਬੋਰਡ ਦਾ ਮੁਖੀ ਸ਼੍ਰੋਮਣੀ ਕਮੇਟੀ ਦਾ ਪ੍ਰਧਾਨ ਹੋਵੇਗਾ ਤੇ ਬੋਰਡ ਦੀਆਂ ਸਾਲ ਵਿੱਚ ਘੱਟੋ-ਘੱਟ ਦੋ ਮੀਟਿੰਗਾਂ ਕੀਤੀਆਂ ਜਾਣਗੀਆਂ, ਜਿਸ ਵਿੱਚ ਵਿਦੇਸ਼ ਵਿੱਚ ਵੱਸਦੇ ਸਿੱਖਾਂ ਨੂੰ ਪੇਸ਼ ਮਸਲਿਆਂ ’ਤੇ ਵਿਚਾਰ ਚਰਚਾ ਕੀਤੀ ਜਾਵੇਗੀ। ਮੁੱਖ ਸਕੱਤਰ ਡਾ. ਰੂਪ ਸਿੰਘ ਨੇ ਆਖਿਆ ਕਿ ਮੀਟਿੰਗਾਂ ਦੌਰਾਨ ਜਦੋਂ ਸਿੱਖ ਮਸਲਿਆਂ ’ਤੇ ਵਿਚਾਰ ਹੋਵੇਗੀ ਤਾਂ ਉਨ੍ਹਾਂ ਦੇ ਹੱਲ ਲਈ ਵੀ ਉਪਰਾਲੇ ਸ਼ੁਰੂ ਹੋਣਗੇ।

### ਕਰਤਾਰਪੁਰ ਸਾਹਿਬ ਦੇ ਦਰਸ਼ਨ ਹੁਣ ਸੌਖੇ ਹੋਏ

**ਚੰਡੀਗੜ੍ਹ/ਏ.ਟੀ. ਨਿਊਜ਼ :** ਪਾਕਿਸਤਾਨ ਗੁਰਦੁਆਰਾ ਕਰਤਾਰਪੁਰ ਸਾਹਿਬ ਦੇ ਦਰਸ਼ਨਾਂ ਲਈ ਸੰਗਤ ਦੀ ਗਿਣਤੀ ਦਿਨ-ਬ-ਦਿਨ ਵਧਦੀ ਜਾ ਰਹੀ ਹੈ। ਭਾਰਤੀ ਅਧਿਕਾਰੀ ਕਲੀਅਰੈਂਸ ਦੇਣ ਲਈ ਨਰਮੀ ਵਰਤਣ ਲੱਗੇ ਹਨ। ਇਸ ਲਈ ਹੁਣ ਵੱਧ ਲੋਕਾਂ ਨੂੰ ਜਾਣ ਦੀ ਇਜਾਜ਼ਤ ਦਿੱਤੀ ਜਾਣ ਲੱਗੀ ਹੈ। ਕਰਤਾਰਪੁਰ ਰਾਵੀ ਦਰਸ਼ਨ ਅਭਿਲਾਸ਼ੀ ਸੰਸਥਾ ਦੇ ਜਨਰਲ ਸਕੱਤਰ ਗੁਰਿੰਦਰ ਸਿੰਘ ਬਾਜਵਾ ਨੇ ਆਸ ਨਾਲੋਂ ਘੱਟ ਸ਼ਰਧਾਲੂਆਂ ਦੇ ਜਾਣ ’ਤੇ ਮੰਗ ਕੀਤੀ ਕਿ ਪਾਕਿਸਤਾਨ ਨੂੰ ਪਾਸਪੋਰਟ ਦੀ ਸ਼ਰਤ ਹਮੇਸ਼ਾ ਲਈ ਹਟਾ ਦੇਣੀ ਚਾਹੀਦੀ ਹੈ, ਕਿਉਂਕਿ ਇਸ ਨਾਲ ਸੰਗਤ ਵਿਚ ਕਈ ਤਰ੍ਹਾਂ ਦੇ ਭਰਮ ਭੁਲੇਖੇ ਪੈਦਾ ਹੋ ਰਹੇ ਹਨ।










# ਸ੍ਰੀ ਗੁਰੂ ਗਰੰਥ ਸਾਹਿਬ ਪੰਜਾਬੀ ਅਕਾਦਮੀ ਸਕੂਲ ਦੇ ਬੱਚਿਆਂ ਦਾ ਵਿਸ਼ੇਸ਼ ਸਨਮਾਨ

***ਪੰਜਾਬੀ ਵਿਦੇਸ਼ਾਂ ਵਿੱਚ ਰੁਜ਼ਗਾਰ ਦੀ ਭਾਸ਼ਾ ਬਣ ਰਹੀ ਹੈ- ਦਿਲਬਰ***



**ਲੰਡਨ/ਮਨਦੀਪ ਖੁਰਮੀ ਹਿੰਮਤਪੁਰਾ :** ਸ੍ਰੀ ਗੁਰੂ ਗ੍ਰੰਥ ਸਾਹਿਬ ਗੁਰਦੁਆਰਾ ਅਧੀਨ ਚਲਦੀ ਪੰਜਾਬੀ ਅਕਾਦਮੀ ਵੱਲੋਂ ਪੰਜਾਬੀ ਇਮਤਿਹਾਨਾਂ ਵਿੱਚ ਚੰਗੀ ਕਾਰਗੁਜ਼ਾਰੀ ਕਰਨ ਵਾਲੇ ਬੱਚਿਆਂ ਨੂੰ ਸਨਮਾਨਿਤ ਕਰਨ ਹਿਤ ਵਿਸ਼ੇਸ਼ ਸਮਾਗਮ ਕਰਵਾਇਆ ਗਿਆ। ਸਮਾਗਮ ਦੀ ਸ਼ੁਰੂਆਤ ਬੱਚੀ ਮਨਰੂਪ ਕੌਰ ਦੇ ਧਾਰਮਿਕ ਸ਼ਬਦ ਨਾਲ ਹੋਈ। ਇਸ ਉਪਰੰਤ ਗੁਰਦੁਆਰ ਸਾਹਿਬ ਦੇ ਮੁੱਖ ਸੇਵਾਦਾਰ ਲਭਾਇਆ ਸਿੰਘ ਮਹਿਮੀ, ਸਕੱਤਰ ਦਲਜੀਤ ਸਿੰਘ ਦਿਲਬਰ, ਸਕੂਲ ਪ੍ਰਮੁੱਖ ਦਿਲਜੀਤ ਕੌਰ ਦਿਲਬਰ, ਪ੍ਰਭਜੋਤ ਕੌਰ ਵਿਰਹਾ ਨੇ ਜੀ ਸੀ ਐੱਸ ਈ ਅਤੇ ਲੈਵਲ 1 ਪਾਸ ਕਰਨ ਵਾਲੇ 12 ਵਿਦਿਆਰਥੀਆਂ ਨੂੰ ਸਰਟੀਫਿਕੇਟਾਂ ਅਤੇ ਸਨਮਾਨ ਚਿੰਨ੍ਹਾਂ ਨਾਲ ਨਿਵਾਜਿਆ ਗਿਆ। ਇਸ ਸਮੇਂ ਬੋਲਦਿਆਂ ਸ੍ਰੀਮਤੀ ਦਿਲਬਰ ਅਤੇ ਪ੍ਰਭਜੋਤ ਕੌਰ ਨੇ ਕਿਹਾ ਕਿ ਉਹਨਾਂ ਦੇ ਸਕੂਲ ਵਿੱਚ 300 ਦੇ ਲਗਭਗ ਬੱਚੇ ਵੱਖ ਵੱਖ ਪੰਜਾਬੀ ਜਮਾਤਾਂ ਵਿੱਚ ਪੜ੍ਹ ਰਹੇ ਹਨ। ਭਾਈਚਾਰੇ ਦੇ ਪੂਰਨ ਸਹਿਯੋਗ ਨਾਲ ਚਲਦੇ ਇਸ ਸਕੂਲ ਵਿੱਚੋਂ ਹਰ ਸਾਲ ਬੱਚੇ ਆਪਣੀਆਂ ਪ੍ਰੀਖਿਆਵਾਂ ਪਾਸ ਕਰਕੇ ਸਮਾਜ ਵਿੱਚ ਵਿਚਰਣ ਲਾਇਕ ਹੋ ਜਾਂਦੇ ਹਨ। ਉਹਨਾਂ ਕਿਹਾ ਕਿ ਬਤੌਰ ਅਧਿਆਪਕ ਉਦੋਂ ਖੁਸ਼ੀ ਹੁੰਦੀ ਹੈ ਜਦੋਂ ਉਹਨਾਂ ਕੋਲੋਂ ਪਾਸ ਹੋ ਕੇ ਗਏ ਬੱਚੇ ਪੰਜਾਬੀ ਦੀ ਵਾਧੂ ਯੋਗਤਾ ਦੇ ਸਿਰ 'ਤੇ ਨੌਕਰੀ ਹਾਸਲ ਕਰਨ ਵਿੱਚ ਕਾਮਯਾਬ ਹੁੰਦੇ ਹਨ। ਉਹਨਾਂ ਸਮੂਹ ਵਿਦਿਆਰਥੀਆਂ ਨੂੰ ਤਾਕੀਦ ਕੀਤੀ ਕਿ ਉਹ ਵੀ ਮਿਹਨਤ ਨਾਲ ਪਾਸ ਹੋਣ ਤਾਂ ਕਿ ਵੱਖ ਵੱਖ ਖੇਤਰਾਂ ਵਿੱਚ ਪੰਜਾਬੀ ਗਾਹਕਾਂ ਨਾਲ ਰਾਬਤਾ ਕਰਨ ਲਈ ਪੈਦਾ ਹੁੰਦੀਆਂ ਨੌਕਰੀਆਂ ਉਹਨਾਂ ਦੇ ਹੱਥ ਆ ਸਕਣ। ਇਸ ਸਮੇਂ ਦਿਲਜੀਤ ਕੌਰ ਦਿਲਬਰ ਨੇ ਸਕੂਲ ਦੀਆਂ ਅਧਿਆਪਕਾਵਾਂ ਮਨਜੀਤ ਕੌਰ, ਰਣਜੀਤ ਕੌਰ ਸਮਰਾ, ਰੁਪਨੀਤ ਕੌਰ, ਨਵਦੀਪ ਕੌਰ, ਸੁਰਿੰਦਰ ਕੌਰ, ਗੁਰਦੀਪ ਕੌਰ, ਜਸਬੀਰ ਕੌਰ, ਮਨਜੀਤ ਚਾਹਲ, ਮਨਜੀਤ ਪੁਰੀ ਅਤੇ ਬੱਚਿਆਂ ਦੇ ਮਾਪਿਆਂ ਨੂੰ ਇਹਨਾਂ ਮਾਣਮੱਤੀਆਂ ਪ੍ਰਾਪਤੀਆਂ ਲਈ ਹਾਰਦਿਕ ਵਧਾਈ ਪੇਸ਼ ਕੀਤੀ।

# ਹੋਸਟਨ ਪੁਲਿਸ ਵਿਭਾਗ ਵਿਚ ਸਿੱਖ ਆਪਣੇ ਧਾਰਮਿਕ ਚਿੰਨ ਸਮੇਤ ਕਰ ਸਕਣਗੇ ਨੌਕਰੀ



**ਹੋਸਟਨ/ਹੁਸਨ ਲੜੋਆ ਬੰਗਾ :** ਹੋਸਟਨ, ਟੈਕਸਾਸ ਅਧਿਕਾਰੀਆਂ ਨੇ ਭਾਰਤੀ ਮੂਲ ਦੇ ਅਮਰੀਕੀ ਸਿੱਖਾਂ ਲਈ ਇਕ ਨਵੀਂ ਲਚਕਦਾਰ ਨੀਤੀ ਅਪਣਾਈ ਹੈ ਜਿਸ ਤਹਿਤ ਸਾਬਤ ਸੂਰਤ ਸਿੱਖ ਆਪਣੇ ਧਾਰਮਿਕ ਚਿੰਨ ਨਾਲ ਹੋਸਟਨ ਪੁਲਿਸ ਵਿਭਾਗ ਵਿਚ ਨੌਕਰੀ ਕਰ ਸਕਣਗੇ। ਇਹ ਜਾਣਕਾਰੀ ਸਿੱਖ ਅਮਰੀਕਨ ਲੀਗਲ ਡਿਫੈਂਸ ਐਂਡ ਐਜੂਕੇਸ਼ਨ ਫੰਡ (ਸਾਲਡੈਫ) ਨੇ ਦਿੱਤੀ ਹੈ। ਪ੍ਰੈਸ ਰਿਲੀਜ਼ ਅਨੁਸਾਰ ਟੈਕਸਾਸ ਵਿਚ ਹੋਸਟਨ ਪੁਲਿਸ ਵਿਭਾਗ ਸਭ ਤੋਂ ਵੱਡੀ ਲਾਅ ਇਨਫੋਰਸਮੈਂਟ ਏਜੰਸੀ ਹੈ। ਸਾਲਡੈਫ ਨੇ ਕਿਹਾ ਹੈ ਕਿ ਹੋਸਟਨ ਪੁਲਿਸ ਵਿਭਾਗ ਨੇ ਸਿੱਖਾਂ ਲਈ ਆਪਣੇ ਦਰਵਾਜ਼ੇ ਖੋਲ ਦਿੱਤੇ ਹਨ ਤੇ ਇਸ ਫੈਸਲੇ ਦਾ ਅਸਰ ਬਾਕੀ ਸ਼ਹਿਰਾਂ ਵਿਚ ਵੀ ਪਵੇਗਾ। ਇਸ ਮੌਕੇ ਮੇਅਰ ਸਿਲਵੈਸਟਰ ਟਰਨਰ ਨੇ ਇਕ ਸਿਰਫਿਰੇ ਗੋਰੇ ਵੱਲੋਂ ਚਲਾਈਆਂ ਗੋਲੀਆਂ ਦਾ ਸ਼ਿਕਾਰ ਬਣੇ ਡਿਪਟੀ ਸੰਦੀਪ ਸਿੰਘ ਧਾਲੀਵਾਲ ਦੀਆਂ ਵਿਲੱਖਣ ਸੇਵਾਵਾਂ ਦੀ ਸ਼ਲਾਘਾ ਕੀਤੀ ਗਈ। ਉਨ੍ਹਾਂ ਇਕ ਪ੍ਰੈਸ ਕਾਨਫਰੰਸ ਵਿਚ ਸ਼ਾਨਦਾਰ ਸੇਵਾਵਾਂ ਲਈ ਧਾਲੀਵਾਲ ਦਾ ਧੰਨਵਾਦ ਕੀਤਾ। ਟਰਨਰ ਨੇ ਕਿਹਾ ਕਿ ਪੁਲਿਸ ਵਿਭਾਗ ਵਿਚ ਸਾਬਤ ਸੂਰਤ ਸਿੱਖਾਂ ਦੀ ਭਰਤੀ ਦਾ ਫੈਸਲਾ ਅਚਨਚੇਤ ਜਾਂ ਖੁਦ ਬਖੁਦ ਨਹੀਂ ਹੋਇਆ, ਇਸ ਦੀ ਨੀਂਹ ਸੰਦੀਪ ਸਿੰਘ ਧਾਲੀਵਾਲ ਵੱਲੋਂ ਕੀਤੇ ਗਏ ਕੰਮ ਨੇ ਰੱਖੀ ਸੀ। ਉਨ੍ਹਾਂ ਕਿਹਾ ਕਿ ਪਬਲਿਕ ਸੇਵਾਵਾਂ ਵਿਚ ਵੱਖ ਵੱਖ ਭਾਈਚਾਰਿਆਂ ਦੀ ਸ਼ਮੂਲੀਅਤ ਹੋਸਟਨ ਸ਼ਹਿਰ ਦੀ ਖਾਸੀਅਤ ਹੈ। ਸਾਲਡੈਫ ਦੀ ਐਗਜੈਕਟਿਵ ਡਾਇਰੈਕਟਰ ਕਿਰਨ ਕੌਰ ਗਿੱਲ ਨੇ ਕਿਹਾ ਕਿ ਭਿੰਨਤਾ ਤੇ ਆਪਣੇ ਆਪ ਵਿਚ ਸਮਾ ਲੈਣਾ ਬੁਨਿਆਦੀ ਅਮਰੀਕੀ ਆਦਰਸ਼ ਹਨ। ਹੋਸਟਨ ਪੁਲਿਸ ਵਿਭਾਗ ਨੇ ਇਨ੍ਹਾਂ ਆਦਰਸ਼ਾਂ ਨੂੰ ਕਾਇਮ ਰਖਿਆ ਹੈ ਤੇ ਮਜਬੂਤ ਕੀਤਾ ਹੈ। ਉਨ੍ਹਾਂ ਨੇ ਮੇਅਰ ਟਰਨਰ ਤੇ ਪੁਲਿਸ ਮੁੱਖੀ ਆਰਟ ਏਸਵੀਡੋ ਦਾ ਇਸ ਅਹਿਮ ਨੀਤੀ ਤਬਦੀਲੀ ਲਈ ਧੰਨਵਾਦ ਕੀਤਾ ਹੈ।

# ਇੰਗਲੈਂਡ 'ਚ ਵਿਸ਼ਵ ਜੰਗ ਦੇ ਸ਼ਹੀਦ ਸਿੱਖ ਸਿਪਾਹੀ ਦਾ ਬੁੱਤ ਸਥਾਪਿਤ

**ਲੰਡਨ/ਗਲਾਸਗੋ /ਮਨਦੀਪ ਖੁਰਮੀ ਹਿੰਮਤਪੁਰਾ :** ਇੰਗਲੈਂਡ ਦੇ ਸ਼ਹਿਰ ਹਡਰਜ਼ਫੀਲਡ ਵਿਖੇ ਵਿਸ਼ਵ ਜੰਗ ਦੌਰਾਨ ਸ਼ਹੀਦ ਹੋਏ ਸਿੱਖ ਸਿਪਾਹੀਆਂ ਦੀ ਸ਼ਹਾਦਤ ਨੂੰ ਨਮਨ ਕਰਨ ਹਿਤ ਵੱਡ ਆਕਾਰੀ ਪਿੱਤਲ ਦੇ ਬੁੱਤ ਦੀ ਸਥਾਪਨਾ ਕੀਤੀ ਗਈ ਹੈ। 65000 ਪੌਂਡ ਦੀ ਲਾਗਤ ਨਾਲ ਤਿਆਰ ਹੋਏ ਇਸ ਪਿੱਤਲ ਦੇ ਬੁੱਤ ਨੂੰ ਗਰੀਨਹੈੱਡ ਪਾਰਕ ਵਿਖੇ ਲਗਾਇਆ ਗਿਆ ਹੈ। ਸਿੱਖ ਸੋਲਜ਼ਰਜ਼ ਸੰਸਥਾ ਦੇ ਬੁਲਾਰੇ ਕਲਵਿੰਦਰ ਭੁੱਲਰ ਅਨੁਸਾਰ ਇਸ 6 ਫੁੱਟ ਆਕਾਰ ਦੇ ਬੁੱਤ ਨੂੰ ਸਥਾਪਿਤ ਕਰਨ



ਵਿੱਚ ਸਥਾਨਕ ਸਿੱਖ ਭਾਈਚਾਰੇ ਦਾ ਸਾਥ ਬਾ-ਕਮਾਲ ਰਿਹਾ ਹੈ। ਇੱਥੋਂ ਦੇ ਉਤਸ਼ਾਹੀ ਭਾਈਚਾਰੇ ਕਰਕੇ ਹੀ ਹਡਰਜ਼ਫੀਲਡ ਨੂੰ ਇਹ ਬੁੱਤ ਸਥਾਪਿਤ ਕਰਨ ਲਈ ਚੁਣਿਆ ਗਿਆ ਹੈ। ਉਹਨਾਂ ਦਾ ਕਹਿਣਾ ਹੈ ਕਿ ਪਹਿਲੀ ਅਤੇ ਦੂਜੀ ਵਿਸ਼ਵ ਜੰਗ ਵਿੱਚ 83000 ਦੇ ਲਗਭਗ ਸਿੱਖ ਬਹਾਦਰ ਸ਼ਹੀਦ ਹੋਏ ਅਤੇ ਅਨੇਕਾਂ ਜ਼ਖ਼ਮੀ ਹੋਏ ਸਨ। ਉਹਨਾਂ ਸਭ ਨੂੰ ਆਪਣਾ ਮੋਹ ਸਤਿਕਾਰ ਭੇਂਟ ਕਰਨ ਦੇ ਜਰੀਏ ਵਜੋਂ ਇਹ ਬੁੱਤ ਹੋਂਦ ਵਿੱਚ ਆਇਆ ਹੈ ਤਾਂ ਜੋ ਸਾਡੀਆਂ ਆਉਣ ਵਾਲੀਆਂ ਨਸਲਾਂ ਅਜਿਹੇ ਸਮਾਰਕਾਂ ਉੱਪਰ ਲਿਖ ਸ਼ਬਦਾਵਲੀ ਨੂੰ ਪੜ੍ਹ ਕੇ ਮਾਣ ਮਹਿਸੂਸ ਕਰਦੀ ਰਹੇ।








Corporate Office
4127 Bay Street, Suite 8
Fremont, CA 94538
Email: asrtimes@gmail.com

Tel: (510) 240-5949
Fax: (888) 323-6950
ਐਡਵਰਟਾਈਜ਼ਮੈਂਟ ਲਈ ਸੰਪਰਕ
(408) 457-6157

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ 'ਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ।
*The opinions expressed in this newspaper donot necessarily represent the views or opinions of the staff or employees of Quomantry Amritsar times. *All Disputes must be Handled in Santa Clara Superior Court.

# ਭਾਰਤ 'ਚ ਹੋ ਰਹੀ ਏ ਔਰਤਾਂ ਦੇ ਅਧਿਕਾਰਾਂ ਦੀ ਘੋਰ ਉਲੰਘਣਾ

## ਵਰਲਡ ਇਕਨਾਮਿਕ ਫੋਰਮ ਦੀ ਰਿਪੋਰਟ 2018 ਅਨੁਸਾਰ ਭਾਰਤ ਦਾ ਔਰਤ ਵਿਤਕਰੇ ਦੇ ਮਾਮਲੇ ਵਿੱਚ 142 ਦੇਸ਼ਾਂ ਵਿਚੋਂ 108 ਵਾਂ ਨੰਬਰ

- ਔਰਤਾਂ ਨੂੰ ਜਾਇਦਾਦ 'ਚ ਨਹੀਂ ਮਿਲ ਰਿਹਾ ਹਿੱਸਾ
- ਔਰਤਾਂ ਖ਼ਿਲਾਫ਼ ਅਪਰਾਧ ਦੀਆਂ ਘਟਨਾਵਾਂ ਵਿਚ ਲਗਾਤਾਰ ਹੋ ਰਿਹੈ ਵਾਧਾ
- ਔਰਤਾਂ ਨੂੰ ਘਰ ਤੋਂ ਬਾਹਰ ਸਮਾਜਿਕ ਅਤੇ ਪੰਚਾਇਤੀ ਕੰਮ ਕਰਨ ਦੀ ਇਜਾਜ਼ਤ ਹੈ ਨਾ-ਮਾਤਰ



**ਚੰਡੀਗੜ੍ਹ/ਏ.ਟੀ. ਨਿਊਜ਼** :-ਔਰਤਾਂ ਦਾ ਸਰੀਰਕ ਅਤੇ ਮਾਨਸਿਕ ਸ਼ੋਸ਼ਣ ਦੁਨੀਆਂ ਵਿੱਚ ਸਭ ਤੋਂ ਵੱਡੀ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਵਜੋਂ ਦੇਖਿਆ ਜਾ ਰਿਹਾ ਹੈ। ਭਾਰਤ ਵਰਗੇ ਵਿਕਾਸਸ਼ੀਲ ਦੇਸ਼ਾਂ ਅੰਦਰ ਹਾਲਾਤ ਹੋਰ ਵੀ ਖ਼ਰਾਬ ਹਨ। ਸੰਯੁਕਤ ਰਾਸ਼ਟਰ ਸੰਘ ਦੇ ਸਕੱਤਰ ਜਨਰਲ ਅੰਤੋਨੀਓ ਗੁਟੇਰੇਜ਼ ਦਾ ਕਹਿਣਾ ਹੈ ਕਿ ਔਰਤਾਂ ਅਤੇ ਕੁੜੀਆਂ ਖ਼ਿਲਾਫ਼ ਜਿਸਮਾਨੀ ਹਿੰਸਾ ਦੀਆਂ ਜੜ੍ਹਾਂ ਸਦੀਆਂ ਤੋਂ ਚੱਲ ਰਹੀ ਮਰਦ ਪ੍ਰਧਾਨਗੀ ਵਿੱਚ ਹਨ। ਸਕੱਤਰ ਜਨਰਲ ਦੇ ਇਨ੍ਹਾਂ ਸ਼ਬਦਾਂ ਨੂੰ ਸਹੀ ਮੰਨਦਿਆਂ ਦੁਨੀਆਂ ਭਰ ਵਿੱਚ 25 ਨਵੰਬਰ ਨੂੰ ਔਰਤਾਂ ਖ਼ਿਲਾਫ਼ ਹਿੰਸਾ ਰੋਕਣ ਵਜੋਂ ਮਨਾਇਆ ਜਾ ਰਿਹਾ ਹੈ। ਵਰਲਡ ਇਕਨਾਮਿਕ ਫੋਰਮ ਦੀ ਸੰਸਾਰ ਵਿਆਪੀ ਲਿੰਗਕ ਗੈਰ ਬਰਾਬਰੀ ਰਿਪੋਰਟ 2018 ਅਨੁਸਾਰ ਭਾਰਤ ਦਾ ਇਸ ਵਿਤਕਰੇ ਦੇ ਮਾਮਲੇ ਵਿੱਚ 142 ਦੇਸ਼ਾਂ ਵਿਚੋਂ 108 ਵਾਂ ਨੰਬਰ ਹੈ। ਭਰੂਣ ਹੱਤਿਆ ਦੇ ਮਾਮਲੇ ਵਿਚ ਪੰਜਾਬ ਨੂੰ ਦੇਖਿਆ ਜਾਵੇ ਤਾਂ 2005 ਵਿੱਚ ਕਾਨੂੰਨ ਬਣ ਚੁੱਕਾ ਹੈ ਕਿ ਕੁੜੀਆਂ ਨੂੰ ਆਪਣੇ ਪਿਤਾ ਦੀ ਜਾਇਦਾਦ ਵਿੱਚ ਬਰਾਬਰ ਦਾ ਹੱਕ ਹੈ ਪਰ ਕਾਨੂੰਨ ਲਾਗੂ ਕਰਨ ਲਈ ਜ਼ਮਾਨੇ ਦਾ ਹਾਲੇ ਕੋਈ ਦਸਤੂਰ ਨਹੀਂ ਬਣਿਆ।

ਸਿਆਸੀ ਖੇਤਰ ਵਿੱਚ 33 ਫੀਸਦ ਰਾਖਵੇਂਕਰਨ ਦਾ ਮੁੱਦਾ ਹਵਾ ਵਿੱਚ ਲਟਕ ਰਿਹਾ ਹੈ। ਸਥਾਨਕ ਸਰਕਾਰਾਂ ਜਾਂ ਪੰਚਾਇਤੀ ਰਾਜ ਸੰਸਥਾਵਾਂ ਵਿੱਚ ਔਰਤਾਂ ਨੂੰ ਸਰਪੰਚ, ਪੰਚ, ਜ਼ਿਲ੍ਹਾ ਪਰਿਸ਼ਦ ਅਤੇ ਪੰਚਾਇਤ ਸਮਿਤੀਆਂ ਦੇ ਚੇਅਰਮੈਨ ਦੇ ਅਹੁਦਿਆਂ ਵਿੱਚ ਵੀ 50 ਫੀਸਦ ਰਾਖਵਾਂਕਰਨ ਦੇ ਦਿੱਤਾ ਹੈ। ਕੇਂਦਰ ਸਰਕਾਰ ਵੱਲੋਂ 73ਵੀਂ ਸੰਵਿਧਾਨਕ ਸੋਧ ਦੇ ਲਾਗੂ ਹੋਣ ਤੋਂ ਵੀਹ ਸਾਲਾਂ ਦਾ ਅਧਿਐਨ ਕਰਵਾਇਆ ਗਿਆ ਤਾਂ ਅਧਿਐਨ ਕਰਨ ਵਾਲੀ ਮਨੀਸ਼ੰਕਰ ਅਈਅਰ ਕਮੇਟੀ ਨੇ ਕਿਹਾ ਕਿ ਦੇਸ਼ ਵਿੱਚ ਸਰਪੰਚ ਨਹੀਂ ਬਲਕਿ ਸਰਪੰਚ ਪਤੀ ਰਾਜ ਹੈ। ਔਰਤਾਂ ਨੂੰ ਘਰ ਤੋਂ ਬਾਹਰ ਸਮਾਜਿਕ ਅਤੇ ਪੰਚਾਇਤੀ ਕੰਮ ਕਰਨ ਦੀ ਇਜਾਜ਼ਤ ਨਾ-ਮਾਤਰ ਹੈ।

ਪੰਜਾਬ ਵਿੱਚ ਔਰਤਾਂ ਨਾਲ ਜਬਰ-ਜਨਾਹ, ਘਰੇਲੂ ਹਿੰਸਾ ਅਤੇ ਜਿਸਮਾਨੀ ਛੇੜਛਾੜ ਦੀਆਂ ਘਟਨਾਵਾਂ ਵਿੱਚ ਲਗਾਤਾਰ ਵਾਧਾ ਹੋ ਰਿਹਾ ਹੈ। ਪੰਜਾਬ ਪੁਲੀਸ ਦੇ ਸੀਨੀਅਰ ਅਧਿਕਾਰੀਆਂ ਨੇ ਦੱਸਿਆ ਕਿ ਕਾਨੂੰਨ ਨੂੰ ਲਾਗੂ ਕਰਨ ਵਾਲੀ ਫੋਰਸ ਸੂਬਾਈ ਪੁਲੀਸ ਵਿਭਾਗ ਵਿੱਚ ਵੀ ਔਰਤਾਂ ਨੂੰ ਨੌਕਰੀ ਕਰਨ ਲਈ ਮੁਸੀਬਤਾਂ ਭਰੇ ਦੌਰ ਵਿੱਚੋਂ ਲੰਘਣਾ ਪੈ ਰਿਹਾ ਹੈ। ਇਸ ਸੂਬੇ ਵਿੱਚ ਰੋਜ਼ਾਨਾ ਤਿੰਨ ਤੋਂ ਵੱਧ ਔਰਤਾਂ ਨਾਲ ਜਬਰ-ਜਨਾਹ ਹੁੰਦੇ ਹਨ ਤੇ ਸੱਤ ਔਰਤਾਂ ਛੇੜਛਾੜ ਦਾ ਸ਼ਿਕਾਰ ਹੁੰਦੀਆਂ ਹਨ। ਪੁਲੀਸ ਸੂਤਰਾਂ ਮੁਤਾਬਕ ਸੂਬੇ ਅੰਦਰ ਸਾਲ 2015 ਤੋਂ 31 ਅਕਤੂਬਰ 2019 ਤੱਕ ਦੇ ਸਮੇਂ (ਤਕਰੀਬਨ 1399 ਦਿਨਾਂ) ਦੌਰਾਨ ਜਬਰ-ਜਨਾਹ ਦੇ 4785 ਮਾਮਲੇ ਸਾਹਮਣੇ ਆਏ ਹਨ। ਇਨ੍ਹਾਂ ਦੀ ਰੋਜ਼ਾਨਾ ਔਸਤ 3.42 ਬਣਦੀ ਹੈ। ਇਸ ਸਮੇਂ ਦੌਰਾਨ ਹੀ ਅਗਵਾ ਦੀਆਂ 9681 ਘਟਨਾਵਾਂ ਵਾਪਰੀਆਂ ਤੇ 283 ਔਰਤਾਂ ਦਾਜ ਦੀ ਬਲੀ ਚੜ੍ਹ ਗਈਆਂ। ਪੰਜਾਬ ਮਹਿਲਾ ਕਮਿਸ਼ਨ ਦੇ ਅਧਿਕਾਰੀਆ ਦਾ ਕਹਿਣਾ ਹੈ ਕਿ ਅਦਾਲਤਾਂ ਦੀਆਂ ਹਦਾਇਤਾਂ ਦੇ ਬਾਵਜੂਦ ਜ਼ਿਆਦਤੀਆਂ ਤੋਂ ਪੀੜਤ ਔਰਤਾਂ ਦੀ ਸੁਣਵਾਈ ਨਾ ਹੋਣ ਦੀਆਂ ਸ਼ਿਕਾਇਤਾਂ ਅਕਸਰ ਆਉਂਦੀਆਂ ਹਨ ਤੇ ਪੁਲੀਸ ਦਾ ਰਵੱਈਆ ਕਾਰਵਾਈ ਦੀ ਥਾਂ ਸਮਝੌਤਾ ਕਰਾਉਣ ਵਾਲਾ ਹੁੰਦਾ ਹੈ। ਪੁਲੀਸ ਦੇ ਰਿਕਾਰਡ ਮੁਤਾਬਕ ਰਾਜ ਅੰਦਰ ਸਾਲ 2015 ਦੌਰਾਨ 886 ਦੇ ਕਰੀਬ, 2016 ਦੌਰਾਨ 838, 2017 ਦੌਰਾਨ 904, ਸਾਲ 2018 ਦੌਰਾਨ 1114 ਅਤੇ ਸਾਲ 2019 ਦੌਰਾਨ 31 ਅਕਤੂਬਰ ਤੱਕ ਤੱਕ 1040 ਘਟਨਾਵਾਂ ਵਾਪਰ ਚੁੱਕੀਆਂ ਹਨ। ਜ਼ਿਕਰਯੋਗ ਹੈ ਕਿ ਹਾਲ ਹੀ ਵਿਚ ਕੌਮਾਂਤਰੀ ਪੱਧਰ 'ਤੇ ਹੋਏ ਇੱਕ ਸਰਵੇਖਣ ਮੁਤਾਬਕ ਭਾਰਤ ਔਰਤਾਂ ਖ਼ਿਲਾਫ਼ ਹੁੰਦੇ ਅਪਰਾਧਾਂ ਦੇ ਮਾਮਲਿਆਂ ਵਿੱਚ ਦੁਨੀਆਂ ਵਿਚੋਂ ਪਹਿਲੇ ਸਥਾਨ 'ਤੇ ਆ ਗਿਆ ਹੈ। ਪੰਜਾਬ ਵਿੱਚ ਸਾਲ 2015 ਤੋਂ 31 ਅਕਤੂਬਰ 2019 ਦੇ ਸਮੇਂ ਦੌਰਾਨ ਜਬਰ-ਜਨਾਹ, ਦਹੇਜ ਹੱਤਿਆ, ਛੇੜਛਾੜ, ਅਗਵਾ ਤੇ ਦਾਜ ਮੰਗਣ ਆਦਿ ਦੇ 23,971 ਮਾਮਲੇ ਦਰਜ ਹੋਏ। ਇਨ੍ਹਾਂ ਮਾਮਲਿਆਂ ਵਿੱਚ 26,576 ਵਿਅਕਤੀਆਂ ਨੂੰ ਗ੍ਰਿਫ਼ਤਾਰ ਕੀਤਾ ਗਿਆ। ਇਨ੍ਹਾਂ ਅਪਰਾਧਾਂ ਦੇ ਮਾਮਲਿਆਂ ਵਿੱਚ ਜੇ ਸਜ਼ਾ ਦੀ ਦਰ ਦੇਖੀ ਜਾਵੇ ਤਾਂ ਨਿਰਾਸ਼ਾਜਨਕ ਤੱਥ ਸਾਹਮਣੇ ਆਉਂਦੇ ਹਨ। ਉਕਤ ਸਮੇਂ ਦੌਰਾਨ ਹੀ ਅਦਾਲਤਾਂ ਵੱਲੋਂ 2698 ਵਿਅਕਤੀਆਂ ਨੂੰ ਸਜ਼ਾ ਸੁਣਾਈ ਗਈ ਜਦੋਂ ਕਿ 8431 ਨੂੰ ਬਰੀ ਕਰ ਦਿੱਤਾ ਗਿਆ।

## ਪੰਜਾਬੀ ਮੁਟਿਆਰਾਂ ਕੰਮ ਬਹਾਨੇ ਵਿਕ ਰਹੀਆਂ ਨੇ ਅਰਬ ਦੇਸ਼ਾਂ 'ਚ

**ਨਿਹਾਲ ਸਿੰਘ ਵਾਲਾ/ਏ.ਟੀ. ਨਿਊਜ਼-** ਲੋੜਵੰਦ ਪਰਿਵਾਰਾਂ ਦੀਆਂ ਧੀਆਂ ਨੂੰ ਅਰਬ ਦੇਸ਼ਾਂ ਵਿਚ ਕੰਮ 'ਤੇ ਲਗਾਉਣ ਦਾ ਝਾਂਸਾ ਦੇ ਕੇ ਉੱਥੇ ਜਾ ਕੇ ਵੇਚਣ ਦੇ ਧੰਦੇ ਦਾ ਪਰਦਾਫਾਸ਼ ਕਰਦਿਆਂ ਨੌਜਵਾਨ ਭਾਰਤ ਸਭਾ ਦੇ ਆਗੂ ਕਰਮਜੀਤ ਕੋਟਕਪੂਰਾ ਨੇ ਸਬੰਧਤ ਟਰੈਵਲ ਏਜੰਟਾਂ ਖ਼ਿਲਾਫ਼ ਮਨੁੱਖੀ ਤਸਕਰੀ ਅਤੇ ਧੋਖਾਧੜੀ ਦਾ ਕੇਸ ਦਰਜ ਕਰ ਕੇ ਪੀੜਤ ਲੜਕੀਆਂ ਨੂੰ ਵਿਦੇਸ਼ ਵਿਚੋਂ ਸੁਰੱਖਿਅਤ ਵਾਪਿਸ ਮੰਗਵਾਉਣ ਦੀ ਮੰਗ ਕੀਤੀ ਹੈ। ਅਜਿਹੀ ਹੀ ਪੀੜਤ ਮਹਿਲਾ ਮਨਜੀਤ ਕੌਰ ਨੇ ਦੱਸਿਆ ਕਿ ਅਰਬ ਦੇਸ਼ਾਂ ਵਿਚ ਕੁੜੀਆਂ ਤੇ ਮਹਿਲਾਵਾਂ ਨੂੰ ਵੀਹ ਹਜ਼ਾਰ ਰੁਪਏ ਪ੍ਰਤੀ ਮਹੀਨਾ ਤਨਖਾਹ 'ਤੇ ਕੰਮ ਦਿਵਾਉਣ ਦਾ ਝਾਂਸਾ ਦੇ ਕੇ ਵੇਚਣ ਦਾ ਗੋਰਖਧੰਦਾ ਜਾਰੀ ਹੈ। ਉਸ ਨੇ ਦੱਸਿਆ ਕਿ ਉਸ ਨੂੰ ਇਕ ਟਰੈਵਲ ਏਜੰਟ ਨੇ ਮਸਕਟ ਵਿਚ 3500 ਡਾਲਰ ਵਿਚ ਵੇਚ ਦਿੱਤਾ ਸੀ। ਉਸ ਦੇ ਖਰੀਦਦਾਰ ਉਸ ਤੋਂ ਬੇਹਿਸਾਬਾ ਕੰਮ ਕਰਵਾਉਂਦੇ ਸਨ, ਪੇਟ ਭਰ ਖਾਣ ਲਈ ਨਹੀਂ ਦਿੰਦੇ ਸਨ ਅਤੇ ਉਸ ਦੀ ਕੁੱਟਮਾਰ ਕਰਦੇ ਸਨ, ਜਿਸ ਕਾਰਨ ਉਹ ਬਿਮਾਰ ਹੋ ਗਈ ਅਤੇ ਮੁਸ਼ਕਲ ਨਾਲ ਆਪਣੇ ਘਰ ਪਰਤੀ ਹੈ। ਉਸ ਨੇ ਦੱਸਿਆ ਕਿ ਅਰਬ ਦੇਸ਼ਾਂ ਵਿਚ ਉਸ ਦੇ ਵਰਗੀਆਂ ਅਣਗਿਣਤ ਲੜਕੀਆਂ ਹਨ, ਜੋ ਗੁਲਾਮੀ ਵਿਚ ਨਰਕ ਭੋਗ ਰਹੀਆਂ ਹਨ। ਪੀੜਤ ਮਨਜੀਤ ਕੌਰ ਅਤੇ ਨੌਜਵਾਨ ਭਾਰਤ ਸਭਾ ਦੇ ਆਗੂਆਂ ਨੇ ਪੁਲੀਸ ਨੂੰ ਸ਼ਿਕਾਇਤ ਪੱਤਰ ਦੇ ਕੇ ਟਰੈਵਲ ਏਜੰਟ ਖ਼ਿਲਾਫ਼ ਧੋਖਾਧੜੀ ਅਤੇ ਮਨੁੱਖੀ ਤਸਕਰੀ ਦਾ ਕੇਸ ਦਰਜ ਕਰਨ ਦੀ ਮੰਗ ਕੀਤੀ ਹੈ।


CAPITAL ACCOUNTING & TAX SERVICES

HELPING PEOPLE FOR THEIR TRUCKING NEEDS

(IRP) Plates-48 States-Same Day

ਬਾਹਰ ਚੱਲਣ ਵਾਲੇ ਟਰੱਕਾਂ ਦੀਆਂ ਪਲੇਟਾਂ ਤੁਸੀਂ ਸਾਡੇ ਦਫ਼ਤਰ ਵਿਚੋਂ ਤੁਰੰਤ ਵੀ ਲੈ ਸਕਦੇ ਹੋ।

ਟਰੱਕਿੰਗ ਦੀ ਦੁਨੀਆ ਵਿਚ ਨਵਾਂ ਕਦਮ

- ਟਰੱਕ ਲਾਇਸੈਂਸ ਪਲੇਟਾਂ ਵਾਸਤੇ ਹੁਣ ਹਫਤਿਆਂਬੱਧੀ ਉਡੀਕ ਕਰਨ ਦੀ ਲੋੜ ਨਹੀਂ।
- ਉਸੇ ਦਿਨ ਲਾਇਸੈਂਸ ਪਲੇਟਾਂ ਲੈਣ ਲਈ ਸਾਡੇ ਨਾਲ ਸੰਪਰਕ ਕਰੋ।

Same Day Plates Same Day Plates Same Day Plates



Kuldeep Singh Kang



Sewa Singh Bhinder

ਸੱਤ ਸਾਲ ਤੋਂ ਤੁਹਾਡੀ ਸੇਵਾ ਨੂੰ ਸਮਰਪਿਤ



TRUCKING SERVICES AVAILABLE
- IRP License Plates
- IFTA-Fuel Tax Returns
- MC (ICC) Authority, US DOT #
- UCR Permits, BOC-3 Filing
- CA#, MCP, EPN Enrollment
- BIT-Enrollment
- NM Permit, KYU#, NY HUT Permit
- Oregon Permit, Oregon Bonds
- Highway Use Tax (2290)
- Trailer Plates, Title Transfer
- Tax Exemption

BUSINESS SERVICES AVAILABLE
- Tax Services : Individual, Small Business
- Computerized Accounting
- Financial Statement
- Monthly Sales Tax Reports
- Payroll Services

CALIFORNIA DMV LIV. # 40524

PH : 530-669-5780 Fax : 530-669-5775
Cell : 530-908-9386 Cell : 530-405-6020

ਇਹ ਦਫ਼ਤਰ ਬੀ.ਐਮ.ਵੀ. ਸ਼ਾਪਿੰਗ ਸੈਂਟਰ ਵਿਚ ਹੈ।

825 East Street, Suite 110 Woodland, CA 95776

When tired of all treatments for any disease at any age Try

HOMEOPATHIC

Experienced Consultant Physician since 1973

American Red Cross



ਹੋਰ ਇਲਾਜਾਂ ਤੋਂ ਥਕ ਗਏ ਹੋ ਤਾਂ ਹੋਮੀਓਪੈਥੀ ਅਜਮਾਓ

We sell homeopathic medicines

ਅਰਥਰਾਈਟਸ, ਦਮਾ, ਸ਼ੂਗਰ, ਬਲੱਡ ਪ੍ਰੈਸ਼ਰ, ਪੱਥਰੀ, ਖਾਰਿਸ਼, ਮੁਹਾਸੇ, ਵਜ਼ਨ ਦਾ ਘਟਣਾ ਜਾਂ ਵਧਣਾ, ਜਨਾਨਾ ਤੇ ਮਰਦਾਨਾ ਕਮਜ਼ੋਰੀ ਦਾ ਪੱਕਾ ਇਲਾਜ

7021 Village Parkway Dublin CA 94568

GURDIP SINGH SANDHU
DHMS-Gold Medalist, BAMS, MDEH. - INDIA
Ex Principal, Prof., Chief Medical Officer,
Ex Member NCH and CA Homeomedical Society
Working under act SB 577 state of CA

Office: 408.729.6691
Cell: 408.687.1899
email: homeomedicine@yahoo.com
www.homeopathyatoz.com

ਡਾ. ਸੰਧੂ ਦੇ ਸਿਹਤ ਵਿਗਿਆਨ ਸਬੰਧੀ ਲੈਕਚਰ Listen live on Radio 1170
'Jus Punjabi TV' & Face Book Every Saturday 09:00 AM, Live on 'Jus Punjabi TV' Sunday 4:00 A.M.

BSons Travel & Tax Services, Inc.

* All Airlines * International And Domestic
* Wholesale Fares Around the World

We Will Beat or Match any Fare!



Office Hours
Mon-Fri
9am-6pm
Saturday
9am-5pm

CST. REG #2092042-40

We Also Have Special Vacation Packages

President : Avtar Singh    Contact any time from anywhere

Tel 707.302.0512, 916.340.8100 • Fax 707.425.4260

Email: bsonstravel@yahoo.com

1652 West Texas St. Suite 139, Fairfield, CA 94533
4200 North Boulevard Street No. 1B, Sacramento, CA, 95834

# ਪੰਜਾਬ ਦੀਆਂ ਪੰਚਾਇਤੀ ਜ਼ਮੀਨਾਂ ਉਦਯੋਗਿਕ ਘਰਾਣਿਆਂ ਨੂੰ ਦੇਣ ਦੀਆਂ ਤਿਆਰੀਆਂ

*ਚੰਡੀਗੜ੍ਹ, (ਸੁਖਵਿੰਦਰ ਸਿੰਘ): ਪੰਜਾਬ ਮੰਤਰੀ ਮੰਡਲ ਦੀ ਹੋਈ ਅਹਿਮ ਬੈਠਕ ਵਿੱਚ ਫੈਸਲਾ ਕੀਤਾ ਗਿਆ ਹੈ ਕਿ ਪਿੰਡਾਂ ਦੀਆਂ ਪੰਚਾਇਤੀ ਜ਼ਮੀਨਾਂ 'ਤੇ ਹੁਣ ਉਦਯੋਗ ਸਥਾਪਤ ਕੀਤੇ ਜਾਣਗੇ ਜਿਸ ਲਈ ਰਸਤਾ ਸਾਫ ਕਰਦਿਆਂ ਕਾਨੂੰਨ 'ਚ ਸੋਧਾਂ ਕਰਨ ਨੂੰ ਪ੍ਰਵਾਨਗੀ ਦੇ ਦਿੱਤੀ ਗਈ ਹੈ। ਪੰਜਾਬ ਵਜ਼ਾਰਤ ਨੇ 'ਦਿ ਪੰਜਾਬ ਵਿਲੇਜ ਕਾਮਨ ਲੈਂਡਜ਼ (ਰੈਗੂਲੇਸ਼ਨ) ਰੂਲਜ਼, 1964' ਵਿੱਚ ਸੋਧ ਕਰਨ ਦੀ ਸਿਧਾਂਤਕ ਤੌਰ 'ਤੇ ਮਨਜ਼ੂਰੀ ਦੇ ਦਿੱਤੀ ਹੈ ਤਾਂ ਜੋ ਸੂਬੇ ਵਿੱਚ ਉਦਯੋਗਿਕ ਵਿਕਾਸ ਨੂੰ ਹੁਲਾਰਾ ਦੇਣ ਲਈ ਪੇਂਡੂ ਇਲਾਕਿਆਂ ਵਿੱਚ 'ਲੈਂਡ ਬੈਂਕਾਂ' ਕਾਇਮ ਕੀਤੀਆਂ ਜਾ ਸਕਣ।*



## ਫੈਸਲਾ ਸਹੀ ਜਾਂ ਗਲਤ ?

### ਪੰਜਾਬ ਦੇ ਲੋਕਾਂ ਦਾ ਘਾਣ ਕਰੇਗਾ ਫੈਸਲਾ: ਪਿਆਰੇ ਲਾਲ ਗਰਗ

ਪੰਜਾਬ ਮਸਲਿਆਂ ਬਾਰੇ ਲਗਾਤਾਰ ਅਵਾਜ਼ ਚੁੱਕਣ ਵਾਲੇ ਡਾ. ਪਿਆਰੇ ਲਾਲ ਗਰਗ ਨੇ ਸਰਕਾਰ ਦੇ ਇਸ ਫੈਸਲੇ ਨੂੰ ਪੰਜਾਬ ਦੇ ਆਮ ਲੋਕਾਂ ਦਾ ਘਾਣ ਕਰਨ ਦੇ ਬਰਾਬਰ ਦੱਸਿਆ ਹੈ। ਉਨ੍ਹਾਂ ਕਿਹਾ ਕਿ ਪਿੰਡਾਂ ਦੀ ਜਿਸ ਸਾਂਝੀ ਜ਼ਮੀਨ 'ਤੇ ਪਿੰਡ ਦੇ ਆਮ ਲੋਕਾਂ ਦਾ ਹੱਕ ਬਣਦਾ ਸੀ ਸਰਕਾਰ ਉਸਨੂੰ ਵੇਚ ਕੇ ਆਪਣੇ ਖਜ਼ਾਨੇ ਨੂੰ ਭਰਨਾ ਚਾਹੁੰਦੀ ਹੈ। ਉਨ੍ਹਾਂ ਕਿਹਾ ਕਿ ਸਰਕਾਰਾਂ ਦੀਆਂ ਮਾੜੀਆਂ ਨੀਤੀਆਂ ਕਾਰਨ ਨਿੱਘਰੀ ਪੰਜਾਬ ਦੀ ਆਰਥਿਕਤਾ ਦਾ ਬੋਝ ਵੀ ਪਹਿਲਾਂ ਤੋਂ ਹੀ ਪੀੜਤ ਪੰਜਾਬ ਦੇ ਗਰੀਬ ਲੋਕਾਂ ਸਿਰ ਪਾਇਆ ਜਾ ਰਿਹਾ ਹੈ। ਪਿਆਰੇ ਲਾਲ ਗਰਗ ਨੇ ਕਿਹਾ ਕਿ ਪੰਜਾਬ ਦੀ ਕੈਪਟਨ ਅਮਰਿੰਦਰ ਸਿੰਘ ਸਰਕਾਰ ਨੇ ਇੱਕ ਵੀ ਫੈਂਸਲਾ ਚੰਗਾ ਨਹੀਂ ਕੀਤਾ ਜਿਸ ਨਾਲ ਅਸਲ ਮਾਇਨਿਆਂ 'ਚ ਪੰਜਾਬ ਦਾ ਕੋਈ ਭਲਾ ਹੋ ਸਕਦਾ। ਉਨ੍ਹਾਂ ਕਿਹਾ ਕਿ ਇਹ ਸਰਕਾਰ ਭਾਵੇਂ ਕਾਂਗਰਸ ਦੀ ਹੈ ਪਰ ਇਹ ਪੂਰੀ ਤਰ੍ਹਾਂ ਮੋਦੀ ਸਰਕਾਰ ਦੇ ਇਸ਼ਾਰਿਆਂ 'ਤੇ ਚੱਲ ਰਹੀ ਹੈ। ਉਨ੍ਹਾਂ ਕਿਹਾ ਕਿ ਇਸ ਪੰਚਾਇਤੀ ਜ਼ਮੀਨ ਵਿੱਚੋਂ ਜਿਹੜਾ 33 ਫੀਸਦੀ ਹਿੱਸਾ ਦਲਿਤ ਭਾਈਚਾਰੇ ਨੂੰ ਮਿਲਦਾ ਸੀ ਉਸ ਉੱਤੇ ਵੀ ਸਰਕਾਰ ਦਾ ਇਹ ਵੱਡਾ ਹਮਲਾ ਹੈ। ਉਨ੍ਹਾਂ ਕਿਹਾ ਕਿ ਸਰਕਾਰ ਦੇ ਇਸ ਫੈਸਲੇ ਨਾਲ ਪਿੰਡਾਂ ਦੇ ਸੱਭਿਆਚਾਰ 'ਤੇ ਵੀ ਬਹੁਤ ਮਾੜੇ ਪ੍ਰਭਾਵ ਪੈਣਗੇ ਤੇ ਅਖੀਰ ਇਸ ਦਾ ਲਾਭ ਕੁੱਝ ਭ੍ਰਿਸ਼ਟਾਚਾਰੀ ਸਿਆਸਤਦਾਨ ਚੁੱਕਣਗੇ ਅਤੇ ਸਸਤੇ ਮੁੱਲ 'ਤੇ ਇਹ ਜ਼ਮੀਨਾਂ ਵੱਡੇ ਉਦਯੋਗਿਕ ਘਰਾਣਿਆਂ ਨੂੰ ਦਿੱਤੀਆਂ ਜਾਣਗੀਆਂ।

### ਕੀ ਹੈ ਪੰਜਾਬ ਸਰਕਾਰ ਦੀ ਨਵੀਂ ਲੈਂਡ-ਬੈਂਕ ਨੀਤੀ ?

'ਦਿ ਪੰਜਾਬ ਵਿਲੇਜ ਕਾਮਨ ਲੈਂਡਜ਼ (ਰੈਗੂਲੇਸ਼ਨ) ਰੂਲਜ਼, 1964' ਵਿੱਚ ਕੀਤੀਆਂ ਸੋਧਾਂ ਨਾਲ ਹੁਣ ਪੰਜਾਬ ਸਰਕਾਰ ਪਿੰਡਾਂ ਦੀਆਂ ਪੰਚਾਇਤੀ ਜ਼ਮੀਨਾਂ ਨੂੰ ਉਦਯੋਗਿਕ ਪ੍ਰੋਜੈਕਟਾਂ ਲਈ ਸਨਅਤੀ ਵਿਭਾਗ ਅਤੇ ਪੰਜਾਬ ਲਘੂ ਉਦਯੋਗ ਤੇ ਬਰਾਮਦ ਨਿਗਮ ਨੂੰ ਤਬਦੀਲ ਕਰ ਸਕੇਗੀ। ਸਰਕਾਰ ਦਾ ਕਹਿਣਾ ਹੈ ਕਿ ਇਸ ਨਾਲ ਜਿੱਥੇ ਸੂਬੇ ਵਿੱਚ ਉਦਯੋਗਿਕ ਵਿਕਾਸ ਨੂੰ ਹੁਲਾਰਾ ਮਿਲੇਗਾ ਉੱਥੇ ਹੀ ਸ਼ਾਮਲਾਟ ਜ਼ਮੀਨਾਂ ਦੀ ਕੀਮਤ ਵਧੇਗੀ ਅਤੇ ਪੰਚਾਇਤਾਂ ਨੂੰ ਪੇਂਡੂ ਵਿਕਾਸ ਕਰਨ ਵਿੱਚ ਮਦਦ ਮਿਲੇਗੀ। ਇਸ ਸੋਧ ਨਾਲ ਹੁਣ ਪਿੰਡਾਂ ਦੀਆਂ ਪੰਚਾਇਤੀ ਜ਼ਮੀਨਾਂ 'ਤੇ 'ਲੈਂਡ ਬੈਂਕ' ਸਥਾਪਿਤ ਕੀਤੇ ਜਾਣਗੇ। ਇਸ ਫੈਸਲੇ ਨਾਲ ਜਿੱਥੇ ਪੰਜਾਬ ਸਰਕਾਰ ਆਪਣੀ ਪਿੱਠ ਥਾਪੜ ਰਹੀ ਹੈ ਉੱਥੇ ਹੀ ਪਿੰਡਾਂ ਦੇ ਲੋਕਾਂ ਦੇ ਹੱਕਾਂ ਲਈ ਲਗਾਤਾਰ ਯਤਨਸ਼ੀਲ ਸਿਆਣੇ ਲੋਕ ਇਸ ਫੈਂਸਲੇ ਨੂੰ ਪੰਜਾਬ ਦੇ ਪਿੰਡ: ਦੇ ਤਾਬੂਤ ਵਿੱਚ ਆਖਰੀ ਸਰਕਾਰੀ ਕਿੱਲ ਵਜੋਂ ਦੇਖ ਰਹੇ ਹਨ ਤੇ ਇਸ ਦਾ ਵਿਰੋਧ ਕਰਨ ਦਾ ਸੱਦਾ ਦੇ ਰਹੇ ਹਨ।

### ਸਰਕਾਰ ਵੱਲੋਂ ਕੁੱਝ ਨਵੀਆਂ ਉਦਯੋਗਿਕ ਸਥਾਪਤੀਆਂ ਦੇ ਦਾਅਵੇ

ਸਰਕਾਰ ਨੇ ਦਾਅਵਾ ਕੀਤਾ ਹੈ ਕਿ ਪਟਿਆਲਾ ਜ਼ਿਲ੍ਹੇ ਵਿੱਚ ਗਲੋਬਲ ਮੈਨੂਫੈਕਚਰਿੰਗ ਅਤੇ ਨੌਲੇਜ ਪਾਰਕ ਨੂੰ 1000 ਏਕੜ ਪੰਚਾਇਤੀ ਜ਼ਮੀਨ ਦੇ ਰਕਬੇ ਵਿੱਚ ਵਿਕਸਤ ਕੀਤਾ ਜਾਣਾ ਹੈ ਅਤੇ ਅੰਮ੍ਰਿਤਸਰ-ਕਲਕੱਤਾ ਇੰਡਸਟਰੀਅਲ ਕੌਰੀਡੋਰ (ਏਏਆਈਸੀ) ਪ੍ਰਾਜੈਕਟ ਤਹਿਤ ਇਸ ਨੂੰ ਇੰਟੈਗ੍ਰੇਟਿਡ ਮੈਨੂਫੈਕਚਰਿੰਗ ਕਲੱਸਟਰ ਵਜੋਂ ਮੰਨਿਆ ਜਾਵੇਗਾ। ਇਸ ਉਦੇਸ਼ ਦੀ ਪ੍ਰਾਪਤੀ ਲਈ ਕਾਰਜਕਾਰੀ ਏਜੰਸੀ ਪੰਜਾਬ ਲਘੂ ਉਦਯੋਗ ਅਤੇ ਬਰਾਮਦ ਨਿਗਮ ਨੂੰ ਇਨ੍ਹਾਂ ਪੰਚਾਇਤਾਂ ਪਾਸੋਂ ਲਗਪਗ 357 ਕਰੋੜ ਰੁਪਏ ਦੀ ਲਾਗਤ ਨਾਲ 1000 ਏਕੜ ਸ਼ਾਮਲਾਤ ਜ਼ਮੀਨ ਖਰੀਦਣ ਦੀ ਲੋੜ ਹੈ। ਇਸ 1000 ਏਕੜ ਰਕਬੇ ਲਈ ਪੰਜ ਪਿੰਡਾਂ ਸਿਹਰਾ (467 ਏਕੜ), ਸੇਹਰੀ (159 ਏਕੜ). ਆਕੜੀ (168 ਏਕੜ), ਪਾਬੜਾ (159 ਏਕੜ) ਅਤੇ ਤਖਤੂ ਮਾਜਰਾ (47 ਏਕੜ) ਦੀ ਜ਼ਮੀਨ ਨੂੰ ਚੁਣਿਆ ਗਿਆ ਹੈ।

### ਲੋਕ ਵਿਰੋਧੀ ਫੈਸਲਾ, ਸਿਆਸਤਦਾਨ ਅਤੇ ਅਫਸਰਸ਼ਾਹੀ ਦੇ ਭ੍ਰਿਸ਼ਟਾਚਾਰ ਦਾ ਨਵਾਂ ਜੁਗਾੜ : ਹਮੀਰ ਸਿੰਘ

ਸੀਨੀਅਰ ਪੱਤਰਕਾਰ ਅਤੇ ਪੇਂਡੂ ਮਸਲਿਆਂ ਬਾਰੇ ਲਗਾਤਾਰ ਲਿਖਣ ਵਾਲੇ ਹਮੀਰ ਸਿੰਘ ਨੇ ਸਰਕਾਰ ਦੇ ਇਸ ਫੈਸਲੇ ਨੂੰ ਲੋਕ ਵਿਰੋਧੀ ਫੈਸਲਾ ਦੱਸਦਿਆਂ ਕਿਹਾ ਕਿ ਇਸ ਦਾ ਪੰਜਾਬ ਦੀ ਪੇਂਡੂ ਆਰਥਿਕਤਾ ਨੂੰ ਧੇਲੀ ਦਾ ਵੀ ਲਾਭ ਨਹੀਂ ਹੋਵੇਗਾ। ਉਨ੍ਹਾਂ ਕਿਹਾ ਕਿ ਇਹ ਪਿੰਡਾਂ ਦੇ ਲੋਕਾਂ ਦੀ ਸਾਂਝੀ ਜ਼ਮੀਨ ਹੜੱਪਣ ਦੀ ਇਕ ਮਹਿਜ਼ ਸਰਮਾਏਦਾਰ ਨੀਤੀ ਹੈ।

ਪੱਤਰਕਾਰ ਹਮੀਰ ਸਿੰਘ ਨੇ ਕਿਹਾ ਕਿ ਜਦੋਂ ਪੰਚਾਇਤਾਂ ਦੀਆਂ ਗਰਾਮ ਸਭਾਵਾਂ ਐਨੀਆਂ ਕਮਜ਼ੋਰ ਹਨ ਤਾਂ ਉੱਥੇ ਸਰਪੰਚ, ਉੱਚ ਸਿਆਸਤਦਾਨ ਅਤੇ ਅਫਸਰਸ਼ਾਹੀ ਮਿਲ ਕੇ ਇੱਕ ਵਾਰ ਜ਼ਮੀਨ ਵੇਚ ਕੇ ਪੈਸੇ ਵੱਟੇਗੀ ਤੇ ਮੁੜ ਪਿੰਡ ਆਪਣੀ ਸਾਂਝੀ ਜ਼ਮੀਨ ਤੋਂ ਵਿਹਲਾ ਹੋ ਜਾਵੇਗਾ। ਉਨ੍ਹਾਂ ਕਿਹਾ ਪਹਿਲਾਂ ਤੋਂ ਹੀ ਮਰ ਰਹੇ ਪਿੰਡਾਂ ਦੀਆਂ ਜ਼ਮੀਨਾਂ ਵੀ ਜੇ ਚਲੀਆਂ ਜਾਣਗੀਆਂ ਤਾਂ ਪਿੱਛੇ ਕੀ ਬਚੇਗਾ।

# ਲੋਕ-ਸਰੋਕਾਰਾਂ ਤੋਂ ਮੁੱਖ ਮੋੜੀ ਬੈਠੀਆਂ ਪੰਜਾਬ ਦੀਆਂ ਸਿਆਸੀ ਧਿਰਾਂ

**ਗੁਰਮੀਤ ਪਲਾਹੀ**

ਪੰਜਾਬ ਦੀ ਕਾਂਗਰਸ ਸਰਕਾਰ ਨੂੰ ਹਾਲ ਦੀ ਘੜੀ ਕੋਈ ਸਿਆਸੀ ਖਤਰਾ ਨਹੀਂ ਹੈ, ਪਰ ਜਿਸ ਢੰਗ ਨਾਲ ਪੰਜਾਬ ਦੀ ਕੈਪਟਨ ਸਰਕਾਰ ਆਰਥਿਕ ਸੰਕਟ ਨਾਲ ਜੂਝ ਰਹੀ ਹੈ, ਉਸ ਨਾਲ ਸਰਕਾਰ ਦੀਆਂ ਸਮੱਸਿਆਵਾਂ ਨਿਤ ਪ੍ਰਤੀ ਵਧਦੀਆਂ ਜਾ ਰਹੀਆਂ ਹਨ। ਪੰਜਾਬ ਇਸ ਵੇਲੇ ਢਾਈ ਲੱਖ ਕਰੋੜ ਰੁਪਏ ਤੋਂ ਵੱਧ ਦਾ ਕਰਜ਼ਾਈ ਹੈ ਅਤੇ ਪੰਜਾਬ ਸਰਕਾਰ ਨੂੰ ਹਰ ਵਰ੍ਹੇ 17,669 ਕਰੋੜ ਰੁਪਏ ਦੇ ਲਗਭਗ ਇਸ ਕਰਜ਼ੇ ਦੇ ਵਿਆਜ ਦਾ ਭੁਗਤਾਣ ਕਰਨਾ ਪੈ ਰਿਹਾ ਹੈ। ਕੇਂਦਰ ਸਰਕਾਰ ਪੰਜਾਬ ਦੇ ਵਿੱਤੀ ਸੰਕਟ ਵਿਚ ਵਾਧਾ ਕਰ ਰਹੀ ਹੈ, ਜਿਸ ਵਲੋਂ ਪੰਜਾਬ ਦੇ ਜੀ ਐਸ ਟੀ ਦੇ ਹਿੱਸੇ ਦੇ 4100 ਕਰੋੜ ਰੁਪਏ ਦਾ ਭੁਗਤਾਣ ਨਹੀਂ ਕੀਤਾ ਜਾ ਰਿਹਾ। ਪੰਜਾਬ ਵਿਚ ਵਿਕਾਸ ਕਾਰਜ ਲਗਭਗ ਠੱਪ ਪਏ ਹਨ।

ਪਿਛਲੇ ਲੰਮੇ ਸਮੇਂ ਤੋਂ ਵੱਖ-ਵੱਖ ਵਰਗਾਂ ਨੂੰ ਦਿੱਤੀਆਂ ਜਾ ਰਹੀਆਂ ਸਬਸਿਡੀਆਂ ਦੇ ਰੂਪ ਵਿੱਚ ਰਿਆਇਤਾਂ ਸਰਕਾਰੀ ਖਜ਼ਾਨੇ ਨੂੰ ਪ੍ਰੇਸ਼ਾਨ ਕਰ ਰਹੀਆਂ ਹਨ। ਹੁਣ ਸਥਿਤੀ ਇਹ ਬਣੀ ਹੋਈ ਹੈ ਕਿ ਆਪਣੇ ਸਾਢੇ ਤਿੰਨ ਲੱਖ ਮੁਲਾਜ਼ਮਾਂ ਨੂੰ ਹਰ ਮਹੀਨੇ ਦਿੱਤੀ ਜਾਣ ਵਾਲੀ 2248 ਕਰੋੜ ਰੁਪਏ ਦੀ ਤਨਖਾਹ ਦਾ ਭੁਗਤਾਨ ਕਰਨਾ ਵੀ ਔਖਾ ਹੋ ਰਿਹਾ ਹੈ। ਵਿਕਾਸ ਕਾਰਜਾਂ ਦੇ ਠੱਪ ਹੋਣ ਕਾਰਨ ਤੇ ਅਫ਼ਸਰਸ਼ਾਹੀ ਵਲੋਂ ਕਾਂਗਰਸੀ ਵਿਧਾਇਕਾਂ ਨੂੰ ਅੱਖੋਂ-ਪਰੋਖੇ ਕੀਤੇ ਜਾਣ ਕਾਰਨ, ਚਾਰ ਕਾਂਗਰਸੀ ਵਿਧਾਇਕਾਂ ਹਰਦਿਆਲ ਸਿੰਘ ਕੰਬੋਜ, ਨਿਰਮਲ ਸਿੰਘ ਸ਼ੁਤਰਾਣਾ, ਰਜਿੰਦਰ ਸਿੰਘ ਅਤੇ ਮਦਨ ਲਾਲ ਜਲਾਲਪੁਰ ਨੇ ਕੈਪਟਨ ਸਰਕਾਰ ਵਿਰੁੱਧ ਸ਼ਰੇਆਮ ਰੋਸ ਪ੍ਰਗਟ ਕਰਨਾ ਸ਼ੁਰੂ ਕਰ ਦਿੱਤਾ ਹੈ, ਭਾਵੇਂ ਕਿ ਕੈਪਟਨ ਦੇ ਅਹਿਲਕਾਰਾਂ ਨੇ ਇਹਨਾਂ ਵਿਧਾਇਕਾਂ ਦੀਆਂ ਸ਼ਕਾਇਤਾਂ ਦੂਰ ਕਰਨ ਲਈ ਉਹਨਾਂ ਨਾਲ ਮੁਲਾਕਾਤਾਂ ਕੀਤੀਆਂ ਹਨ, ਰੋਸੇ ਸੁਣੇ ਹਨ, ਪਰ ਕਾਂਗਰਸੀ ਵਿਧਾਇਕਾਂ ਦਾ ਰੋਸ ਕਾਇਮ ਹੈ।

ਦੂਜੇ ਪਾਸੇ ਕਾਂਗਰਸ ਦੀ ਪੰਜਾਬ ਵਿਚਲੀ ਵਿਰੋਧੀ ਧਿਰ ਇਹ ਇਲਜ਼ਾਮ ਲਗਾ ਰਹੀ ਹੈ ਕਿ ਕੈਪਟਨ ਸਰਕਾਰ ਨੇ ਪੰਜਾਬ ਵਿੱਚੋਂ ਨਸ਼ਿਆਂ ਦਾ ਲੱਕ ਤੋੜਨ, ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੇ ਦੋਸ਼ੀਆਂ ਨੂੰ ਸਜ਼ਾਵਾਂ ਦੇਣ, ਕਿਸਾਨਾਂ ਦਾ ਸਮੁੱਚਾ ਕਰਜ਼ ਮੁਆਫ਼ ਕਰਨ, ਨੌਜਵਾਨਾਂ ਨੂੰ ਘਰ-ਘਰ ਰੁਜ਼ਗਾਰ ਦੇਣ, ਕੁੜੀਆਂ ਨੂੰ ਪੀ ਐਚ ਡੀ ਤੱਕ ਦੀ ਪੜ੍ਹਾਈ ਮੁਫ਼ਤ ਦੇਣ ਵਰਗੇ ਵੱਡੇ ਵਾਅਦੇ ਪੂਰੇ ਨਹੀਂ ਕੀਤੇ। ਵੱਡੀ ਵਿਰੋਧੀ ਧਿਰ ਇਹ ਵੀ ਇਲਜ਼ਾਮ ਲਗਾਉਂਦੀ ਹੈ ਕਿ ਅਕਾਲੀ-ਭਾਜਪਾ ਦੇ ਰਾਜ-ਭਾਗ ਵਾਲਾ ਰੇਤ ਮਾਫੀਆ, ਟਰਾਂਸਪੋਰਟ-ਮਾਫੀਆ, ਕੇਬਲ ਮਾਫੀਆ, ਭੂ-ਮਾਫੀਆ ਹਾਲੇ ਵੀ ਪੰਜਾਬ ਵਿੱਚ ਪ੍ਰਭਾਵਸ਼ਾਲੀ ਹੈ ਤੇ ਉਸ ਉਤੇ ਕਾਬੂ ਪਾਉਣ ਤੋਂ ਸਰਕਾਰ ਅਸਮਰਥ ਰਹੀ ਹੈ।

ਪੰਜਾਬ ਸਰਕਾਰ ਉਤੇ ਲਗਾਤਾਰ ਇਲਜ਼ਾਮ ਇਹ ਵੀ ਲੱਗ ਰਹੇ ਹਨ ਕਿ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੇ ਮੁੱਦੇ ਉਤੇ ਉਸ ਵਲੋਂ ਸਿਆਸੀ ਖੇਡ ਖੇਡੀ ਜਾ ਰਹੀ ਹੈ ਤੇ ਮੁਲਜ਼ਮ ਸਾਹਮਣੇ ਨਹੀਂ ਲਿਆਂਦੇ ਜਾ ਰਹੇ। ਪੰਜਾਬ ਵਿੱਚ ਕਿਸਾਨਾਂ, ਮਜ਼ਦੂਰਾਂ ਦੀਆਂ ਖੁਦਕੁਸ਼ੀਆਂ, ਸਿਆਸਤਦਾਨਾਂ ਦੀ ਸੰਵੇਦਨਹੀਣ ਮਾਨਸਿਕਤਾ ਦਾ ਸਬੂਤ ਹਨ। ਨਸ਼ੇ ਦੇ ਓਵਰਡੋਜ਼ ਨਾਲ ਨੌਜਵਾਨਾਂ ਦਾ ਮਰਨਾ ਅਤੇ ਸਰਕਾਰ ਵਲੋਂ ਵੱਡੇ ਨਸ਼ਾ ਤਸਕਰਾਂ ਨੂੰ ਹੱਥ ਨਾ ਪਾਉਣਾ, ਸਰਕਾਰ 'ਤੇ ਵੱਡੇ ਸਵਾਲ ਖੜੇ ਕਰ ਰਿਹਾ ਹੈ। ਬੇਰੋਜ਼ਗਾਰੀ ਕਰਨਾ ਪੰਜਾਬ ਉਜੜ ਰਿਹਾ ਹੈ। ਵਿਦੇਸ਼ ਭੇਜਣ ਲਈ ਥਾਂ-ਥਾਂ ਆਈਲੈਟਸ ਦੀਆਂ ਵਪਾਰਕ ਦੁਕਾਨਾਂ ਖੁਲ੍ਹੀਆਂ ਹੋਈਆਂ ਹਨ, ਜੋ ਪੰਜਾਬ ਵਿੱਚੋਂ ਨੌਜਵਾਨਾਂ ਨੂੰ ਧੜਾ-ਧੜ ਵਿਦੇਸ਼ ਭੇਜ ਰਹੀਆਂ ਹਨ ਅਤੇ ਪੰਜਾਬ ਦੇ ਅਰਥਚਾਰੇ ਨੂੰ ਵੱਡੀ ਸੱਟ ਮਾਰ ਰਹੀਆਂ ਹਨ ਕਿਉਂਕਿ ਇਕ ਵਿਦਿਆਰਥੀ ਦੇ ਵਿਦੇਸ਼ ਜਾਣ ਨਾਲ ਲਗਭਗ 20 ਲੱਖ ਰੁਪਈਆ ਵੀ ਕਿਸੇ ਵਿਦੇਸ਼ੀ ਯੂਨੀਵਰਸਿਟੀ/ਕਾਲਜ ਦੀ ਝੋਲੀ ਜਾ ਡਿਗਦਾ ਹੈ।

ਪੰਜਾਬ ਦਾ ਕਿਸਾਨ ਘਾਟੇ ਦੀ ਖੇਤੀ ਕਾਰਨ ਪ੍ਰੇਸ਼ਾਨ ਹੈ। ਮਜ਼ਦੂਰ ਨੂੰ ਆਪਣੀ ਕਿਰਤ ਜੋਗੇ ਹੱਕ ਨਹੀਂ ਮਿਲਦੇ। ਗਰੀਬ ਆਦਮੀ ਰੋਟੀ, ਰੁਜ਼ਗਾਰ ਤੇ ਬੀਮਾਰੀ ਸਮੇਂ ਇਲਾਜ ਖੁਣੋਂ ਆਤੁਰ ਹੈ। ਮਹਿੰਗਾਈ ਨੇ ਆਮ ਆਦਮੀ ਦਾ ਜੀਊਣਾ ਦੁਭਰ ਕੀਤਾ ਹੋਇਆ ਹੈ। ਸੂਬੇ ਦੇ ਮੁਲਾਜ਼ਮ ਆਪਣੀਆਂ ਹੱਕੀ ਮੰਗਾਂ ਲਈ, ਬੇਰੁਜ਼ਗਾਰ ਨੌਕਰੀ ਮੰਗਣ ਲਈ, ਕਿਸਾਨ ਆਪਣੀ ਫ਼ਸਲ ਦੇ ਸਹੀ ਭਾਅ ਲੈਣ ਲਈ, ਸੜਕਾਂ 'ਤੇ ਹਨ, ਲਾਠੀਆਂ ਖਾ ਰਹੇ ਹਨ, ਪਰ ਸੂਬੇ ਦੀ ਸਰਕਾਰ ਸਮਾਂ ਰਹਿੰਦਿਆਂ ਚੋਣਾਂ ਸਮੇਂ ਕੁਝ ਕੰਮ ਕਰਦੀ ਨਜ਼ਰ ਆਉਂਦੀ ਹੈ, ਵਾਇਦੇ ਕਰਦੀ ਹੈ ਪਰ ਫਿਰ ਸਿਰਹਾਣੇ ਹੇਠ ਸਿਰ ਰੱਖ ਸੌਂਦੀ ਹੋਈ ਦਿਸਦੀ ਹੈ।



'ਆਪ' ਪਾਰਟੀ ਪੰਜਾਬ ਵਿੱਚ ਵੀ ਵਿਰੋਧੀ ਧਿਰ ਵਾਲੀ ਭੂਮਿਕਾ ਨਹੀਂ ਨਿਭਾਅ ਸਕੀ। ਲੋਕਾਂ ਨੂੰ ਤਾਕਤਵਰ ਬਣਾਉਣ ਦਾ ਪਾਸਾ ਉਹਨਾ ਤੋਂ ਵੇਖਿਆ ਹੀ ਨਹੀਂ ਜਾ ਰਿਹਾ ਹੈ। ਸ਼੍ਰੋਮਣੀ ਅਕਾਲੀ ਦਲ ਅਤੇ ਭਾਜਪਾ, ਸਾਲ 2017 ਦੀਆਂ ਚੋਣਾਂ ਹਾਰਨ ਤੋਂ ਬਾਅਦ ਹਾਲੇ ਤੱਕ ਆਪਣੀ ਹਾਰ ਨੂੰ ਭੁੱਲ ਨਹੀਂ ਸਕੀ ਅਤੇ ਲੋਕਾਂ ਨੇ ਉਹਨਾਂ ਨੂੰ ਲਗਾਤਾਰ ਕਿਨਾਰੇ ਕੀਤਾ ਹੋਇਆ ਹੈ ਪਰ ਇਸ ਸਭ ਕੁਝ ਦੇ ਬਾਵਜੂਦ ਨਾ ਉਹਨਾਂ ਆਪਣੀ ਹਾਰ ਤੋਂ ਸਬਕ ਸਿਖਿਆ ਹੈ ਅਤੇ ਨਾ ਹੀ ਲੋਕ-ਸਮੱਸਿਆਵਾਂ ਪ੍ਰਤੀ ਸੰਜੀਦਗੀ ਨਾਲ ਉਹਨਾਂ ਨਾਲ ਸੰਪਰਕ ਸਾਧਿਆ ਹੈ। ਪੰਜਾਬ ਵਿਚਲੀ 'ਬਸਪਾ' ਦਾ ਅਧਾਰ ਸੁੰਗੜਦਾ ਜਾ ਰਿਹਾ ਹੈ, ਲੋਕ ਇਨਸਾਫ ਪਾਰਟੀ ਕੁਝ ਖੇਤਰਾਂ ਵਿਚ ਹੀ ਕੰਮ ਕਰ ਰਹੀ ਹੈ।

ਸ਼੍ਰੋਮਣੀ ਅਕਾਲੀ ਦਲ ਨਾਲੋਂ ਰੁਸ ਕੇ ਬੈਠੇ ਟਕਸਾਲੀ ਅਕਾਲੀ, ਲੋਕਾਂ ਵਿੱਚ ਆਪਣੀ ਕੋਈ ਪੈਂਠ ਨਹੀਂ ਬਣਾ ਸਕੇ। ਕਾਰਨ ਇਕੋ ਇੱਕ ਹੈ ਕਿ ਪੰਜਾਬ ਦੀਆਂ ਸਿਆਸੀ ਪਾਰਟੀਆਂ ਲੋਕ-ਸਰੋਕਾਰਾਂ ਪ੍ਰਤੀ ਸਹੀ ਪਹੁੰਚ ਨਹੀਂ ਅਪਨਾ ਰਹੀਆਂ। ਬਿਨ੍ਹਾਂ ਸ਼ੱਕ ਪੰਜਾਬ ਵਿਚ ਕਾਂਗਰਸ ਸਰਕਾਰ ਲੋਕਾਂ ਦੇ ਆਸ਼ਿਆਂ ਅਨੁਸਾਰ ਕੰਮ ਨਹੀਂ ਕਰ ਰਹੀ, ਪਰ ਕੀ ਪੰਜਾਬ ਦੀ ਵਿਰੋਧੀ ਧਿਰ ਲੋਕਾਂ ਨੂੰ ਲੋਕ ਸਮੱਸਿਆਵਾਂ ਸਬੰਧੀ ਲਾਮਬੰਦ ਕਰ ਰਹੀ ਹੈ? ਜੇਕਰ ਸਰਕਾਰ ਇਸ ਸਬੰਧੀ ਫੇਲ੍ਹ ਹੋ ਰਹੀ ਹੈ ਤਾਂ ਕੀ ਵਿਰੋਧੀ ਧਿਰ ਸੁਚਾਰੂ ਭੂਮਿਕਾ ਨਿਭਾਕੇ ਕੇਂਦਰ ਸਰਕਾਰ ਉਤੇ ਕੋਈ ਦਬਾਅ ਬਨਾਉਣ ਦੇ ਰਾਹ ਤੁਰ ਰਹੀ ਹੈ?

ਗੁਰੂ ਨਾਨਕ ਦਾ 550ਵਾਂ ਪ੍ਰਕਾਸ਼ ਦਿਹਾੜਾ ਮਨਾਇਆ ਗਿਆ। ਕਰਤਾਰਪੁਰ ਸਾਹਿਬ ਲਾਂਘਾ ਖੁਲ੍ਹਿਆ। ਦੇਸ਼ ਦੀ ਉਪਰਲੀ, ਹੇਠਲੀ ਸਰਕਾਰ ਨੇ ਇਸ ਪੁਰਬ ਨੂੰ ਸਿਹਰਾ ਲੈਣ ਦੀ ਦੌੜ ਤੱਕ ਸੀਮਤ ਕਰ ਦਿੱਤਾ। ਪਰ ਕੀ ਗੁਰੂ ਨਾਨਕ ਸਾਹਿਬ ਦੇ ਕਿਰਤ ਕਰੋ, ਨਾਮ ਜਪੋ, ਵੰਡ ਕੇ ਛਕੋ ਦੇ ਸਿਧਾਂਤ ਨੂੰ ਰੋਲਿਆ -ਮਧੋਲਿਆ ਨਹੀਂ ਜਾ ਰਿਹਾ ਪੰਜਾਬ ਵਿੱਚ? ਮਲਿਕ ਭਾਗੋ ਦੇ ਵਾਰਸ, ਕੀ ਲੋਕ ਸਰੋਕਾਰਾਂ ਨੂੰ ਮਿੱਧਕੇ ਆਪਣੀ ਸਿਆਸਤ ਦੀਆਂ ਰੋਟੀਆਂ ਸੇਕਣ ਦੇ ਰਾਹ ਨਹੀਂ ਤੁਰੇ ਹੋਏ?

## ਗੁਰਦੁਆਰਾ ਗਿਆਨ ਗੋਦੜੀ ਬਾਰੇ ਸ਼੍ਰੋਮਣੀ ਕਮੇਟੀ ਦਾ ਸਟੈਂਡ

### *ਭਾਈ ਲੌਂਗੋਵਾਲ ਨੇ ਕਿਹਾ ਕਿਧਰੇ ਹੋਰ ਉਸਾਰਨ ਦੀ ਸਹਿਮਤੀ ਨਹੀਂ ਦਿੱਤੀ*

**ਸੰਗਰੂਰ/ਏ.ਟੀ. ਨਿਊਜ਼ :** ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਭਾਈ ਗੋਬਿੰਦ ਸਿੰਘ ਲੌਂਗੋਵਾਲ ਨੇ ਕਿਹਾ ਕਿ ਸ਼੍ਰੋਮਣੀ ਕਮੇਟੀ ਨੇ ਹਰਿਦੁਆਰ ਸਥਿਤ ਗੁਰਦੁਆਰਾ ਗਿਆਨ ਗੋਦੜੀ ਨੂੰ ਹੋਰ ਕਿਧਰੇ ਸਥਾਪਤ ਕਰਨ ਦੀ ਕੋਈ ਸਹਿਮਤੀ ਨਹੀਂ ਦਿੱਤੀ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਮੁੱਢ ਤੋਂ ਹੀ ਇਸ ਇਤਿਹਾਸਕ ਗੁਰੂ ਘਰ ਜਿਸ ਨੂੰ ਹਰਿ ਕੀ ਪੌੜੀ ਵਿਖੇ 1984 ਵਿਚ ਸਿੱਖ ਵਿਰੋਧੀ ਕਤਲੇਆਮ ਦੌਰਾਨ ਢਾਹ ਦਿੱਤਾ ਗਿਆ ਸੀ, ਨੂੰ ਉੱਥੇ ਹੀ ਮੁੜ ਉਸਾਰੇ ਜਾਣ ਦੀ ਮੰਗ ਕਰਦੀ ਆ ਰਹੀ ਹੈ।

## ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਦੇ ਵੱਡੇ ਭਰਾ ਚਲ ਵਸੇ

**ਸਮਾਲਸਰ/ਏ.ਟੀ. ਨਿਊਜ਼ :**-ਸੰਤ ਜਰਨੈਲ ਸਿੰਘ ਖ਼ਾਲਸਾ ਭਿੰਡਰਾਂਵਾਲੇ ਦੇ ਵੱਡੇ ਭਰਾ ਭਾਈ ਵੀਰ ਸਿੰਘ (86) ਬੀਤੇ ਦਿਨੀਂ ਚਲ ਵਸੇ। ਉਨ੍ਹਾਂ ਨੇ ਆਪਣੇ ਜੀਵਨ ਦੌਰਾਨ ਪੰਜ ਪਿਆਰਿਆਂ ਵਿਚ ਲੱਗ ਕੇ ਅੰਮਿਤ ਪ੍ਰਚਾਰ ਦੀ ਸੇਵਾ ਨਿਭਾਈ। ਗੁਰਦੁਆਰਾ ਜਨਮ ਅਸਥਾਨ ਸੰਤ ਖ਼ਾਲਸਾ ਦੇ ਮੁੱਖ ਸੇਵਾਦਾਰ ਵਿਦਿਆਰਥੀ ਦਮਦਮੀ ਟਕਸਾਲ ਬਾਬਾ ਬਲਵਿੰਦਰ ਸਿੰਘ ਨੇ ਅਰਦਾਸ ਬੇਨਤੀ ਕੀਤੀ ਉਪਰੰਤ ਸਵਰਗਵਾਸੀ ਭਾਈ ਵੀਰ ਸਿੰਘ ਦੀ ਚਿਖਾ ਨੂੰ ਸੰਤ ਜਰਨੈਲ ਸਿੰਘ ਖ਼ਾਲਸਾ ਭਿੰਡਰਾਂਵਾਲਿਆਂ ਦੇ ਪੁੱਤਰ ਭਾਈ ਈਸ਼ਰ ਸਿੰਘ ਤੇ ਸਵਰਗਵਾਸੀ ਭਾਈ ਵੀਰ ਸਿੰਘ ਦੇ ਪੁੱਤਰ ਕੁਲਦੀਪ ਸਿੰਘ ਨੇ ਅਗਨੀ ਭੇਟ ਕੀਤਾ। ਇਸ ਸਮੇਂ ਅਕਾਲ ਤਖ਼ਤ ਸਾਹਿਬ ਦੇ ਸਾਬਕਾ ਜਥੇਦਾਰ ਭਾਈ ਜਸਵੀਰ ਸਿੰਘ ਖ਼ਾਲਸਾ, ਦਮਦਮੀ ਟਕਸਾਲ ਦੇ ਜਥੇਦਾਰ ਸੁਖਦੇਵ ਸਿੰਘ ਅਨੰਦਪੁਰ ਸਾਹਿਬ, ਕੈਪਟਨ ਹਰਚਰਨ ਸਿੰਘ ਰੋਡੇ ਹਾਜ਼ਰ ਸਨ।

## ਢੱਡਰੀਆਂ ਵਾਲਿਆਂ ਨਾਲ ਮੀਟਿੰਗ ਕਰੇਗੀ ਅਕਾਲ ਤਖ਼ਤ ਵਲੋਂ ਕਾਇਮ ਕਮੇਟੀ

**ਅੰਮ੍ਰਿਤਸਰ/ਏ.ਟੀ. ਨਿਊਜ਼ :** ਸਿੱਖ ਪ੍ਰਚਾਰਕ ਭਾਈ ਰਣਜੀਤ ਸਿੰਘ ਢੱਡਰੀਆਂ ਵਾਲਾ ਦਾ ਮਾਮਲਾ ਸ੍ਰੀ ਅਕਾਲ ਤਖ਼ਤ ਵਲੋਂ ਬਣਾਈ ਪੰਜ ਮੈਂਬਰੀ ਕਮੇਟੀ ਵੱਲੋਂ ਵਿਚਾਰਨ ਉਪਰੰਤ ਕਮੇਟੀ ਨੇ ਉਨ੍ਹਾਂ ਨਾਲ ਇੱਕ ਵਾਰ ਮੀਟਿੰਗ ਕਰਕੇ ਵਿਚਾਰ-ਚਰਚਾ ਕਰਨ ਦਾ ਫੈਸਲਾ ਕੀਤਾ ਹੈ। ਇਸ ਸਬੰਧੀ ਢੱਡਰੀਆਂਵਾਲਾ ਨੂੰ ਮੀਟਿੰਗ ਲਈ ਆਖਿਆ ਜਾ ਰਿਹਾ ਹੈ। ਉਨ੍ਹਾਂ ਖਿਲਾਫ਼ ਪਿਛਲੇ ਦਿਨੀਂ ਅਕਾਲ ਤਖ਼ਤ 'ਤੇ ਦੇਸ਼ ਵਿਦੇਸ਼ ਤੋਂ ਵੱਡੀ ਗਿਣਤੀ ਵਿੱਚ ਸ਼ਿਕਾਇਤਾਂ ਪੁੱਜੀਆਂ ਸਨ, ਜਿਨ੍ਹਾਂ ਵਿਚ ਦੋਸ਼ ਲਾਇਆ ਗਿਆ ਸੀ ਕਿ ਢੱਡਰੀਆਂ ਵਾਲਿਆਂ ਵਲੋਂ ਪ੍ਰਚਾਰ ਵੇਲੇ ਸਿੱਖ ਸਿਧਾਂਤਾਂ ਅਤੇ ਗੁਰਮਤਿ ਦਾ ਕਥਿਤ ਘਾਣ ਕੀਤਾ ਜਾ ਰਿਹਾ ਹੈ, ਜਿਸ ਨਾਲ ਸਿੱਖਾਂ ਵਿਚ ਭਰਾ ਮਾਰੂ ਜੰਗ ਦੇ ਆਸਾਰ ਬਣ ਰਹੇ ਹਨ।

## ਹਲਕਾ ਫੋਰੈਸਟ ਲਾਅਨ ਤੋਂ ਜਸਰਾਜ ਸਿੰਘ ਨੇ ਐਮ.ਪੀ. ਵਜੋਂ ਸਹੁੰ ਚੁੱਕੀ

**ਕੈਲਗਰੀ/ਏ.ਟੀ. ਨਿਊਜ਼ :**ਕੈਲਗਰੀ ਦੇ ਹਲਕਾ ਫੋਰੈਸਟ ਲਾਅਨ ਤੋਂ ਨਵੇਂ ਚੁਣੇ ਗਏ ਫੈਡਰਲ ਕੰਜ਼ਰਵੇਟਿਵ ਪਾਰਟੀ ਨਾਲ ਸਬੰਧਿਤ ਜਸਰਾਜ ਸਿੰਘ ਹੱਲਣ ਨੇ ਬੀਤੇ ਦਿਨੀਂ ਕੈਨੇਡਾ ਦੇ ਸੰਸਦ ਭਵਨ ਵਿਚ ਸਹੁੰ ਚੁੱਕੀ । ਇਸ ਮੌਕੇ ਉਨ੍ਹਾਂ ਦਾ ਪੂਰਾ ਪਰਿਵਾਰ, ਕੈਲਗਰੀ ਦੇ ਉਘੇ ਪੰਜਾਬੀ ਕਾਰੋਬਾਰੀ ਅਮਰਪ੍ਰੀਤ ਸਿੰਘ ਬੈਂਸ, ਅਵਤਾਰ ਸਿੰਘ ਕਲੇਰ, ਗੁਰਦੁਆਰਾ ਦਸਮੇਸ਼ ਕਲਚਰ ਸੈਂਟਰ ਕੈਲਗਰੀ ਦੇ ਪ੍ਰਧਾਨ ਅਮਨਪ੍ਰੀਤ ਸਿੰਘ ਗਿੱਲ, ਹਰਪਾਲ ਸਿੰਘ ਸ਼ੇਰਗਿੱਲ, ਧਰੁਵ ਸ਼ਰਮਾ ਕੈਲਗਰੀ ਤੋਂ ਮੀਡੀਆ ਦੇ ਮੈਂਬਰ ਰਿਸ਼ੀ ਨਾਗਰ, ਹਰਬੰਸ ਬੁੱਟਰ, ਕਮਲਜੀਤ ਬੁੱਟਰ, ਅੱਬਾਸ ਰਾਣਾ ਅਤੇ ਹੋਰ ਦੋਸਤ ਹਾਜ਼ਰ ਸਨ।

## ਲਾਹੌਰ ਦੀ ਪੰਜਾਬ ਯੂਨੀਵਰਸਿਟੀ ਵਿਚ ਸਥਾਪਤ ਹੋਵੇਗੀ ਗੁਰੂ ਨਾਨਕ ਚੇਅਰ

**ਜਲੰਧਰ/ਏ.ਟੀ. ਨਿਊਜ਼ :**ਲਾਹੌਰ ਦੀ ਪੰਜਾਬ ਯੂਨੀਵਰਸਿਟੀ ਵਿਚ ਸਰਬੱਤ ਦਾ ਭਲਾ ਟਰੱਸਟ ਵੱਲੋਂ ਗੁਰੂ ਨਾਨਕ ਚੇਅਰ ਸਥਾਪਤ ਕੀਤੀ ਜਾਵੇਗੀ, ਜਿਸ ਵਿਚ ਬਣਨ ਵਾਲੇ ਰਿਸਰਚ ਸੈਂਟਰ ਵਿਚ ਗੁਰੂ ਨਾਨਕ ਸਾਹਿਬ ਦੀ ਬਾਣੀ ਤੇ ਉਨ੍ਹਾਂ ਦੀਆਂ ਸਿੱਖਿਆਵਾਂ ਤੇ ਫ਼ਲਸਫ਼ੇ 'ਤੇ ਖੋਜ ਕਰਨ ਦੇ ਨਾਲ-ਨਾਲ ਗੁਰਬਾਣੀ ਦੇ ਪ੍ਰਚਾਰ ਤੇ ਪ੍ਰਸਾਰ ਲਈ ਸਮੇਂ-ਸਮੇਂ ਸਿਰ ਸੈਮੀਨਾਰ ਤੇ ਵਿਚਾਰ ਗੋਸ਼ਟੀਆਂ ਕਰਵਾਈਆਂ ਜਾਣਗੀਆਂ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਸਰਬੱਤ ਦਾ ਭਲਾ ਟਰੱਸਟ ਦੇ ਮੁਖੀ ਅਤੇ ਦੁਬਈ ਦੇ ਕਾਰੋਬਾਰੀ ਐੱਸਪੀ ਸਿੰਘ ਓਬਰਾਏ ਨੇ ਲਹਿੰਦੇ ਪੰਜਾਬ ਦੇ ਗਵਰਨਰ ਮੁਹੰਮਦ ਸਰਵਰ ਤੇ ਉਨ੍ਹਾਂ ਦੀ ਬੇਗ਼ਮ ਨਾਲ ਮੀਟਿੰਗ ਕਰਨ ਤੋਂ ਬਾਅਦ ਕੀਤਾ। ਪਾਕਿਸਤਾਨ ਦਾ ਦੌਰਾ ਕਰ ਕੇ ਪਰਤੇ ਐੱਸਪੀ ਸਿੰਘ ਓਬਰਾਏ ਨੇ ਦੱਸਿਆ ਕਿ ਟਰੱਸਟ ਵੱਲੋਂ ਗੁਰੂ ਨਾਨਕ ਚੇਅਰ ਲਈ ਨਿਸ਼ਚਿਤ ਰਕਮ ਬੈਂਕ ਵਿਚ ਜਮ੍ਹਾਂ ਕਰਵਾ ਦਿੱਤੀ ਜਾਵੇਗੀ, ਜਿਸ ਦਾ ਸਾਲਾਨਾ ਵਿਆਜ ਕਰੀਬ 35 ਤੋਂ 40 ਲੱਖ ਰੁਪਏ ਬਣੇਗਾ। ਵਿਆਜ ਵਾਲੀ ਰਕਮ ਨੂੰ ਹੀ ਇਸ ਕਾਰਜ ਤੋਂ ਇਲਾਵਾ ਆਰਥਿਕ ਪੱਖ ਤੋਂ ਕਮਜ਼ੋਰ ਵਰਗ ਦੇ ਵਿਦਿਆਰਥੀਆਂ ਨੂੰ ਸਕਾਲਰਸ਼ਿਪ ਦੇਣ ਲਈ ਖਰਚ ਕੀਤਾ ਜਾਵੇਗਾ, ਜਿਸ ਦਾ ਸਾਰਾ ਲੇਖਾ-ਜੋਖਾ ਯੂਨੀਵਰਸਿਟੀ ਵੱਲੋਂ ਟਰੱਸਟ ਨੂੰ ਦਿੱਤਾ ਜਾਵੇਗਾ।

# ਡਾਕਟਰ ਦਾ ਜਬਰ ਜਨਾਹ ਕਰਨ ਤੋਂ ਬਾਅਦ ਕਤਲ

## *ਦੋਸ਼ੀਆਂ ਉੱਪਰ ਫਾਸਟ ਟਰੈਕ ਅਦਾਲਤ ਰਾਹੀਂ ਚਲੇਗਾ ਮੁਕੱਦਮਾ*

**ਹੈਦਰਾਬਾਦ/ਏ.ਟੀ. ਨਿਊਜ਼ :** ਹੈਦਰਾਬਾਦ ਵਿਚ ਇਕ ਵੈਟਰਨਰੀ ਔਰਤ ਡਾਕਟਰ ਨਾਲ ਸਮੂਹਿਕ ਜਬਰ ਜਨਾਹ ਅਤੇ ਹੱਤਿਆ ਦੇ ਮਾਮਲੇ ਵਿਚ ਉਸ ਦੀ ਗੁੰਮਸ਼ੁਦਗੀ ਸਬੰਧੀ ਐਫ਼. ਆਈ. ਆਰ. ਦਰਜ ਵਿਚ ਦੇਰੀ ਕਰਨ ਵਾਲੇ ਤਿੰਨ ਪੁਲਿਸ ਮੁਲਾਜ਼ਮਾਂ ਸਬ-ਇੰਸਪੈਕਟਰ ਐਮ. ਰਵੀ ਕੁਮਾਰ ਤੇ ਹੈੱਡ ਕਾਂਸਟੇਬਲ ਪੀ. ਵੇਣੂ ਗੋਪਾਲ ਰੈਡੀ ਅਤੇ ਏ.ਸੱਤਿਆਨਾਰਾਇਣ ਗੌੜ ਨੂੰ ਬੀਤੇ ਦਿਨੀਂ ਮੁਅੱਤਲ ਕਰ ਦਿੱਤਾ ਗਿਆ। ਸਾਈਬਰਾਬਾਦ ਦੇ ਪੁਲਿਸ ਕਮਿਸ਼ਨਰ ਵੀ. ਸੀ. ਸਜਨਾਰ ਨੇ ਦੱਸਿਆ ਕਿ ਇਨ੍ਹਾਂ ਪੁਲਿਸ ਮੁਲਾਜ਼ਮਾਂ 'ਤੇ ਦੋਸ਼ ਲੱਗੇ ਸਨ ਕਿ ਉਨ੍ਹਾਂ ਨੇ ਵੈਟਰਨਰੀ ਡਾਕਟਰ ਦੀ ਗੁੰਮਸ਼ੁਦਗੀ ਸਬੰਧੀ ਐਫ਼. ਆਈ. ਆਰ. ਦਰਜ ਕਰਨ ਵਿਚ ਦੇਰੀ ਕੀਤੀ। ਰਾਸ਼ਟਰੀ ਮਹਿਲਾ ਕਮਿਸ਼ਨ ਦੀ ਪ੍ਰਧਾਨ ਰੇਖਾ ਸ਼ਰਮਾ ਨੇ ਕਿਹਾ ਕਿ ਪਰਿਵਾਰ ਵਾਲਿਆਂ ਨੇ ਦੱਸਿਆ ਹੈ ਕਿ ਪੁਲਿਸ ਨੇ ਉਨ੍ਹਾਂ ਦੀ ਗੱਲ ਹੀ ਨਹੀਂ ਸੁਣੀ। ਪੁਲਿਸ ਕਹਿ ਰਹੀ ਸੀ ਕਿ ਔਰਤ ਡਾਕਟਰ ਕਿਧਰੇ ਚਲੀ ਗਈ ਹੋਵੇਗੀ। ਪੁਲਿਸ ਵਾਲੇ ਇਸ ਗੱਲ ਨੂੰ ਲੈ ਕੇ ਲੜ ਰਹੇ ਸਨ ਕਿ ਘਟਨਾ ਕਿਸ ਦੇ ਖੇਤਰ ਦੀ ਹੈ, ਜਿਸ ਕਾਰਨ ਦੇਰੀ ਹੋਈ, ਨਹੀਂ ਤਾਂ ਉਸ ਨੂੰ ਬਚਾਇਆ ਜਾ ਸਕਦਾ ਸੀ ਤੇਲੰਗਨਾ ਦੇ ਮੁੱਖ ਮੰਤਰੀ ਕੇਸੀਆਰ ਨੇ ਮਹਿਲਾ ਵੈਟਰਨਰੀ ਡਾਕਟਰ ਨਾਲ ਬਲਾਤਕਾਰ ਅਤੇ ਕਤਲ ਦੇ ਮਾਮਲੇ ਵਿਚ ਛੇਤੀ ਸੁਣਵਾਈ ਲਈ ਅਦਾਲਤ ਦਾ ਗਠਨ ਕੀਤੇ ਜਾਣ ਦੇ ਹੁਕਮ ਦਿੱਤੇ ਹਨ।



## ਬਲਾਤਕਾਰੀਆਂ ਨੂੰ ਜਨਤਕ ਤੌਰ 'ਤੇ ਫਾਂਸੀ ਦੀ ਮੰਗ

ਹੈਦਰਾਬਾਦ ਵਿਚ ਵੈਟਰਨਰੀ ਮਹਿਲਾ ਡਾਕਟਰ ਦੀ ਸਮੂਹਿਕ ਜਬਰ ਜਨਾਹ ਤੋਂ ਬਾਅਦ ਹੱਤਿਆ ਦੇ ਮਾਮਲੇ ਵਿਚ ਬੋਲਦੇ ਹੋਏ 'ਆਲ ਇੰਡੀਆ ਆਰਗੇਨਾਈਜੇਸ਼ਨ ਆਫ਼ ਇਮਾਜਸ' ਦੇ ਮੁਖੀ ਉਮਰ ਅਹਿਮਦ ਇਲਿਆਸੀ ਨੇ ਕਿਹਾ ਕਿ ਦੋਸ਼ੀਆਂ ਨੂੰ ਜਨਤਕ ਤੌਰ 'ਤੇ ਫਾਂਸੀ ਦਿੱਤੀ ਜਾਣੀ ਚਾਹੀਦੀ ਹੈ। ਉਨ੍ਹਾਂ ਨੇ ਆਰ. ਐਸ. ਐਸ. ਮੁਖੀ ਮੋਹਨ ਭਾਗਵਤ, ਕੇਂਦਰੀ ਮੰਤਰੀ ਸਮ੍ਰਿਤੀ ਇਰਾਨੀ ਅਤੇ ਲੋਕ ਸਭਾ ਸਪੀਕਰ ਓਮ ਬਿਰਲਾ ਦੀ ਹਾਜ਼ਰੀ ਵਿਚ ਗੀਤਾ ਫ਼ੈਸਟੀਵਲ ਦੌਰਾਨ ਇਹ ਟਿੱਪਣੀ ਕੀਤੀ। ਇਹ ਪ੍ਰੋਗਰਾਮ ਲਾਲ ਕਿਲ੍ਹੇ ਵਿਚ ਕਰਵਾਇਆ ਗਿਆ।

## ਪੁਲਿਸ ਵਲੋਂ ਚਾਰ ਦੋਸ਼ੀ ਗ੍ਰਿਫ਼ਤਾਰ



ਸੀਨੀਅਰ ਜੇਲ੍ਹ ਅਧਿਕਾਰੀ ਨੇ ਦੱਸਿਆ ਕਿ 25 ਸਾਲਾ ਵੈਟਰਨਰੀ ਮਹਿਲਾ ਡਾਕਟਰ ਨਾਲ ਸਮੂਹਿਕ ਜਬਰ ਜਨਾਹ ਤੇ ਹੱਤਿਆ ਮਾਮਲੇ ਦੇ 4 ਦੋਸ਼ੀਆਂ ਨੂੰ ਚੇਰਲਾਫਾਲੀ ਸੈਂਟਰਲ ਜੇਲ੍ਹ ਵਿਚ ਉੱਚ ਸੁਰੱਖਿਆ ਸੈੱਲ ਵਿਚ ਇਕਾਂਤ ਵਿਚ ਅਲੱਗ-ਅਲੱਗ ਰੱਖਿਆ ਗਿਆ ਹੈ। ਜ਼ਿਕਰਯੋਗ ਹੈ ਕਿ ਇਹ ਚਾਰੇ ਦੋਸ਼ੀ, ਜਿਨ੍ਹਾਂ ਦੀ ਉਮਰ 20 ਅਤੇ 24 ਸਾਲ ਦਰਮਿਆਨ ਹੈ। ਪੁਲਿਸ ਦੀ ਰਿਮਾਂਡ ਰਿਪੋਰਟ ਮੁਤਾਬਕ ਚਾਰਾਂ ਦੋਸ਼ੀਆਂ ਨੇ ਪੀੜਤਾ ਨਾਲ ਬਲਾਤਕਾਰ ਦੀ ਸਾਜਿਸ਼ ਰਚੀ। ਨਾਲ ਹੀ ਪੀੜਤਾ ਦੇ ਸ਼ੋਰ ਪਾਉਣ 'ਤੇ ਦੋਸ਼ੀਆਂ ਨੇ ਚੁੱਪ ਕਰਵਾਉਣ ਲਈ ਉਸ ਦੇ ਮੂੰਹ ਵਿੱਚ ਜ਼ਬਰਦਸਤੀ ਸ਼ਰਾਬ ਪਾਈ। ਦੋਸ਼ੀਆਂ ਨੇ ਰਿਮਾਂਡ ਰਿਪੋਰਟ ਵਿੱਚ ਦੱਸਿਆ ਕਿ ਬੀਤੇ ਬੁੱਧਵਾਰ 6.15 ਵਜੇ ਜਦੋਂ ਪੀੜਤਾ ਨੇ ਸਕੂਟੀ ਪਾਰਕ ਕੀਤੀ ਤਾਂ ਸਾਰੇ ਦੋਸ਼ੀ ਉਸ ਨੂੰ ਵੇਖ ਰਹੇ ਸਨ। ਇਸ ਤੋਂ ਬਾਅਦ ਪੀੜਤਾ ਟੈਕਸੀ ਰਾਹੀਂ ਚਮੜੀ ਦੇ ਮਾਹਿਰ ਨੂੰ ਮਿਲਣ ਗਈ। ਇਸ ਦੌਰਾਨ ਚਾਰਾਂ ਦੋਸ਼ੀਆਂ ਮੁਹੰਮਦ ਆਰਿਫ, ਜੋਲੂ ਸ਼ਿਵਾ, ਜੋਲੂ ਨਵੀਨ ਤੇ ਚਿੰਤਾਕੁੰਤਾ ਕੇਸ਼ਾਵੁਲੁ ਜੋ ਪੇਸ਼ੇ ਤੋਂ ਡਰਾਈਵਰ ਅਤੇ ਖਲਾਸੀ ਹੈ ਨੇ ਸਕੂਟੀ ਦੀ ਇੱਕ ਟਾਇਰ ਦੀ ਹਵਾ ਕੱਢ ਦਿੱਤੀ। ਇਸ ਤੋਂ ਬਾਅਦ ਚਾਰਾਂ ਨੇ ਪੀੜਤਾ ਉੱਤੇ ਹਮਲਾ ਕਰਨ ਤੋਂ ਪਹਿਲਾਂ ਸ਼ਰਾਬ ਪੀਤੀ। ਜਦੋਂ ਪੀੜਤਾ 9:15 ਵਜੇ ਵਾਪਸ ਪਰਤੀ ਤਾਂ ਚਾਰੋਂ ਮਦਦ ਦੇ ਬਹਾਨੇ ਉਸ ਕੋਲ ਪਹੁੰਚੇ। ਉਨ੍ਹਾਂ ਨੇ ਪੁਲਿਸ ਨੂੰ ਦੱਸਿਆ ਕਿ ਉਨ੍ਹਾਂ ਨੇ ਪੀੜਤਾ ਨੂੰ ਫ਼ੋਨ ਉੱਤੇ ਗੱਲ ਕਰਦੇ ਹੋਏ ਵੇਖਿਆ। ਉਸ ਤੋਂ ਬਾਅਦ ਉਨ੍ਹਾਂ ਵਿਚੋਂ ਤਿੰਨ ਪੀੜਤਾ ਨੂੰ ਟੋਲ ਗੇਟ ਕੋਲ ਇੱਕ ਝਾੜੀ ਵਿੱਚ ਲੈ ਗਏ ਅਤੇ ਉਸ ਦਾ ਫ਼ੋਨ ਬੰਦ ਕਰ ਦਿੱਤਾ। ਇਸ ਸਮੇਂ ਜਦੋਂ ਔਰਤ ਨੇ ਰੌਲਾ ਪਾਉਣ ਦੀ ਕੋਸ਼ਿਸ਼ ਕੀਤੀ ਤਾਂ ਦੋਸ਼ੀਆਂ ਨੇ ਚੁੱਪ ਕਰਵਾਉਣ ਲਈ ਉਸ ਦੇ ਮੂੰਹ ਵਿੱਚ ਸ਼ਰਾਬ ਪਾਈ।

## ਰੋਸ ਵਜੋਂ ਸੰਸਦ ਮੂਹਰੇ ਧਰਨੇ 'ਤੇ ਬੈਠੀ ਲੜਕੀ

ਹੈਦਾਰਬਾਦ ਵਿਚ ਵੈਟਰਨਰੀ ਮਹਿਲਾ ਡਾਕਟਰ ਨਾਲ ਸਮੂਹਿਕ ਜਬਰ ਜਨਾਹ ਤੋਂ ਬਾਅਦ ਜ਼ਿੰਦਾ ਸਾੜ ਕੇ ਹੱਤਿਆ ਕਰਨ ਦਾ ਵਿਰੋਧ ਦਿੱਲੀ ਤੱਕ ਪੁੱਜ ਗਿਆ। ਔਰਤਾਂ ਖ਼ਿਲਾਫ਼ ਵਧਦੇ ਅਪਰਾਧਾਂ ਤੋਂ ਨਾਰਾਜ਼ ਅਨੂੰ ਦੂਬੇ ਨਾਂਅ ਦੀ ਇਕ ਲੜਕੀ ਨੇ ਇਕੱਲੇ ਹੀ ਵੀ.ਆਈ.ਪੀ. ਇਲਾਕੇ ਵਿਚ ਸੰਸਦ ਦੇ ਬਾਹਰ ਫੁੱਟਪਾਥ 'ਤੇ ਧਰਨਾ ਦੇ ਦਿੱਤਾ ਜਿਸ ਨੇ ਪੁਲਿਸ 'ਤੇ ਉਸ ਨਾਲ ਬਲਸਲੂਕੀ ਕਰਨ ਦਾ ਦੋਸ਼ ਲਗਾਇਆ ਹੈ। ਇਸ ਨੂੰ ਲੈ ਕੇ ਦਿੱਲੀ ਮਹਿਲਾ ਕਮਿਸ਼ਨ ਨੇ ਦਿੱਲੀ ਪੁਲਿਸ ਨੂੰ ਨੋਟਿਸ ਜਾਰੀ ਕੀਤਾ ਹੈ। ਅਨੂੰ ਦੂਬੇ ਦੇ ਹੱਥ ਵਿਚ ਤਖ਼ਤੀ ਫੜੀ ਸੀ, ਜਿਸ ਉੱਤੇ ਲਿਖਿਆ ਹੋਇਆ ਸੀ ਕਿ 'ਮੈਂ ਆਪਣੇ ਭਾਰਤ ਵਿਚ ਖ਼ੁਦ ਨੂੰ ਸੁਰੱਖਿਅਤ ਮਹਿਸੂਸ ਕਿਉਂ ਨਹੀਂ ਕਰਦੀ' ਅਤੇ 'ਜੋ ਕਰਨਾ ਹੈ ਕਰ ਲੋ ਅਬ ਡਰਨੇ ਕਾ ਮਨ ਨਹੀਂ ਕਰਤਾ'। ਜਦੋਂ ਪੁਲਿਸ ਵਲੋਂ ਉਸ ਲੜਕੀ ਨੂੰ ਧਰਨਾ ਖ਼ਤਮ ਕਰਨ ਲਈ ਕਿਹਾ ਗਿਆ ਤਾਂ ਲੜਕੀ ਨੇ ਰੋਜ਼ਾਨਾ ਹੀ ਲੜਕੀਆਂ ਨਾਲ ਵਾਪਰਨ ਵਾਲੀਆਂ ਮਾੜੀਆਂ ਘਟਨਾਵਾਂ ਸਬੰਧੀ ਸਵਾਲਾਂ ਦੀ ਝੜੀ ਲਗਾ ਦਿੱਤੀ, ਜਿਸ ਤੋਂ ਸਮਾਜ, ਸਰਕਾਰ ਤੇ ਪ੍ਰਸ਼ਾਸਨ ਨੇ ਪਾਸਾ ਵੱਟਿਆ ਹੋਇਆ ਹੈ। ਧਰਨਾ ਖ਼ਤਮ ਕਰਨ ਤੋਂ ਇਨਕਾਰ ਕਰਨ 'ਤੇ ਦਿੱਲੀ ਪੁਲਿਸ ਉਸ ਨੂੰ ਸੰਸਦ ਮਾਰਗ ਪੁਲਿਸ ਥਾਣੇ ਲੈ ਗਈ ਤੇ ਕਾਫ਼ੀ ਦੇਰ ਥਾਣੇ ਵਿਚ ਰੱਖਿਆ। ਇਸ ਮੌਕੇ ਦਿੱਲੀ ਮਹਿਲਾ ਕਮਿਸ਼ਨ ਦੀ ਚੇਅਰਪਰਸਨ ਆਪਣੀ ਟੀਮ ਸਮੇਤ ਥਾਣੇ ਪੁੱਜੀ ਤੇ ਅਨੂੰ ਦੂਬੇ ਨੂੰ ਰਿਹਾਅ ਕਰਵਾਇਆ। ਅਨੂੰ ਦੂਬੇ ਨੇ ਦਾਅਵਾ ਕੀਤਾ ਕਿ ਥਾਣੇ ਵਿਚ ਪੁਲਿਸ ਨੇ ਉਸ ਨਾਲ ਧੱਕੇਸ਼ਾਹੀ ਤੇ ਕੁੱਟਮਾਰ ਕੀਤੀ ਗਈ। ਦਿੱਲੀ ਮਹਿਲਾ ਕਮਿਸ਼ਨ ਦੀ ਚੇਅਰਪਰਸਨ ਸਵਾਤੀ ਮਾਲੀਵਾਲ ਨੇ ਵੀ ਇਸ ਦੀ ਪੁਸ਼ਟੀ ਕੀਤੀ ਕਿ ਅਨੂੰ ਨਾਲ ਪੁਲਿਸ ਨੇ ਕੁੱਟਮਾਰ ਕੀਤੀ ਹੈ। ਸਵਾਤੀ ਨੇ ਤਿੰਨੇ ਪੁਲਿਸ ਕਰਮੀਆਂ ਦੀ ਬਰਖ਼ਾਸਤਗੀ ਦੀ ਮੰਗ ਵੀ ਕੀਤੀ ਜਦੋਂ ਕਿ ਪੁਲਿਸ ਵਲੋਂ ਕੁੱਟਮਾਰ ਤੋਂ ਇਨਕਾਰ ਕੀਤਾ ਗਿਆ ਹੈ। ਦਿੱਲੀ ਪੁਲਿਸ ਦੇ ਵਧੀਕ ਪੀ.ਆਰ.ਓ.



ਅਨਿਲ ਮਿੱਤਲ ਨੇ ਦੱਸਿਆ ਕਿ ਅਨੂੰ ਦੂਬੇ ਨੂੰ ਇਹ ਦੱਸਿਆ ਗਿਆ ਸੀ ਕਿ ਜਿੱਥੇ ਉਸ ਨੇ ਧਰਨਾ ਦਿੱਤਾ ਹੈ ਉਹ ਪਾਬੰਦੀ ਵਾਲਾ ਇਲਾਕਾ ਹੈ ਅਤੇ ਇੱਥੇ ਕਿਸੇ ਤਰ੍ਹਾਂ ਦੇ ਪ੍ਰਦਰਸ਼ਨ ਦੀ ਪ੍ਰਵਾਨਗੀ ਨਹੀਂ ਪ੍ਰੰਤੂ ਉਸ ਨੇ ਪੁਲਿਸ ਦੇ ਨਿਰਦੇਸ਼ ਨੂੰ ਨਹੀਂ ਮੰਨਿਆ। ਇਸ ਤੋਂ ਬਾਅਦ ਔਰਤ ਪੁਲਿਸ ਕਰਮੀਆਂ ਨੇ ਉਸ ਨੂੰ ਹਿਰਾਸਤ ਵਿਚ ਲੈ ਲਿਆ ਤੇ ਬਾਅਦ ਵਿਚ ਰਿਹਾਅ ਕਰ ਦਿੱਤਾ ਗਿਆ।

**ਸੰਸਦ ਵਿਚ ਗੂੰਜਿਆ ਮੁੱਦਾ :** ਪੂਰੇ ਦੇਸ਼ ਨੂੰ ਝੰਜੋੜ ਕੇ ਰੱਖ ਦੇਣ ਵਾਲੇ ਹੈਦਰਾਬਾਦ ਗੈਂਗਰੇਪ ਕੇਸ ਦਾ ਮੁੱਦਾ ਰਾਜ ਸਭਾ ਵਿਚ ਗੂੰਜਿਆ। ਰਾਜ ਸਭਾ ਵਿਚ ਸਭਾਪਤੀ ਵੈਂਕਿਆ ਨਾਇਡੂ ਦੀ ਮੌਜੂਦਗੀ ਵਿਚ ਸੰਸਦ ਮੈਂਬਰਾਂ ਨੇ ਇਸ ਮੁੱਦੇ ਦੀ ਚਰਚਾ ਤੇ ਪੀੜਤ ਪਰਿਵਾਰ ਨੂੰ ਜਲਦੀ ਨਿਆਂ ਦਿਵਾਉਣ ਦੀ ਮੰਗ ਕੀਤੀ। ਰਾਜ ਸਭਾ ਵਿਚ ਇਸ ਕੇਸ ਨੂੰ ਫਾਸਟ ਟ੍ਰੈਕ ਅਦਾਲਤ ਵਿਚ ਲਿਜਾਣ ਦੀ ਗੱਲ ਕੀਤੀ ਗਈ। ਸਮਾਜਵਾਦੀ ਪਾਰਟੀ ਦੀ ਸੰਸਦ ਮੈਂਬਰ ਜਯਾ ਬੱਚਨ ਨੇ ਇਸ ਮੁੱਦੇ 'ਤੇ ਆਪਣੀ ਗੱਲ ਰੱਖੀ। ਉਨ੍ਹਾਂ ਨੇ ਕਿਹਾ ਕਿ ਬਲਾਤਕਾਰੀਆਂ ਨੂੰ ਭੀੜ ਦੇ ਹਵਾਲੇ ਕਰ ਦੇਣਾ ਚਾਹੀਦਾ ਹੈ। ਕਾਂਗਰਸੀ ਸੰਸਦ ਮੈਂਬਰ ਗੁਲਾਮ ਨਬੀ ਆਜ਼ਾਦ ਨੇ ਮੁਜ਼ਲਮਾਂ ਖਿਲਾਫ ਸਖ਼ਤ ਸਜ਼ਾ ਦੀ ਮੰਗ ਕੀਤੀ। ਉਧਰ, ਆਮ ਆਦਮੀ ਪਾਰਟੀ ਦੇ ਸੰਸਦ ਸੰਜੈ ਸਿੰਘ ਨੇ ਪੀਤੜ ਪਰਿਵਾਰ ਨੂੰ ਜਲਦ ਨਿਆਂ ਦਿਵਾਉਣ ਦੀ ਗੱਲ ਕੀਤੀ ਤੇ ਮਹਿਲਾ ਸੁਰੱਖਿਆ ਲਈ ਕੁਝ ਕਦਮ ਚੁੱਕਣ ਦੀ ਗੱਲ ਕੀਤੀ।

## ਪ੍ਰਿਯੰਕਾ ਰੈਡੀ ਦੀ ਸਮੂਹਿਕ ਜਬਰ ਜਨਾਹ ਤੋਂ ਬਾਅਦ ਹੱਤਿਆ ਦੇ ਵਿਰੋਧ ਵਿਚ ਵੱਡੀ ਗਿਣਤੀ ਲੋਕਾਂ ਨੇ ਪ੍ਰਦਰਸ਼ਨ

ਹੈਦਰਾਬਾਦ ਵਿਚ ਵੈਟਰਨਰੀ ਡਾਕਟਰ ਪ੍ਰਿਯੰਕਾ ਰੈਡੀ ਦੀ ਸਮੂਹਿਕ ਜਬਰ ਜਨਾਹ ਤੋਂ ਬਾਅਦ ਹੱਤਿਆ ਦੇ ਮਾਮਲੇ ਵਿਚ ਵੱਡੀ ਗਿਣਤੀ ਲੋਕਾਂ ਨੇ ਵਿਰੋਧ ਪ੍ਰਦਰਸ਼ਨ ਕੀਤਾ। ਲੋਕਾਂ ਵਲੋਂ ਜਬਰ ਜਨਾਹ ਦੇ ਦੋਸ਼ੀਆਂ ਲਈ ਮੌਤ ਦੀ ਸਜ਼ਾ ਦੀ ਮੰਗ ਕੀਤੀ ਗਈ। ਵੱਡੀ ਗਿਣਤੀ ਲੋਕਾਂ ਨੇ ਦੋਸ਼ੀਆਂ ਖ਼ਿਲਾਫ਼ ਕਾਰਵਾਈ ਦੀ ਮੰਗ ਨੂੰ ਲੈ ਕੇ ਸ਼ਾਦਨਗਰ ਪੁਲਿਸ ਥਾਣੇ ਸਾਹਮਣੇ ਧਰਨਾ ਦਿੱਤਾ।

ਸ਼ਾਦਨਗਰ ਥਾਣੇ ਵਿਚ ਦਾਖ਼ਲ ਹੋਣ ਦੀ ਕੋਸ਼ਿਸ਼ ਕਰ ਰਹੀ ਭੀੜ ਨੂੰ ਪੁਲਿਸ ਨੇ ਜਦੋਂ ਰੋਕਣ ਦੀ ਕੋਸ਼ਿਸ਼ ਕੀਤੀ ਤਾਂ ਪੁਲਿਸ 'ਤੇ ਲੋਕਾਂ ਨੇ ਚੱਪਲਾਂ ਤੇ ਪੱਥਰ ਚਲਾ ਦਿੱਤੇ ਤੇ ਦੋਸ਼ੀਆਂ ਨੂੰ ਉਨ੍ਹਾਂ ਦੇ ਹਵਾਲੇ ਕਰਨ ਦੀ ਮੰਗ ਕਰਦਿਆਂ




ਨਾਅਰੇਬਾਜ਼ੀ ਕੀਤੀ। ਬਾਅਦ ਵਿਚ ਇਕ ਸਥਾਨਕ ਅਦਾਲਤ ਨੇ ਸਾਰੇ ਦੋਸ਼ੀਆਂ ਨੂੰ 14 ਦਿਨਾਂ ਦੀ ਨਿਆਇਕ ਹਿਰਾਸਤ ਵਿਚ ਭੇਜ ਦਿੱਤਾ।

ਦੋਸ਼ੀਆਂ ਨੂੰ ਅਦਾਲਤ ਵਿਚ ਪੇਸ਼ ਕਰਨ ਦੌਰਾਨ ਪੁਲਿਸ ਨੂੰ ਭੀੜ 'ਤੇ ਕਾਬੂ ਪਾਉਣ ਲਈ ਹਲਕੇ ਬਲ ਦੀ ਵਰਤੋਂ ਵੀ ਕਰਨੀ ਪਈ ਜਿਸ ਦੌਰਾਨ ਲੋਕਾਂ ਨੇ ਦੋਸ਼ੀਆਂ ਨੂੰ ਲਿਜਾ ਰਹੀ ਪੁਲਿਸ ਵੈਨ 'ਤੇ ਪੱਥਰ ਵੀ ਮਾਰੇ।

ਉੱਧਰ ਸਥਾਨਕ ਬਾਰ ਐਸੋਸੀਏਸ਼ਨ ਨੇ ਦੋਸ਼ੀਆਂ ਨੂੰ ਕੋਈ ਵੀ ਕਾਨੂੰਨੀ ਸਹਾਇਤਾ ਨਾ ਦੇਣ ਦਾ ਫ਼ੈਸਲਾ ਲਿਆ ਹੈ। ਜ਼ਿਕਰਯੋਗ ਹੈ ਕਿ ਇਸ ਘਟਨਾ ਨੂੰ ਲੈ ਕੇ ਦੇਸ਼ ਦੇ ਵੱਖ-ਵੱਖ ਹਿੱਸਿਆਂ ਵਿਚ ਵਿਰੋਧ ਪ੍ਰਦਰਸ਼ਨ ਕੀਤੇ ਜਾ ਰਹੇ ਹਨ।

ਅੰਮ੍ਰਿਤਸਰ ਟਾਈਮਜ਼ AMRITSAR TIMES

04 ਦਸੰਬਰ 2019 ਤੋਂ 10 ਦਸੰਬਰ 2019

## ਆਟੇ ਦੀਆਂ ਚਿੜੀਆਂ

ਨਵੇਂ ਬਣੇ ਭਾਰਤੀ ਸੂਬੇ ਤੇਲੰਗਾਨਾ ਦੀ ਰਾਜਧਾਨੀ ਹੈਦਰਾਬਾਦ ਨੇੜੇ ਵਾਪਰੀ ਸਮੂਹਿਕ ਜਬਰ ਜਨਾਹ ਅਤੇ ਕਤਲ ਦੀ ਮੰਦਭਾਗੀ ਘਟਨਾ ਨੇ ਇਕ ਵਾਰ ਫਿਰ ਪੂਰੀ ਦੁਨੀਆਂ ਦੇ ਸੰਵੇਦਨਸ਼ੀਲ ਲੋਕਾਂ ਨੂੰ ਝੰਜੋੜ ਕੇ ਰੱਖ ਦਿੱਤਾ ਹੈ। ਭਾਵੇਂ ਇਹ ਕੋਈ ਪਹਿਲੀ ਘਟਨਾ ਨਹੀਂ ਹੈ ਪਰ ਜਿਸ ਤਰੀਕੇ ਨਾਲ ਬਲਾਤਕਾਰੀਆਂ ਨੇ ਇਕ ਪੜ੍ਹੀ ਲਿਖੀ ਡਾਕਟਰ ਨੂੰ ਆਪਣੇ ਜਾਲ ਵਿਚ ਫਸਾਇਆ ਅਤੇ ਬੜੇ ਹੀ ਘਿਨਾਉਣੇ ਤਰੀਕੇ ਨਾਲ ਉਸ ਨੂੰ ਆਪਣੀ ਹਵਸ ਦਾ ਸ਼ਿਕਾਰ ਬਣਾਉਣ ਮਗਰੋਂ ਉਸ ਦਾ ਕਤਲ ਕਰ ਦਿੱਤਾ ਅਤੇ ਉਸ ਨੂੰ ਸਾੜ ਦਿੱਤਾ, ਇਸ ਨਾਲ ਪੂਰੀ ਮਰਦ ਜ਼ਾਤ ਦਾ ਸਿਰ ਸ਼ਰਮ ਨਾਲ ਝੁਕ ਜਾਂਦਾ ਹੈ। ਦੇਸ਼ ਦੇ ਕੋਨੇ ਕੋਨੇ 'ਚ ਇਸ ਘਟਨਾ ਖਿਲਾਫ਼ ਆਵਾਜ਼ ਉੱਠੀ ਹੈ ਅਤੇ ਇਥੋਂ ਤੱਕ ਕਿ ਭਾਰਤੀ ਪਾਰਲੀਮੈਂਟ ਦੀਆਂ ਦੋਵੇਂ ਸਭਾਵਾਂ ਵਿਚ ਇਸ ਘਟਨਾ 'ਤੇ ਸਾਰੀਆਂ ਪਾਰਟੀਆਂ ਨੇ ਜ਼ੋਰਦਾਰ ਨਿੰਦਾ ਕੀਤੀ ਅਤੇ ਸਖ਼ਤ ਤੋਂ ਸਖ਼ਤ ਸਜ਼ਾ ਦੀ ਮੰਗ ਕੀਤੀ ਗਈ ਹੈ।

ਅਮਨ ਕਾਨੂੰਨ ਭਾਵੇਂ ਸੂਬਿਆਂ ਦਾ ਵਿਸ਼ਾ ਹੈ ਅਤੇ ਸੂਬਾ ਸਰਕਾਰ ਹੀ ਅਜਿਹੇ ਜੁਰਮਾਂ ਖਿਲਾਫ਼ ਕਾਰਵਾਈ ਕਰਦੀ ਹੈ ਪਰ ਭਾਰਤ ਇਕ ਪਾਸੇ ਇਕੀਵੀਂ ਸਦੀ ਵਿਚ ਦੁਨੀਆਂ ਦੀ ਸਭ ਤੋਂ ਵੱਡੀ ਆਰਥਿਕ ਸ਼ਕਤੀ ਬਣਨ ਦੇ ਦਾਅਵਿਆਂ ਦੇ ਨਾਲ ਨਾਲ ਅਮਨ ਸ਼ਾਂਤੀ ਦਾ ਸਭ ਤੋਂ ਵੱਡਾ ਕੇਂਦਰ ਬਣਨ ਦੇ ਦਾਅਵੇ ਕਰ ਰਿਹਾ ਹੈ ਦੂਜੇ ਪਾਸੇ ਨਿੱਤ ਅਜਿਹੀ ਕੋਈ ਘਟਨਾ ਵਾਪਰਦੀ ਹੈ ਜਿਸ ਨਾਲ ਪੂਰੇ ਦੇਸ਼ ਵਾਸੀਆਂ ਨੂੰ ਸ਼ਰਮਸਾਰ ਹੋਣਾ ਪੈਂਦਾ ਹੈ। ਇੱਥੇ ਸੁਆਲ ਦੋਸ਼ੀਆਂ ਦੇ ਫੜੇ ਜਾਣ ਜਾਂ ਉਨ੍ਹਾਂ ਨੂੰ ਸਖ਼ਤ ਸਜ਼ਾ ਦਾ ਨਹੀਂ ਹੈ, ਸਵਾਲ ਤਾਂ ਇਹ ਹੈ ਕਿ ਇਹ ਘਟਨਾ ਵਾਪਰੀ ਹੀ ਕਿਉਂ ? ਸਾਡੇ ਨੇਤਾ, ਅਫ਼ਸਰ, ਇਥੋਂ ਤੱਕ ਕਿ ਕਈ ਧਾਰਮਿਕ ਆਗੂ ਅਜਿਹੀਆਂ ਘਟਨਾਵਾਂ ਉਪਰ ਇਸ ਤਰ੍ਹਾਂ ਦੀ ਬਿਆਨਬਾਜ਼ੀ ਕਰਦੇ ਹਨ ਜਿਵੇਂ ਇਹ ਕੋਈ ਜੁਰਮ ਜਾਂ ਅਪਰਾਧ ਨਾ ਹੋ ਕੇ ਕੋਈ ਕੁਦਰਤੀ ਕਰੋਪੀ ਹੋਵੇ। ਜੇ ਇਸ ਦੇਸ਼ ਵਿਚ ਇਕ ਡਾਕਟਰ ਦੀ ਇੱਜ਼ਤ ਆਬਰੂ ਅਤੇ ਮਾਣ ਸਨਮਾਨ ਇੱਥੋਂ ਤੱਕ ਕਿ ਜ਼ਿੰਦਗੀ ਮਹਿਫੂਜ਼ ਨਹੀਂ ਹੈ ਤਾਂ ਆਮ ਔਰਤ ਜਾਂ ਲੜਕੀ ਦੀ ਕੀ ਸਥਿਤੀ ਹੋ ਸਕਦੀ ਹੈ ? ਸੋਚਣ ਜਾਂ ਸਮਝਣ ਦੀ ਗੱਲ ਤਾਂ ਇਹ ਹੈ ਕਿ ਅਸੀਂ ਕਿਹੋ ਜਿਹੇ ਸਮਾਜ ਦੀ ਸਿਰਜਣਾ ਕਰਨ ਜਾ ਰਹੇ ਹਾਂ। ਦੇਸ਼ ਦਾ ਪ੍ਰਧਾਨ ਮੰਤਰੀ ਬੜੀ ਪੋਚਵੀਂ ਤੇ ਗੁਜਰਾਤੀ ਲਹਿਜੇ ਵਾਲੀ ਹਿੰਦੀ ਭਾਸ਼ਾ ਵਿਚ ਸੰਬੋਧਨ ਕਰਦਿਆਂ 'ਬੇਟੀ, ਬੇਟੀਓਂ ਕਾ ਸੰਮਾਨ ਅਤੇ ਬੇਟੀ ਬਚਾਓ ਬੇਟੀ ਪੜ੍ਹਾਓ' ਵਰਗੇ ਲਫਜ਼ ਬੋਲਦਾ ਹੈ ਤਾਂ ਇਸ ਤਰ੍ਹਾਂ ਜਾਪਦਾ ਹੈ ਕਿ ਪ੍ਰਧਾਨ ਮੰਤਰੀ ਦੀ ਕਹਿਣੀ ਅਤੇ ਕਰਨੀ ਵਿਚ ਹਜ਼ਾਰਾਂ ਕੋਹਾਂ ਦਾ ਫਰਕ ਹੈ। ਕੀ ਸਿਰਫ਼ ਧੀਆਂ ਜਾਂ ਕੁੜੀਆਂ ਨੂੰ ਇਕੱਲੀ ਵਿਦਿਆ ਅਤੇ ਸਦਾਚਾਰ ਪੜ੍ਹਾਉਣ ਨਾਲ ਉਨ੍ਹਾਂ ਦੀ ਇੱਜ਼ਤ ਅਤੇ ਮਾਣ ਸਨਮਾਨ ਬਰਕਰਾਰ ਰਹਿ ਸਕਦਾ ਹੈ ਜਦ ਉਨ੍ਹਾਂ ਉਪਰ ਹਮਲਾ ਕਰਨ ਵਾਲੇ ਬਲਾਤਕਾਰੀਆਂ ਲਈ ਅਜਿਹਾ ਕੋਈ ਸਮਾਜਿਕ ਜਾਂ ਧਾਰਮਿਕ ਜ਼ਾਬਤਾ ਨਹੀਂ ਹੈ ਜੋ ਉਨ੍ਹਾਂ ਦੇ ਸਵੈ ਨੂੰ ਝੰਜੋੜ ਸਕੇ। ਇਸ ਦੇਸ਼ ਵਿਚ ਇਸ ਦੇ ਉਲਟ ਕੁੜੀਆਂ ਨੂੰ ਜ਼ਾਬਤੇ 'ਚ ਰਹਿਣ ਦਾ ਪ੍ਰਵਚਨ ਕਰਨ ਵਾਲੇ ਬਹੁਤ ਲੋਕ ਹਨ। ਠੀਕ 7 ਸਾਲ ਪਹਿਲਾਂ ਦਿੱਲੀ ਦੀਆਂ ਸੜਕਾਂ 'ਤੇ ਵਾਪਰੀ ਇਕ ਅਜਿਹੀ ਹੀ ਘਟਨਾ ਮਗਰੋਂ ਇਕ 'ਧਰਮ ਗੁਰੂ' ਦਾ ਬਿਆਨ ਆਇਆ ਸੀ ਕਿ ਕੁੜੀਆਂ ਨੂੰ ਕੁਵੇਲੇ ਘਰੋਂ ਬਾਹਰ ਨਹੀਂ ਨਿਕਲਣਾ ਚਾਹੀਦਾ ਅਤੇ ਉਨ੍ਹਾਂ ਨੂੰ 'ਢੰਗ ਦਾ ਪਹਿਰਾਵਾ' ਪਹਿਨਣਾ ਚਾਹੀਦਾ ਹੈ। ਇਹ ਹੈ ਭਾਰਤੀ ਸੰਸਕ੍ਰਿਤੀ ਦਾ ਖਾਸਾ ਜਿੱਥੇ ਮਰਦ ਦੀ ਪ੍ਰਧਾਨਤਾ ਨੂੰ ਕਬੂਲ ਹੀ ਨਹੀਂ ਕੀਤਾ ਜਾਂਦਾ ਸਗੋਂ ਉਸ ਦੇ ਸੋਹਲੇ ਗਾਏ ਜਾਂਦੇ ਹਨ। ਇਕ ਗਊ ਦੇ ਸੋਟੀ ਵੱਜਣ ਨਾਲ ਅੱਗ ਬਬੂਲਾ ਹੋਣ ਵਾਲੀਆਂ ਸਾਧਣੀਆਂ ਵੀ ਹੁਣ ਚੁੱਪ ਹਨ। ਇਸ ਘਟਨਾ 'ਤੇ ਪਾਰਲੀਮੈਂਟ 'ਚ ਹੋਈ ਬਹਿਸ ਦੌਰਾਨ ਰਾਜ ਸਭਾ ਮੈਂਬਰ ਅਤੇ ਫ਼ਿਲਮ ਅਭਿਨੇਤਰੀ ਜਯਾ ਬਚਨ ਨੇ ਤਾਂ ਇੱਥੋਂ ਤੱਕ ਕਹਿ ਦਿੱਤਾ ਕਿ ਦੋਸ਼ੀਆਂ ਨੂੰ ਭੀੜ ਦੇ ਹਵਾਲੇ ਕਰ ਦੇਣਾ ਚਾਹੀਦਾ ਹੈ ਪਰ ਸਮਝਣ ਦੀ ਗੱਲ ਤਾਂ ਇਹ ਹੈ ਕਿ ਭੀੜ ਕਿਸ ਵੱਲ ਹੈ ? ਪੀੜਤ ਵੱਲ ਜਾਂ ਅਪਰਾਧੀਆਂ ਵੱਲ। ਜਦ ਇਸ ਮੁਲਕ ਦੇ ਨੇਤਾ ਅਜਿਹੀ ਮਾਨਸਿਕਤਾ ਲੈ ਕੇ ਚਲਦੇ ਹਨ ਤਾਂ ਆਮ ਨਾਗਰਿਕ ਤੋਂ ਕੀ ਉਮੀਦ ਕੀਤੀ ਜਾ ਸਕਦੀ ਹੈ।

ਅਜਿਹੀਆਂ ਦਰਿੰਦਗੀ ਦੀਆਂ ਘਟਨਾਵਾਂ ਦਾ ਇਕ ਪੱਖ ਇਹ ਵੀ ਹੈ ਕਿ ਸਾਰੇ ਮਰਦ ਮਾੜੀ ਭਾਵਨਾ ਵਾਲੇ ਜਾਂ ਬਲਾਤਕਾਰੀ ਨਹੀਂ ਹੋ ਸਕਦੇ। ਇਸ ਦੀ ਪਰਖ ਦਾ ਕੀ ਮਾਪਦੰਡ ਹੈ। ਜਦ ਕੋਈ ਵਿਅਕਤੀ ਕਿਸੇ ਨਿਆਸਰੇ ਦੀ ਮਦਦ ਲਈ ਬਹੁੜਦਾ ਹੈ ਤਾਂ ਉਸ ਨੂੰ ਕੀ ਪਤਾ ਹੁੰਦਾ ਹੈ ਕਿ ਮਦਦ ਕਰਨ ਵਾਲਾ ਕੌਣ ਹੈ ? ਇਸ ਲਈ ਅਜਿਹੀਆਂ ਘਟਨਾਵਾਂ ਸਭ ਅੰਦਰ ਬੇਵਿਸਾਹੀ ਦੀ ਭਾਵਨਾ ਪੈਦਾ ਕਰਦੀਆਂ ਹਨ ਜੋ ਬਹੁਤ ਖ਼ਤਰਨਾਕ ਹੈ।

ਮਨੁੱਖ ਮਨੁੱਖ 'ਤੇ ਵਿਸ਼ਵਾਸ ਕਰਨੋਂ ਹਟ ਜਾਵੇਗਾ। ਦੁਨੀਆਂ ਦੇ ਇਤਿਹਾਸ ਵਿਚ ਅਨੇਕਾਂ ਮਿਸਾਲਾਂ ਹਨ ਜਦ ਮਨੁੱਖ ਮਨੁੱਖਤਾ ਲਈ ਅੱਗੇ ਆ ਕੇ ਕੁਰਬਾਨੀ ਦਿੰਦੇ ਆਏ ਹਨ। ਪੰਜਾਬ ਦੇ ਇਤਿਹਾਸ ਵਿਚ ਬਹੁਤ ਸਾਰੀਆਂ ਉਦਾਹਰਣਾਂ ਹਨ ਜਿੱਥੇ ਸਿੱਖ ਯੋਧਿਆਂ ਨੇ ਮੁਗ਼ਲਾਂ ਤੋਂ ਬਹੂ ਬੇਟੀਆਂ ਨੂੰ ਛੁਡਵਾਇਆ ਅਤੇ ਉਨ੍ਹਾਂ ਦੀ ਅਸਮਤ ਦੀ ਰਾਖੀ ਕੀਤੀ।

ਤਾਜ਼ੀਰਾਤੇ ਹਿੰਦ ਮੁਤਾਬਿਕ ਜਬਰ ਜਨਾਹ ਅਤੇ ਕਤਲ ਬਹੁਤ ਹੀ ਸੰਗੀਨ ਜੁਰਮ ਹਨ। ਕਤਲ ਵਿਚ ਮੌਤ ਦੀ ਸਜ਼ਾ ਦਾ ਪ੍ਰਬੰਧ ਵੀ ਹੈ। ਬਲਾਤਕਾਰ ਅਤੇ ਕਤਲ ਦੋਵੇਂ ਇਕ ਵਿਰਲਾ ਜੁਰਮ ਬਣ ਜਾਂਦੇ ਹਨ ਪਰ ਅਜਿਹੇ ਮਾਮਲਿਆਂ 'ਚ ਕਿੰਨੇ ਲੋਕਾਂ ਨੂੰ ਸਜ਼ਾ ਹੁੰਦੀ ਹੈ। ਇਹ ਵਿਰਲਾ (ਰੇਅਰੈਸਟ ਆਫ਼ ਦਾ ਰੇਅਰ) ਅਪਰਾਧ ਹੁਣ ਭਾਰਤੀ ਸਰ ਜ਼ਮੀਂ 'ਤੇ ਆਮ ਜਿਹੀ ਘਟਨਾ ਬਣ ਗਈ ਹੈ। ਦਹਾਕਿਆਂ ਬੱਧੀ ਕੇਸ ਅਦਾਲਤਾਂ ਵਿਚ ਬਕਾਇਆ ਪਏ ਹਨ। ਦੇਸ਼ ਦੇ ਆਗੂਆਂ, ਸਮਾਜ ਸ਼ਾਸਤਰੀਆਂ, ਧਾਰਮਿਕ ਲੋਕ, ਨੇਤਾ ਅਤੇ ਬੁੱਧੀਜੀਵੀਆਂ ਅੱਗੇ ਇਹ ਇਕ ਬਹੁਤ ਵੱਡਾ ਸੁਆਲ ਹੈ ਕਿ ਕੀ ਅਸੀਂ ਕਿਸੇ ਵੀ ਪੱਧਰ 'ਤੇ ਆਪਣੇ ਲੋਕਾਂ ਵਿਚ ਮਨੁੱਖੀ ਸੰਵੇਦਨਾ ਜਾਂ ਮਾਨਵਤਾ ਦਾ ਇਕ ਕਣ ਮਾਤਰ ਵੀ ਪੈਦਾ ਕਰ ਸਕੇ ਹਾਂ। ਮੀਡੀਆ, ਸ਼ੋਸ਼ਲ ਮੀਡੀਆ, ਧਾਰਮਿਕ ਪ੍ਰਵਚਨਾਂ, ਊਟ ਪਟਾਂਗ, ਸਾਜਿਸ਼ਾਂ, ਅਸ਼ਲੀਲਤਾ ਅਤੇ ਹਿੰਸਾ ਨਾਲ ਭਰਿਆ ਪਿਆ ਹੈ। ਪੈਸਾ ਕਮਾਉਣਾ ਅਤੇ ਐਯਾਸ਼ੀ ਕਰਨਾ ਮਨੁੱਖੀ ਜੀਵਨ ਦੇ ਨਵੇਂ ਆਦਰਸ਼ ਬਣਾ ਦਿੱਤੇ ਗਏ ਹਨ, ਫਿਰ ਸੰਵੇਦਨਾ ਕਿੱਥੋਂ ਆਵੇ।

ਇਸ ਸਾਲ ਪਹਿਲੇ ਪਾਤਸ਼ਾਹ ਅਤੇ ਮਨੁੱਖਤਾ ਦੇ ਰਹਿਬਰ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਦਾ 550ਵਾਂ ਵਰ੍ਹਾ ਹੈ, ਜਿਨ੍ਹਾਂ ਨੇ ਆਪਣੀ ਬਾਣੀ ਵਿਚ ਔਰਤ ਦੇ ਦਰਦ ਦਾ ਬਿਆਨ ਵੀ ਕੀਤਾ ਅਤੇ ਉਸ ਦੀ ਮਹਾਨਤਾ ਅਤੇ ਉੱਤਮਤਾ ਦੀ ਵਡਿਆਈ ਵੀ ਕੀਤੀ ਪਰ ਅਸੀਂ ਉਨ੍ਹਾਂ ਦੇ ਪਵਿੱਤਰ ਵਚਨ ਵੀ ਭੁੱਲ ਰਹੇ ਹਾਂ। ਬਜ਼ੁਰਗ ਔਰਤਾਂ ਸਾਡੀਆਂ ਦਾਦੀਆਂ-ਨਾਨੀਆਂ ਅਕਸਰ ਕਿਹਾ ਕਰਦੀਆਂ ਸੀ, "ਤੀਵੀਂ ਤਾਂ ਆਟੇ ਦੀ ਚਿੜੀ ਹੈ, ਅੰਦਰ ਵੜੋ ਤਾਂ ਚੂਹੇ ਖਾਣ ਨੂੰ ਆਉਂਦੇ ਨੇ, ਬਾਹਰ ਨਿਕਲੋ ਤਾਂ ਕਾਂ ਝਪਟ ਮਾਰਦੇ ਨੇ।" ਅਜਿਹੀਆਂ ਘਟਨਾਵਾਂ ਨੂੰ ਵੇਖ ਕੇ ਉਨ੍ਹਾਂ ਦੇ ਸ਼ਬਦ ਅਜੋਕੇ ਸਮਾਜ ਦੀ ਵੀ ਸਚਾਈ ਜਾਪਦੇ ਹਨ ਜੋ ਪ੍ਰਧਾਨ ਮੰਤਰੀ ਦੇ ਪ੍ਰਵਚਨਾਂ ਤੋਂ ਬਿਲਕੁਲ ਉਲਟ ਹਨ। ਪਰ ਇਨ੍ਹਾਂ ਦੇ ਵਿਚਕਾਰਲੀ ਅਵਸਥਾ ਵੀ ਹੈ ਜੋ ਔਰਤ ਨੂੰ ਆਟੇ ਦੀ ਨਹੀਂ ਲੋਹੇ ਦੀ ਚਿੜੀ ਬਣਨ ਲਈ ਪ੍ਰੇਰਦੀ ਹੈ। ਬਸ ਉਸੇ ਅਵਸਥਾ ਅਤੇ ਵਿਵਸਥਾ ਦੀ ਲੋੜ ਹੈ।

### ਇਕ ਹਿੰਦੂ ਰਾਸ਼ਟਰ ਦੀ ਸਿਰਜਣਾ

# ਮੋਦੀ ਤਾਨਾਸ਼ਾਹੀ ਅੱਗੇ ਭਾਰਤੀ ਜਮਹੂਰੀਅਤ ਠੁੱਸ

**ਨਾਜੀ ਜਰਮਨੀ ਆਪਣੀ ਸੋਚ ਨੂੰ ਇਕ ਮਹਾਂਦੀਪ ਵਿਚ ਲਾਗੂ ਕਰਨਾ ਚਾਹੁੰਦਾ ਸੀ, ਪਰ ਆਰ ਐਸ ਐਸ ਪੂਰੇ ਭਾਰਤ ਦੀਆਂ ਸੰਸਕ੍ਰਿਤੀਆਂ ਨੂੰ ਤਬਾਹ ਕਰਕੇ ਇਕ ਰਾਸ਼ਟਰ ਸਿਰਜਣਾ ਚਾਹੁੰਦਾ ਹੈ। ਭਾਰਤ ਵਿਚ ਸੰਘ ਪਰਿਵਾਰ ਦੀਆਂ 57 ਹਜ਼ਾਰ ਸ਼ਾਖਾਵਾਂ ਹਨ, 6 ਲੱਖ ਸਮਰਪਿਤ ਹਥਿਆਰਬੰਦ ਸਵੈ ਸੇਵਕ ਹਨ। ਇਸ ਦੇ ਸਕੂਲਾਂ ਵਿਚ ਲੱਖਾਂ ਬੱਚੇ ਪੜ੍ਹਦੇ ਹਨ। ਆਪਣਾ ਹੈਲਥ ਮਿਸ਼ਨ ਹੈ, ਮਜ਼ਦੂਰ ਸੰਗਠਨ ਹੈ, ਕਿਸਾਨ ਸੰਗਠਨ ਹੈ, ਮੀਡੀਆ ਹੈ ਤੇ ਔਰਤਾਂ ਦਾ ਸੰਗਠਨ ਹੈ। ਹੁਣੇ ਜਿਹੇ ਸੰਘ ਨੇ ਐਲਾਨ ਕੀਤਾ ਕਿ ਭਾਰਤੀ ਫੌਜ ਵਿਚ ਭਰਤੀ ਹੋਣ ਦੇ ਇਛੁਕ ਲੋਕਾਂ ਦੇ ਲਈ ਟ੍ਰੇਨਿੰਗ ਸਕੂਲ ਖੋਲ੍ਹੇਗਾ। ਇਸ ਦੇ ਭਗਵੇਂ ਝੰਡੇ ਹੇਠਾਂ ਅਜਿਹੇ ਅਨੇਕਾਂ ਨਵੇਂ ਫਿਰਕੂ ਸੰਗਠਨਾਂ ਦਾ ਮੇਲਾ ਲਗ ਗਿਆ, ਜਿਸ ਨੂੰ ਮਿਲਾ ਕੇ ਸੰਘ ਪਰਿਵਾਰ ਕਿਹਾ ਜਾਂਦਾ ਹੈ। ਇਹ ਸੰਗਠਨ ਘੱਟ ਗਿਣਤੀਆਂ ਉੱਪਰ ਹਮਲਿਆਂ ਲਈ ਜ਼ਿੰਮੇਵਾਰ ਹੈ। ਪਿਛਲੇ ਸਾਲਾਂ ਦੌਰਾਨ ਇਨ੍ਹਾਂ ਨੇ ਹਜ਼ਾਰਾਂ ਲੋਕ ਕਤਲ ਕੀਤੇ ਹਨ ਤੇ ਇਨ੍ਹਾਂ ਦੀ ਗਿਣਤੀ ਕਿਸੇ ਨੂੰ ਨਹੀਂ ਪਤਾ।**

**ਅਰੁੰਧਤੀ ਰਾਇ**

ਭਾਰਤ ਵਿਚ ਸਮਾਜਿਕ, ਪਰਾਇਵਰਨ, ਨਿਆਂ ਦੇ ਲਈ ਪੂੰਜੀਵਾਦ ਤੇ ਸਮਰਾਜਵਾਦ ਵਿਰੋਧੀ ਮਹਾਨ ਅੰਦੋਲਨ ਵੱਡੇ ਵੱਡੇ ਡੈਮ, ਨਿੱਜੀਕਰਨ,



ਨਦੀਆਂ ਤੇ ਜੰਗਲਾਂ ਦੀ ਲੁੱਟ ਦੇ ਖਿਲਾਫ਼ ਵੱਡੇ ਪੈਮਾਨੇ 'ਤੇ ਹੋ ਰਹੇ ਹਨ। ਮੂਲ ਨਿਵਾਸੀਆਂ ਦੀ ਉਨ੍ਹਾਂ ਦੀ ਜਮੀਨ ਤੋਂ ਬੇਦਖਲੀ ਖਿਲਾਫ਼ ਮਾਰਚ ਹੁਣ ਸੁੰਨ ਪੈ ਗਏ ਹਨ। ਇਸ ਸਾਲ 17 ਸਤੰਬਰ ਨੂੰ ਜਦ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਆਪਣੇ 69ਵੇਂ ਜਨਮ ਦਿਨ ਦੇ ਮੌਕੇ 'ਤੇ ਖੁਦ ਨੂੰ ਪਾਣੀ ਵਿਚ ਵੜ ਕੇ ਸਰਦਾਰ ਸਰੋਵਰ ਵੰਨ ਤੋਹਫੇ ਵਿਚ ਦਿੱਤਾ, ਉਸੇ ਸਮੇਂ ਇਸ ਬੰਨ੍ਹ ਦੇ ਖਿਲਾਫ਼ 30 ਸਾਲਾਂ ਤੋਂ ਵੀ ਜ਼ਿਆਦਾ ਅਰਸੇ ਤੱਕ ਲੋਹਾ ਲੈਣ ਵਾਲੇ ਹਜ਼ਾਰਾਂ ਹਜ਼ਾਰ ਪੇਂਡੂ ਲੋਕ ਆਪਣੇ ਘਰਾਂ ਨੂੰ ਜਲ ਸਮਾਧੀ ਵਿਚ ਲੈਂਦੇ ਦੇਖ ਰਹੇ ਹਨ। ਇਹ ਕਿੰਨਾ ਭਿਆਨਕ ਨਜ਼ਾਰਾ ਹੈ। ਭਾਰਤ ਵਿਚ ਅੱਜ ਇਕ ਭੂਤ ਦਾ ਪਰਛਾਵਾਂ ਦਿਨ ਦਿਹਾੜੇ ਸਾਡੇ ਉੱਪਰ ਮੰਡਰਾ ਰਿਹਾ ਹੈ। ਖਤਰਾ ਏਨਾ ਵੱਡਾ ਹੈ ਕਿ ਖੁਦ ਸਾਡੇ ਲਈ ਇਸ ਦੇ ਆਕਾਰ ਦੀ ਬਦਲਦੀ ਸ਼ਕਲ ਨੂੰ ਸਮਝ ਸਕਣਾ ਤੇ ਇਸ ਨੂੰ ਦੱਸਣਾ ਬਹੁਤ ਮੁਸ਼ਕਲ ਹੁੰਦਾ ਜਾ ਰਿਹਾ ਹੈ। ਫਿਲਹਾਲ ਕਸ਼ਮੀਰ ਘਾਟੀ ਦੇ 70 ਲੱਖ ਲੋਕ ਜਿਨ੍ਹਾਂ ਵਿਚ ਕਈ ਲੋਕ ਭਾਰਤ ਦੇ ਨਾਗਰਿਕ ਵਜੋਂ ਨਹੀਂ ਰਹਿਣਾ ਚਾਹੁੰਦੇ। ਉਹ ਆਜ਼ਾਦ ਕਸ਼ਮੀਰ ਚਾਹੁੰਦੇ ਹਨ। ਉਨ੍ਹਾਂ ਨੇ ਦਹਾਕਿਆਂ ਤੱਕ ਆਪਣੇ ਆਤਮ ਨਿਰਣੈ ਦੇ ਅਧਿਕਾਰ ਦੀ ਲੜਾਈ ਲੜੀ ਹੈ। ਹੁਣ ਇਹ ਕਸ਼ਮੀਰ ਵਿਚ ਬੰਦੀ ਬਣ ਕੇ ਡਿਜ਼ੀਟਲ ਇੰਡੀਆ ਤੇ ਫੌਜ ਦੇ ਪਹਿਰੇ ਵਿਚ ਰਹਿ ਰਹੇ ਹਨ। ਅਸਾਮ ਵਿਚ 20 ਲੱਖ ਲੋਕ ਭਾਰਤ ਦਾ ਹਿੱਸਾ ਬਣਨਾ ਚਾਹੁੰਦੇ ਹਨ। ਆਪਣਾ ਨਾਮ ਐਨ ਆਰ ਸੀ ਵਿਚ ਦਰਜਾ ਨਾ ਪਾ ਕੇ ਦੇਸ਼ ਨਿਕਾਲੇ ਸੰਬੰਧੀ ਖਤਰੇ ਦਾ ਸਾਹਮਣਾ ਕਰ ਰਹੇ ਹਨ। ਮੋਦੀ ਸਰਕਾਰ ਨੇ ਐਨਆਰਸੀ ਨੂੰ ਪੂਰੇ ਦੇਸ਼ ਵਿਚ ਲਾਗੂ ਕਰਨ ਦਾ ਆਪਣਾ ਇਰਾਦਾ ਜ਼ਾਹਿਰ ਕਰ ਦਿੱਤਾ ਹੈ। ਇਸ ਦੇ ਲਈ ਕਾਨੂੰਨ ਬਣਾਇਆ ਜਾ ਰਿਹਾ ਹੈ। ਬਹੁਤ ਸਾਰੇ ਮੁਸਲਮਾਨ ਦੇਸ਼ ਵਿਚੋਂ ਕੱਢ ਦਿੱਤੇ ਜਾਣਗੇ। ਪਰ ਅਜਿਹੀ ਕਾਰਵਾਈ ਹਿੰਦੂਆਂ ਖਿਲਾਫ਼ ਨਹੀਂ ਹੋਵੇਗੀ। ਇਹ ਐਲਾਨ ਮੋਦੀ ਸਰਕਾਰ ਨੇ ਕਰ ਦਿੱਤਾ ਹੋਇਆ ਹੈ।

ਐਨ.ਆਰ.ਸੀ. ਦਾ ਮਤਲਬ ਸ਼ਹਿਰੀਆਂ ਲਈ ਰਾਸ਼ਟਰੀ ਰਜਿਸਟਰ ਵਿਚ ਨਾਂਵਾਂ ਦਾ ਦਾਖ਼ਲ ਹੋਣਾ ਹੈ। ਭਾਰਤ ਵਰਗੇ ਮੁਲਕ ਵਿਚ ਜਿਥੇ ਪਹਿਲਾਂ ਹੀ ਅਨੇਕਾਂ ਅਨੇਕ ਸਮੱਸਿਆਵਾਂ ਸਾਹਮਣੇ ਹਨ। ਜਿਥੇ ਦੇਸ਼ ਦੇ ਬਹੁਗਿਣਤੀ ਲੋਕਾਂ ਨੂੰ ਵਧੀਆ ਜਿਊਣ ਦੀਆਂ ਸਹੂਲਤਾਂ ਪ੍ਰਾਪਤ ਨਹੀਂ ਹਨ, ਜਿਥੇ ਕਰੋੜਾਂ ਹੀ ਲੋਕ ਜੀਵਨ ਦੀਆਂ ਮੁਢਲੀਆਂ ਲੋੜਾਂ ਲਈ ਤਰਸਦੇ ਹਨ, ਉਥੇ ਅਜਿਹੀ ਗੱਲ ਕਰਨਾ ਭਾਰਤ ਨੂੰ ਇਕ ਹੋਰ ਖਾਈ ਵਿਚ ਧੱਕਣ ਦੇ ਬਰਾਬਰ ਹੈ।

ਪੱਛਮੀ ਮੁਲਕਾਂ ਦੇ ਅਮੀਰ ਲੋਕ ਸੰਭਾਵਿਤ ਜਲਵਾਯੂ, ਪਰਲੋ, ਭੁੱਖਮਰੀ ਦੀਆਂ ਮੁਸੀਬਤਾਂ ਤੋਂ ਬਚਣ ਲਈ ਆਪਣਾ ਇੰਤਜ਼ਾਮ ਕਰਨ ਲੱਗ ਪਏ ਹਨ। ਇਹ ਲੋਕ ਬੰਕਰ ਬਣਾ ਕੇ ਸਾਫ ਪਾਣੀ ਤੇ ਖਾਣਾ ਇਕੱਠਾ ਕਰ ਰਹੇ ਹਨ। ਗਰੀਬ ਮੁਲਕਾਂ ਵਿਚ ਦੁਨੀਆਂ ਦੀ ਪੰਜਵੀਂ ਸਭ ਤੋਂ ਵੱਡੀ ਅਰਥ ਵਿਵਸਥਾ ਹੋਣ ਦੇ ਬਾਵਜੂਦ ਭਾਰਤ ਸ਼ਰਮਨਾਕ ਹੱਦ ਤੱਕ ਹੁਣ ਵੀ ਗਰੀਬ ਤੇ ਭੁੱਖਾ ਹੈ। ਇੱਥੇ ਵੀ ਅਲੱਗ ਤਰ੍ਹਾਂ ਦੇ ਇੰਤਜ਼ਾਮ ਕੀਤੇ ਜਾ ਰਹੇ ਹਨ। 5 ਅਗਸਤ 2019 ਨੂੰ ਭਾਰਤ ਸਰਕਾਰ ਨੇ ਕਸ਼ਮੀਰ ਉੱਪਰ ਕਬਜ਼ਾ ਕਰ ਲਿਆ। ਕਬਜ਼ੇ ਦੀ ਇਹ ਕਾਰਵਾਈ ਭਾਰਤ ਦੇ ਡੂੰਘੇ ਜਲ ਸੰਕਟ ਨਾਲ ਜੁੜੀ ਹੋਈ ਹੈ ਤੇ ਉਹ ਇੱਥੋਂ ਦੇ ਕੁਦਰਤੀ ਭੰਡਾਰਾਂ ਤੇ ਨਦੀਆਂ ਨੂੰ ਕਬਜੇ ਵਿਚ ਲੈਣਾ ਚਾਹੁੰਦੀ ਹੈ।

ਭਾਰਤ ਦਾ ਸੰਵਿਧਾਨ ਦੇਸ਼ ਨੂੰ ਧਰਮ ਨਿਰਪੱਖ ਸਮਾਜਵਾਦੀ, ਗਣਤੰਤਰ ਕਹਿੰਦਾ ਹੈ। ਅਸੀਂ ਧਰਮ ਨਿਰਪੱਖਤਾ ਨੂੰ ਦੁਨੀਆਂ ਤੋਂ ਜ਼ਰਾ ਅਲੱਗ ਤਰੀਕੇ ਨਾਲ ਪਰਭਾਸ਼ਿਤ ਕਰਦੇ ਹਾਂ। ਸਾਡੇ ਲਈ ਇਸ ਦੇ ਅਰਥ ਹਨ ਕਿ ਕਾਨੂੰਨ ਦੇ ਸਾਹਮਣੇ ਸਾਰੇ ਧਰਮ ਬਰਾਬਰ ਹਨ। ਪਰ ਵਿਹਾਰ ਵਿਚ ਭਾਰਤ ਨਾ ਕਦੀ ਧਰਮ ਨਿਰਪੱਖ ਸੀ, ਨਾ ਕਦੀ ਸਮਾਜਵਾਦੀ, ਇਸ ਨੇ ਹਮੇਸ਼ਾ ਉੱਚੀ ਜਾਤੀਆਂ ਦੇ ਹਿੰਦੂ ਰਾਜ ਦੀ ਤਰ੍ਹਾਂ ਕੰਮ ਕੀਤਾ। ਇਹ ਅਜਿਹੀ ਕਾਰਵਾਈ ਹੈ, ਜੋ ਹਿੰਦੋਸਤਾਨ ਨੂੰ ਹਿੰਦੂਸਤਾਨ ਬਣਾਉਂਦੀ ਹੈ। ਇਹ ਭਾਰਤੀ ਸਿਆਸਤਦਾਨਾਂ ਦਾ ਢੌਂਗ ਹੈ।

ਮਈ 2019 ਦੌਰਾਨ ਆਮ ਚੋਣਾਂ ਵਿਚ ਦੂਸਰੀ ਵਾਰ ਜਿੱਤਣ ਤੋਂ ਬਾਅਦ ਭਾਸ਼ਣ ਦਿੰਦੇ ਹੋਏ ਨਰਿੰਦਰ ਮੋਦੀ ਨੇ ਘੁਮੰਡ ਨਾਲ ਕਿਹਾ ਕਿ ਕੋਈ ਨੇਤਾ ਜਾਂ ਰਾਜਨੀਤਕ ਦਲ ਆਪਣੇ ਚੋਣ ਪ੍ਰਚਾਰ ਵਿਚ ਧਰਮ ਨਿਰਪੱਖਤਾ ਸ਼ਬਦ ਇਸਤੇਮਾਲ ਦੀ ਹਿੰਮਤ ਨਹੀਂ ਕਰ ਸਕਿਆ। ਮੋਦੀ ਨੇ ਕਿਹਾ ਧਰਮ ਨਿਰਪੱਖਤਾ ਦਾ ਟੈਂਕ ਖਾਲੀ ਹੋ ਗਿਆ ਹੈ। ਮੋਦੀ ਦੇ ਕਹਿਣ ਦਾ ਭਾਵ ਇਹੀ ਹੈ ਕਿ ਧਰਮ ਨਿਰਪੱਖਤਾ ਹੁਣ ਇਤਿਹਾਸ ਬਣ ਗਿਆ ਹੈ। ਅਰਥਾਤ ਹਿੰਦੂ ਰਾਸ਼ਟਰਵਾਦ ਵਲ ਕਦਮ ਵਧ ਚੁੱਕੇ ਹਨ।

ਅਸਲ ਵਿਚ ਭਾਰਤ ਇਕ ਦੇਸ਼ ਨਹੀਂ, ਇਹ ਇੱਕ ਮਹਾਂਦੀਪ ਹੈ। ਯੂਰਪ ਦੀ ਤੁਲਨਾ ਵਿਚ ਇੱਥੇ ਕਈ ਸਾਰੀਆਂ ਭਾਸ਼ਾਵਾਂ, ਕਈ ਸਭਿਅਤਾਵਾਂ, ਕਈ ਆਦਿਵਾਸੀ ਤੇ ਕਈ ਕੌਮਾਂ ਤੇ ਧਰਮ ਮੌਜੂਦ ਹਨ। ਪਰ ਮੋਦੀ ਸਰਕਾਰ ਹਿੰਦੂ ਸ੍ਰੇਸ਼ਠਤਾ ਨੂੰ ਲਾਗੂ ਕਰਕੇ ਸਾਰੀਆਂ ਸਭਿਅਤਾਵਾਂ ਤੇ ਕੌਮਾਂ ਨੂੰ ਹਿੰਦੂ ਧਰਮ ਦਾ ਅੰਗ ਬਣਾਉਣਾ ਚਾਹੁੰਦੀ ਹੈ। ਇਸੇ ਲਈ ਸੰਘ ਪਰਿਵਾਰ ਵਲੋਂ ਇਕ ਰਾਸ਼ਟਰ ਇਕ ਭਾਸ਼ਾ, ਇਕ ਧਰਮ ਤੇ ਇਕ ਸੰਵਿਧਾਨ ਦੇ ਸਲੋਗਨ ਉਚਾਰੇ ਜਾ ਰਹੇ ਹਨ।

ਮੈਂ ਸੰਘ ਪਰਿਵਾਰ ਦੀ ਗੱਲ ਕਰ ਰਹੀ ਹਾਂ, ਜਿਸ ਦੀ ਸਥਾਪਨਾ 1925 ਦੌਰਾਨ ਹੋਈ, ਜੋ ਕਿ ਭਾਰਤੀ ਜਨਤਾ ਪਾਰਟੀ ਦਾ ਸਿਰਜਣਹਾਰ ਹੈ। ਸੰਘ ਪਰਿਵਾਰ ਦੇ ਸੰਸਥਾਪਕ ਅਤੇ ਮੋਢੀ ਜਰਮਨ ਤੇ ਇਟਾਲੀਅਨ ਫਾਸ਼ੀਵਾਦ ਤੋਂ ਪ੍ਰਭਾਵਿਤ ਲੋਕ ਸਨ। ਇਹ ਲੋਕ ਭਾਰਤ ਦੇ ਮੁਸਲਮਾਨਾਂ ਨੂੰ ਜਰਮਨ ਦੇ ਯਹੂਦੀਆਂ ਦੀ ਤਰ੍ਹਾਂ ਮੰਨਦੇ ਹਨ ਤੇ ਉਨ੍ਹਾਂ ਦਾ ਪੂਰਨ ਯਕੀਨ ਹੈ ਕਿ ਹਿੰਦੂ ਹਿੰਦੂਸਤਾਨ ਵਿਚ ਮੁਸਲਮਾਨਾਂ ਦੀ ਕੋਈ ਜਗ੍ਹਾ ਨਹੀਂ। ਅੱਜ ਆਰ ਐਸ ਐਸ ਗਿਰਗਿਟ ਦੀ ਤਰ੍ਹਾਂ ਰੰਗ ਬਦਲ ਕੇ ਇਹ ਦਾਅਵਾ ਕਰਦਾ ਹੈ ਕਿ ਉਹ ਇਸ ਵਿਚਾਰ ਨੂੰ ਨਹੀਂ ਮੰਨਦਾ, ਪਰ ਉਸ ਦੀ ਨਜ਼ਰ ਵਿਚ ਮੁਸਲਮਾਨ ਪੱਕੇ ਧੋਖੇਬਾਜ਼ ਬਾਹਰੀ ਲੋਕ ਹਨ। ਇਹ ਉੱਚੇ ਨਾਅਰੇ ਭਾਜਪਾ ਦੇ ਸੀਨੀਅਰ ਨੇਤਾਵਾਂ ਦੇ ਜਨਤਕ ਭਾਸ਼ਣਾਂ ਵਿਚ ਵਾਰ-ਵਾਰ ਸੁਣਾਈ ਦੇ ਰਹੇ ਹਨ ਤੇ ਦੰਗਾ ਫਸਾਦ ਕਰਨ ਵਾਲੀ ਭਗਵੀਂ ਭੀੜ ਵਿਚਾਲੇ ਇਹ ਨਾਅਰਾ ਵਾਰ-ਵਾਰ ਗੂੰਜਦਾ ਹੈ। ਮਿਸਾਲ ਦੇ ਲਈ ਇਨ੍ਹਾਂ ਦਾ ਇਕ ਨਾਅਰਾ ਹੈ, ਮੁਸਲਮਾਨਾਂ ਦਾ ਇਕ ਸਥਾਨ, ਕਬਰਸਤਾਨ ਜਾਂ ਪਾਕਿਸਤਾਨ।

ਇਸ ਸਾਲ ਅਕਤੂਬਰ ਵਿਚ ਆਰ ਐਸ ਐਸ ਦੇ ਸਰਵਉੱਚ ਨੇਤਾ ਮੋਹਨ ਭਾਗਵਤ ਨੇ ਕਿਹਾ ਕਿ ਹਿੰਦੁਸਤਾਨ ਇਕ ਹਿੰਦੂ ਰਾਸ਼ਟਰ ਹੈ ਤੇ ਇਸ ਗੱਲ ਨਾਲ ਕੋਈ ਸਮਝੌਤਾ ਨਹੀਂ ਹੋ ਸਕਦਾ। ਇਹ ਵਿਚਾਰ ਭਾਰਤ ਨਾਲ ਸੰਬੰਧਿਤ ਬਹੁਤ ਸਾਰੀਆਂ ਖੂਬਸੂਰਤ ਗੱਲਾਂ ਨੂੰ ਤੇਜ਼ਾਬ ਵਿਚ ਬਦਲ ਦਿੰਦਾ ਹੈ। ਇਸ ਭਗਵੇਂਵਾਦ ਦੀ ਪੇਸ਼ਕਾਰੀ ਇਹੀ ਹੈ ਕਿ ਯੁਗਾਂ ਯੁਗਾਂ ਤੋਂ ਹਿੰਦੂ ਮੁਸਲਮ ਸ਼ਾਸ਼ਕਾਂ ਦੇ ਜ਼ੁਲਮਾਂ ਦਾ ਸ਼ਿਕਾਰ ਰਹੇ ਹਨ। ਆਰ ਐਸ ਐਸ ਦੇ ਪ੍ਰਮੁਖ ਇਤਿਹਾਸਕ ਪ੍ਰੋਜੈਕਟ ਦਾ ਹਿੱਸਾ ਹੈ ਕਿ ਮੁਸਲਮਾਨ ਸ਼ਾਸ਼ਕਾਂ ਨੂੰ ਨਫ਼ਰਤ ਤੇ ਜ਼ੁਲਮ ਦੇ ਪਾਤਰ ਦੱਸਣਾ। ਸੱਚਾਈ ਇਹ ਹੈ ਕਿ ਲੱਖਾਂ ਭਾਰਤੀ ਮੁਸਲਮਾਨ ਇਨ੍ਹਾਂ ਜਾਤੀਆਂ ਦੇ ਲੋਕਾਂ 'ਤੇ ਵੰਸ਼ਜ਼ ਹਨ, ਜੋ ਖਤਰਨਾਕ ਤੇ ਜ਼ਾਲਮਾਨਾ ਜਾਤੀਵਾਦੀ ਸਿਸਟਮ ਤੋਂ ਬਚਣ ਦੇ ਲਈ ਮੁਸਲਮਾਨ ਬਣ ਗਏ ਸਨ। ਧਰਮ ਤਬਦੀਲੀ ਦੀ ਇਹ ਘਬਰਾਹਟ 1920 ਦੇ ਦਹਾਕੇ ਵਿਚ ਆਰ ਐਸ ਐਸ ਦੀ ਸਿਰਜਣਾ ਦਾ ਕਾਰਨ ਬਣੀ। ਇਨ੍ਹਾਂ ਸੰਗਠਨਾਂ ਦਾ ਮੁਖ ਉਦੇਸ਼ ਤੇ ਰਣਨੀਤੀ ਧਰਮ ਦੇ ਨਾਮ 'ਤੇ ਦੰਗੇ ਭੜਕਾਉਣਾ ਹੈ ਅਤੇ ਦੇਸ਼ਭਗਤੀ ਦੇ ਝੰਡੇ ਚੁੱਕ ਕੇ ਹਮਲੇ ਕਰਨਾ ਹੈ। ਇਹ ਭਗਵੀਂ ਮੁਹਿੰਮ ਦਾ ਕੇਂਦਰੀ ਕੰਮ ਹੈ।

ਨਾਜੀ ਜਰਮਨੀ ਆਪਣੀ ਸੋਚ ਨੂੰ ਇਕ ਮਹਾਂਦੀਪ ਵਿਚ ਲਾਗੂ ਕਰਨਾ ਚਾਹੁੰਦਾ ਸੀ, ਪਰ ਆਰ ਐਸ ਐਸ ਪੂਰੇ ਭਾਰਤ ਦੀਆਂ ਸੰਸਕ੍ਰਿਤੀਆਂ ਨੂੰ ਤਬਾਹ ਕਰਕੇ ਇਕ ਰਾਸ਼ਟਰ ਸਿਰਜਣਾ ਚਾਹੁੰਦਾ ਹੈ। ਭਾਰਤ ਵਿਚ ਸੰਘ ਪਰਿਵਾਰ ਦੀਆਂ 57 ਹਜ਼ਾਰ ਸ਼ਾਖਾਵਾਂ ਹਨ, 6 ਲੱਖ ਸਮਰਪਿਤ ਹਥਿਆਰਬੰਦ ਸਵੈ ਸੇਵਕ ਹਨ। ਇਸ ਦੇ ਸਕੂਲਾਂ ਵਿਚ ਲੱਖਾਂ ਬੱਚੇ ਪੜ੍ਹਦੇ ਹਨ। ਆਪਣਾ ਹੈਲਥ ਮਿਸ਼ਨ ਹੈ, ਮਜ਼ਦੂਰ ਸੰਗਠਨ ਹੈ, ਕਿਸਾਨ ਸੰਗਠਨ ਹੈ, ਮੀਡੀਆ ਹੈ ਤੇ ਔਰਤਾਂ ਦਾ ਸੰਗਠਨ ਹੈ। ਹੁਣੇ ਜਿਹੇ ਸੰਘ ਨੇ ਐਲਾਨ ਕੀਤਾ ਕਿ ਭਾਰਤੀ ਫੌਜ ਵਿਚ ਭਰਤੀ ਹੋਣ ਦੇ ਇਛੁਕ ਲੋਕਾਂ ਦੇ ਲਈ ਟ੍ਰੇਨਿੰਗ ਸਕੂਲ ਖੋਲ੍ਹੇਗਾ। ਇਸ ਦੇ ਭਗਵੇਂ ਝੰਡੇ ਹੇਠਾਂ ਅਜਿਹੇ ਅਨੇਕਾਂ ਨਵੇਂ ਫਿਰਕੂ ਸੰਗਠਨਾਂ ਦਾ ਮੇਲਾ ਲਗ ਗਿਆ, ਜਿਸ ਨੂੰ ਮਿਲਾ ਕੇ ਸੰਘ ਪਰਿਵਾਰ ਕਿਹਾ ਜਾਂਦਾ ਹੈ। ਇਹ ਸੰਗਠਨ ਘੱਟ ਗਿਣਤੀਆਂ ਉੱਪਰ ਹਮਲਿਆਂ ਲਈ ਜ਼ਿੰਮੇਵਾਰ ਹੈ।

ਬਾਕੀ ਸਫ਼ਾ 28 'ਤੇ

# ਬਲਾਤਕਾਰ ਦੋਸ਼ੀਆਂ ਨੂੰ ਚੌਰਾਹੇ ਵਿੱਚ ਮੌਤ ਦੀ ਸਜ਼ਾ ਦੇਣ ਦੀ ਜ਼ਰੂਰਤ

**ਲਵਸ਼ਿੰਦਰ ਸਿੰਘ ਡੱਲੇਵਾਲ**
ਫੋਨ -0044782513301



ਭਾਰਤ ਵਿਚ ਇੱਕ ਪ੍ਰਿਅੰਕਾ ਰੈਡੀ ਨਾਮ ਦੀ ਡਾਕਟਰ ਬੀਬੀ ਨੂੰ ਹਨੇਰੇ ਵਿੱਚ ਮੱਦਦ ਦੀ ਲੋੜ ਪੈ ਜਾਂਦੀ ਹੈ ਤਾਂ ਚਾਰ ਵਿਆਕਤੀ ਉਸ ਦੀ ਮਜਬੂਰੀ ਦਾ ਨਜਾਇਜ ਫਾਇਦਾ ਉਠਾਉਂਦੇ ਹੋਏ ਉਸ ਨਾਲ ਸਮੂਹਿਕ ਬਲਾਤਕਾਰ ਕਰਕੇ ਉਸ ਨੂੰ ਅੱਗ ਲਗਾ ਕੇ ਸਾੜ ਦਿੰਦੇ ਹਨ। ਇਹ ਇੱਕ ਅਜਿਹੀ ਘਿਨਾਉਣੀ ਕਰਤੂਤ ਹੈ ਕਿ ਦੋਸ਼ੀਆਂ ਵਲੋਂ ਨਾ ਬਖਸ਼ਣਯੋਗ ਗੁਨਾਹ ਕੀਤਾ ਗਿਆ ਹੈ । ਇਸ ਘਟਨਾ ਦੀ ਚਰਚਾ ਅੱਜ ਹਰ ਪਾਸੇ ਹੈ। ਸੋਸ਼ਲ ਮੀਡੀਏ ਤੇ ਸੈਂਕੜੇ ਪੋਸਟਾਂ ਘੁੰਮ ਰਹੀਆਂ ਹਨ ਜਿਹਨਾਂ ਵਿੱਚ ਭੈਣ ਭਰਾ ਦਮਦਮੀ ਟਕਸਾਲ ਦੇ ਜਥੇਦਾਰ ਵੀਹਵੀਂ ਸਦੀ ਦੇ ਮਹਾਨ ਸ਼ਹੀਦ ਸੰਤ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲਿਆਂ ਨੂੰ ਅਵਾਜਾਂ ਮਾਰ ਰਹੇ ਹਨ। ਇਹ ਮਹਿਸੂਸ ਕਰ ਰਹੇ ਹਨ ਕਿ ਅਗਰ ਸੰਤ ਜਨਰੈਲ ਸਿੰਘ ਜੀ ਖਾਲਸਾ ਭਿੰਡਰਾਂਵਾਲੇ ਅੱਜ ਮੌਜੂਦ ਹੁੰਦੇ ਤਾਂ ਅਜਿਹੇ ਘਿਣਾਉਣੇ ਪਾਪ ਨਹੀਂ ਸੀ ਹੋਣੇ ਅਤੇ ਦੋਸ਼ੀਆਂ ਨੂੰ ਖਾਲਸਾ ਪੰਥ ਦੇ ਜਾਂਬਾਜ ਯੋਧਿਆਂ ਵਲੋਂ ਬਹੁਤ ਜਲਦੀ ਹੀ ਸਖਤ ਸਜਾਵਾਂ ਮਿਲ ਜਾਣੀਆਂ ਸਨ। ਇਹ ਗੱਲ ਹੈ ਵੀ ਸੋਲਾਂ ਆਨੇ ਸਹੀ। ਹਿੰਦੋਸਤਾਨ ਦਾ ਅੰਨ੍ਹਾ ਕਨੂੰਨ ਕੇਵਲ ਗਵਾਹਾਂ ਦੇ ਅਧਾਰ ਤੇ ਫੈਂਸਲੇ ਕਰਦਾ ਹੈ ਅਤੇ ਇਹ ਗਵਾਹ ਵੀ ਮਮਰਜੀ ਮੁਤਾਬਿਕ ਹੀ ਭੁਗਤਾਏ ਜਾਂਦੇ ਹਨ। ਜਦਕਿ ਅਗਰ ਕੋਈ ਬਲਾਤਕਾਰ ਦਾ ਗਵਾਹ ਹੋਵੇ ਤਾਂ ਬਲਾਤਕਾਰ ਹੋ ਹੀ ਨਹੀਂ ਸਕਦਾ । ਇਹੀ ਕਾਰਨ ਹੈ ਕਿ ਬਲਾਤਕਾਰੀ ਲੋਕ ਅਕਸਰ ਬਰੀ ਹੋ ਜਾਂਦੇ ਹਨ ਜਾਂ ਉਨ੍ਹਾਂ ਨੂੰ ਬਹੁਤ ਘੱਟ ਸਜਾ ਮਿਲਦੀ ਹੈ। ਇਸ ਸਬੰਧੀ ਇੱਕ ਹੱਡਬੀਤੀ ਘਟਨਾ ਦਾ ਜਿਕਰ ਕਰਨ ਜਾ ਰਿਹਾ ਹਾਂ ਕਿ ਜਨਵਰੀ 1986 ਦੇ ਅਖੀਰ ਦਾ ਸਮਾਂ, ਅਸਥਾਨ ਜਲੰਧਰ ਦੀ ਕੇਂਦਰੀ ਜੇਹਲ ਦੀਆਂ 36 ਚੱਕੀਆਂ ਦਾ ਇੱਕ ਨੰਬਰ ਬਲਾਕ। ਇਸ ਦਿਨ ਮੇਰੀ (ਲਵਸ਼ਿੰਦਰ ਸਿੰਘ ਡੱਲੇਵਾਲ), ਭਾਈ ਸੱਤਪਾਲ ਸਿੰਘ ਢਿੱਲੋਂ ਅਤੇ ਭਾਈ ਹਰਮਿੰਦਰ ਸਿੰਘ ਦੀ ਕਪੂਰਥਲਾ ਦੀ ਕੇਨਰਾ ਬੈਂਕ ਵਿੱਚ ਮਾਰੇ ਗਏ ਡਾਕੇ ਅਤੇ ਇੱਕ ਵਿਅਕਤੀ ਦੇ ਹੋਏ ਕਤਲ ਦੇ ਕੇਸ ਵਿੱਚ ਤਰੀਕ ਸੀ।




ਇਹ ਕੇਸ ਜਲੰਧਰ ਪੁਲਿਸ ਦੇ ਕਹਿਣ ਤੇ ਕਪੂਰਥਲਾ ਪੁਲਿਸ ਨੇ ਸਾਡੇ ਤਿੰਨਾਂ ਤੇ ਨਜਾਇਜ ਤੌਰ ਤੇ ਪਾਇਆ ਸੀ । ਕਿਉਂ 22 ਸਤੰਬਰ 1985 ਨੂੰ ਜਦੋਂ ਭਾਈ ਸੱਤਪਾਲ ਸਿੰਘ ਢਿੱਲੋਂ ਨੂੰ ਨਡਾਲਾ ਤੋਂ ਕਪੂਰਥਲਾ ਪੁਲਿਸ ਨੇ ਗ੍ਰਿਫਤਾਰ ਕਰ ਲਿਆ ਤਾਂ ਜਲੰਧਰ ਦੇ ਸੀ.ਆਈ.ਏ ਸਟਾਫ ਵਾਲੇ ਕਪੂਰਥਲਾ ਦੇ ਸੀ.ਆਈ.ਏ ਵਿੱਚ ਉਸ ਨੂੰ ਇੰਟੈਰੋਗੇਟ ਕਰਨ ਗਏ। ਉਨ੍ਹਾਂ ਨੇ ਕਪੂਰਥਲਾ ਪੁਲਿਸ ਨੂੰ ਦੱਸਿਆ ਇਹ ਬਹਤ ਵੱਡਾ ਖਾੜਕੂ ਗਰੁੱਪ ਹੈ ਜੋ ਜਲੰਧਰ ਜਿਲ੍ਹੇ ਵਿੱਚ ਦਰਜਨਾਂ ਵਾਰਦਾਤਾਂ ਦਾ ਜਿੰਮੇਵਾਰ ਹੈ। ਜਿਸ ਵਿੱਚ ਡੱਲੇਵਾਲ ਨਿਵਾਸੀ ਇਹ ਸੱਤਪਾਲ ਸਿੰਘ ਉਰਫ ਪਾਲਾ, ਲਵਸ਼ਿੰਦਰ ਸਿੰਘ ਅਤੇ ਹਰਮਿੰਦਰ ਸਿੰਘ ਸ਼ਾਮਲ ਹੈ। ਇਹ ਤਿੰਨੇ ਫਰਵਰੀ ਮਹੀਨੇ ਤੋਂ ਭਗੌੜੇ ਹਨ ਜਦਕਿ ਕਿ ਇਨ੍ਹਾਂ ਦੇ ਸਾਥੀ ਭਾਈ ਕੁਲਵਿੰਦਰ ਸਿੰਘ ਪੋਲਾ, ਭਾਈ ਜਗਜੀਤ ਸਿੰਘ ਗਿੱਲ ਗੰਗਾਨਗਰ, ਭਾਈ ਗੁਰਜੀਤ ਸਿੰਘ ਕਾਕਾ, ਭਾਈ ਖੜਗ ਸਿੰਘ ਅਤੇ ਭਾਈ ਗੁਰਨੇਕ ਸਿੰਘ ਨੇਕਾ ਪਹਿਲਾਂ ਹੀ ਗ੍ਰਿਫਤਾਰ ਕੀਤੇ ਜਾ ਚੁੱਕੇ ਹਨ। ਜਲੰਧਰ ਪੁਲਿਸ ਨੇ ਕਪੂਰਥਲਾ ਪੁਲਿਸ ਨੂੰ ਭਾਈ ਸੱਤਪਾਲ ਸਿੰਘ ਸਮੇਤ ਸਾਡੇ ਤਿੰਨਾਂ ਖਿਲਾਫ ਖਿਲਾਫ ਦਰਜ ਕੀਤੇ ਗਏ ਕੇਸਾਂ ਦੀ ਲਿਸਟ ਦਿੰਦਿਆਂ ਆਖਿਆ ਕਿ ਇਨ੍ਹਾਂ ਤਿੰਨਾਂ ਨੂੰ ਇਨ੍ਹਾਂ ਇਨ੍ਹਾਂ ਕੇਸਾਂ ਵਿੱਚ ਭਗੌੜੇ ਕਰਾਰ ਦਿੱਤਾ ਹੋਇਆ ਹੈ। ਪੁਲਿਸ ਨੇ ਭਾਈ ਸੱਤਪਾਲ ਸਿੰਘ ਦੇ ਸਾਹਮਣੇ ਕਿਹਾ ਸਾਨੂੰ ਇਨ੍ਹਾਂ ਦੇ ਗਰੁੱਪ ਬਾਰੇ ਬਹੁਤ ਦੇਰ ਨਾਲ ਪਤਾ ਲੱਗਾ ਸੀ। ਇਹ ਖਾੜਕੂ ਕਾਰਵਾਈਆਂ ਅਪ੍ਰੈਲ 1984 ਤੋਂ ਜਲੰਧਰ ਜਿਲ੍ਹੇ ਵਿੱਚ ਲਗਾਤਾਰ ਕਰ ਰਹੇ ਸਨ । ਪੁਲਿਸ ਨੇ ਆਪਣੀ ਨਲਾਇਕੀ ਨੂੰ ਭਾਈ ਸੱਤਪਾਲ ਸਿੰਘ ਦੇ ਸਾਹਮਣੇ ਹੀ ਕਬੂਲ ਕਰਦਿਆਂ ਕਿਹਾ ਕਿ ਅਸੀਂ ਇਨ੍ਹਾਂ ਦੇ ਗਰੁੱਪ ਵਲੋਂ ਕੀਤੀਆਂ ਸੱਤ ਵਾਰਦਾਤਾਂ ਇਲਾਕੇ ਦੇ ਦਸ ਨੰਬਰੀ ਲੋਕਾਂ ਦੇ ਸਿਰ ਪਾ ਚੁੱਕੇ ਹਾਂ, ਉਹ ਕੇਸ ਤਾਂ ਦੁਬਾਰਾ ਇਨ੍ਹਾਂ ਤੇ ਨਹੀਂ ਪਾਏ ਜਾ ਸਕਦੇ ਅਗਰ ਤੁਹਾਡੇ ਕੋਲ ਕੋਈ ਪੈਂਡਿੰਗ ਕੇਸ ਪਿਆ ਹੈ ਤਾਂ ਇਸ ਤੇ ਭਾਵ ਸੱਤਪਾਲ ਸਿੰਘ ਅਤੇ ਇਸਦੇ ਭਗੌੜੇ ਸਾਥੀ ਲਵਸ਼ਿੰਦਰ ਸਿੰਘ ਅਤੇ ਹਰਮਿੰਦਰ ਸਿੰਘ ਤੇ ਪਾ ਦਿਉ । ਪੁਲਿਸ ਦੀ ਆਪਸੀ ਡੀਲ ਅਧੀਨ ਇਹ ਕੇਸ ਸਾਡੇ ਸਿਰ ਪਾਇਆ ਗਿਆ ਸੀ ਜਿਸ ਨੂੰ ਚਾਰ ਮਹੀਨੇ ਬਾਅਦ ਜਸਟਿਸ ਅਜੀਤ ਸਿੰਘ ਬੈਂਸ ਦੀ ਅਗਵਾਈ ਵਿੱਚ ਬਣੀ ਬੈਂਸ ਕਮੇਟੀ ਦੇ ਕਹਿਣ ਅਤੇ ਪੁਲਿਸ ਵਲੋਂ ਚਲਾਨ ਪੇਸ਼ ਨਾ ਕਰ ਸਕਣ ਦੀ ਵਜ੍ਹਾ ਕਾਰਨ ਪੁਲਿਸ ਨੂੰ ਵਾਪਸ ਲੈਣਾ ਪਿਆ ਸੀ। ਖੈਰ ਅਸਲ ਗੱਲ ਵੱਲ ਆਈਏ ਇਸ ਦਿਨ ਪੁਲਿਸ ਲਾਈਨ ਜਲੰਧਰ ਤੋਂ ਆਈ ਗਾਰਦ ਦਾ ਇੰਚਾਰਜ ਕੋਈ ਸਰਦਾਰ ਦਿੱਖ ਵਾਲਾ ਇੰਸਪੈਕਟਰ ਸੀ ਅਤੇ ਦੋ ਗੱਡੀਆਂ ਵਿੱਚ ਬਾਰਾਂ ਪੁਲਿਸ ਵਾਲੇ ਸਨ ਜਿਨ੍ਹਾਂ ਨੇ ਸਾਨੂੰ ਕਪੂਰਥਲਾ ਅਦਾਲਤ ਵਿੱਚ ਤਰੀਕ ਤੇ ਲੈ ਜਾਣਾ ਸੀ । ਕਪੂਰਥਲਾ ਕਚਹਿਰੀਆਂ ਵਿੱਚ ਪੁੱਜ ਕੇ ਇਸ ਇੰਸਪੈਕਟਰ ਨੇ ਪਹਿਲਾਂ ਚਾਹ ਪਾਣੀ ਪੁੱਛਿਆ ਅਤੇ ਫਿਰ ਅਦਾਲਤ ਦੇ ਕਮਰੇ ਵਿੱਚ ਤਰੀਕ ਦੀ ਕਾਰਵਾਈ ਕਰਨ ਲਈ ਗਿਆ ਪਰ ਝੱਟ ਹੀ ਵਾਪਸ ਆ ਗਿਆ ਅਤੇ ਕਹਿਣ ਲੱਗਾ ਕਿ ਆਪਾਂ ਲੇਟ ਹੋ ਗਏ ਹਾਂ, ਅਦਾਲਤ ਵਿੱਚ ਬਲਾਤਕਾਰ ਦਾ ਕੇਸ ਲੱਗ ਗਿਆ ਹੈ ਜੋ ਕਿ ਗਵਾਹੀਆਂ ਤੇ ਹੈ, ਇਸ ਕਰਕੇ ਆਪਾਂ ਨੂੰ ਉਡੀਕ ਕਰਨੀ ਪਵੇਗੀ । ਪਰ ਉਸਦੇ ਨਾਲ ਜੋ ਸਬ ਇੰਸਪੈਕਟਰ ਸੀ ਉਹ ਕਹਿਣ ਲੱਗਾ ਆਪਾਂ ਇਨ੍ਹਾਂ ਮੁੰਡਿਆਂ ਨੂੰ ਬਲਾਤਕਾਰ ਦਾ ਕੇਸ ਨਾ ਦਿਖਾ ਦੇਈਏ। ਉਸ ਨੇ ਸਾਨੂੰ ਪੁੱਛਿਆ ਕਿਉਂ ਬਈ ਠੀਕ ਹੈ ? ਦੇਖਣੀਆਂ ਗਵਾਹੀਆਂ ? ਤਾਂ ਸੱਤਪਾਲ ਸਿੰਘ ਨੇ ਕਿਹਾ ਕਿ ਅਸੀਂ ਤਾਂ ਬੈਠਣਾ ਹੀ ਹੈ, ਬਾਹਰ ਨਹੀਂ ਤੇ ਅੰਦਰ ਬੈਠ ਜਾਂਦੇ ਹਾਂ, ਸਾਨੂੰ ਕੀ ਫਰਕ ਹੈ । ਇਹ ਗੱਲ ਸੁਣ ਕੇ ਉਸ ਇੰਸਪੈਕਟਰ ਨੇ ਜਿਹੜਾ ਕਿ ਸਪੋਰਟਸ ਮੈਨ ਸੀ ਅਤੇ ਸਿੱਧਾ ਇੰਸਪੈਕਟਰ ਭਰਤੀ ਹੋਇਆ ਸੀ ਉਸ ਨੇ ਜਿਨ੍ਹਾਂ ਤਿੰਨ ਪੁਲਿਸ ਵਾਲਿਆਂ ਨੇ ਸਾਡੀਆਂ ਹੱਥਕੜੀਆਂ ਫੜੀਆਂ ਹੋਈਆਂ ਸੀ ਉਨ੍ਹਾਂ ਨੂੰ ਕਿਹਾ ਕਿ ਤੁਸੀ ਛੇ ਜਣੇ ਅਦਾਲਤ ਦੇ ਕਮਰੇ ਵਿੱਚ ਬੈਠ ਜਾਉ। ਜਦੋਂ ਅਸੀਂ ਉੱਥੇ ਜਾ ਕੇ ਬੈਠੇ ਹੀ ਸੀ ਕਿ ਬਲਾਤਕਾਰ ਨਾਲ ਪੀੜ੍ਹਤ ਲੜਕੀ ਨੂੰ ਅਵਾਜ ਪੈ ਗਈ ਅਤੇ ਉਹ ਗਵਾਹੀ ਦੇਣ ਲਈ ਅੰਦਰ ਆ ਗਈ ਦੂਜੇ ਪਾਸੇ ਕਟਹਿਰੇ ਵਿੱਚ ਬਲਾਤਕਾਰ ਦਾ ਦੋਸ਼ੀ ਖੜਾ ਸੀ । ਸਫਾਈ ਧਿਰ ਦੇ ਵਕੀਲ ਨੇ ਲੜਕੀ ਦੇ ਬਿਆਨ ਲੈਣੇ ਸ਼ੁਰੂ ਕੀਤੇ। ਨਾਮ ਪਤਾ ਪੁੱਛਣ ਦੀ ਰਸਮੀ ਕਾਰਵਾਈ ਤੋਂ ਬਾਅਦ ਸ਼ੁਰੂ ਹੋਇਆ ਸਵਾਲਾਂ ਦਾ ਅਜੀਬ ਦੌਰ। ਲੜਕੀ ਨੂੰ ਸਫਾਈ ਧਿਰ ਦੇ ਵਕੀਲ ਨੇ ਸਵਾਲ ਕੀਤਾ ਕਿ ਜਿਸ ਕਮਰੇ ਵਿੱਚ ਤੇਰਾ ਬਲਾਤਕਾਰ ਹੋਇਆ ਹੈ ਉਸ ਕਮਰੇ ਦਾ ਦਰਵਾਜਾ ਪੂਰਬ, ਪੱਛਮ, ਉੱਤਰ, ਦੱਖਣ ਚੋਂ ਕਿਹੜੀ ਦਿਸ਼ਾ ਵਲ ਖੁੱਲਦਾ ਸੀ। ਲੜਕੀ ਨੇ ਕੋਈ ਜਵਾਬ ਨਹੀਂ ਦਿੱਤਾ। ਅਗਲਾ ਸਵਾਲ ਕਿ ਪੁਲਿਸ ਵਲੋਂ ਪੇਸ਼ ਚਲਾਨ ਵਿੱਚ ਮੰਜੇ ਦਾ ਜ਼ਿਕਰ ਹੈ ਉਹ ਮੰਜਾ ਬਾਣ ਦਾ ਸੀ ਜਾਂ ਸੂਤ ਦਾ ਸੀ, ਲੜਕੀ ਨੇ ਕੋਈ ਜਵਾਬ ਨਹੀਂ ਦਿੱਤਾ, ਅਗਲਾ ਸਵਾਲ ਕਿ ਚਾਦਰ ਦਾ ਰੰਗ ਕਿਹੜਾ ਸੀ ? ਸਿਰਹਾਣੇ ਦਾ ਰੰਗ ਕਿਹੜਾ ਸੀ ? ਕਮਰੇ ਦੀ ਛੱਤ ਤੇ ਟੀਅਰ ਸਨ ਜਾਂ ਬਾਲੇ ਸਨ ਜਾਂ ਲੈਂਟਰ ਲੱਗਾ ਹੋਇਆ ? ਇਹੋ ਜਿਹੇ ਅਣਚਾਹੇ ਸਵਾਲਾਂ ਤੇ ਸਰਕਾਰੀ ਵਕੀਲ ਨੇ ਇਤਰਾਜ਼ ਦਾਇਰ ਕੀਤਾ ਪਰ ਉਹ ਜੱਜ ਨੇ ਖਾਰਜ ਕਰ ਦਿੱਤਾ ਕਿ ਸਫਾਈ ਧਿਰ ਅਜਿਹਾ ਪੁੱਛਣ ਦਾ ਹੱਕ ਰੱਖਦੀ । ਇਸ ਤੋਂ ਜਦੋਂ ਬਾਅਦਂ ਬਲਾਤਕਾਰ ਦੀ ਆਖਰੀ ਘਟਨਾ ਬਾਰੇ ਪਹਿਲਾ ਸਵਾਲ ਪੁੱਛਿਆ ਜੋ ਕਿ ਤੂੰ ਕੋਈ ਵਿਰੋਧ ਕੀਤਾ ਸੀ ? ਜੇ ਨਹੀਂ ਕੀਤਾ ਤਾਂ ਕਿਉਂ ਨਹੀਂ ਕੀਤਾ ? ਜੇ ਕੀਤਾ ਤਾਂ ਕਿਵੇਂ ਕੀਤਾ ? ਲੜਕੀ ਕੁੱਝ ਨਾ ਬੋਲੀ । ਅਗਲਾ ਸਵਾਲ ਕੱਪੜਿਆਂ ਬਾਰੇ ਸੀ ਜੋ ਕਿ ਇੱਥੇ ਲਿਖਿਆ ਨਹੀਂ ਜਾ ਸਕਦਾ ਜਦੋਂ ਉਹ ਪੁੱਛਿਆ ਗਿਆ ਤਾਂ ਲੜਕੀ ਨੇ ਨੀਵੀਂ ਪਾ ਲਈ, ਸ਼ਰਮ ਨਾਲ ਉਸਦਾ ਚਿਹਰਾ ਲਾਲ ਹੋ ਗਿਆ। ਨਾਲ ਹੀ ਉਹ ਲੜਕੀ ਧਾਹਾਂ ਮਾਰ ਮਾਰ ਰੋਂਦੀ ਅਦਾਲਤ ਦੇ ਕਮਰੇ ਚੋਂ ਬਾਹਰ ਨਿੱਕਲ ਗਈ । ਸਫਾਈ ਧਿਰ ਵਲੋਂ ਖੜੇ ਕੀਤੇ ਵਕੀਲ ਨੇ ਉਸ ਪੀੜਤ ਦੀ ਗਵਾਹੀ ਹੀ ਕੈਂਸਲ ਕਰਵਾ ਦਿੱਤੀ ਅਤੇ ਮਗਰੋਂ ਪਤਾ ਲੱਗਾ ਕਿ ਉਹ ਦੋਸ਼ੀ ਬਰੀ ਹੋ ਗਿਆ ਸੀ। ਜਦੋਂ ਡੇਢ ਘੰਟੇ ਬਾਅਦ ਸਾਡੀ ਤਰੀਕ ਪੈ ਗਈ ਤਾਂ ਗੱਡੀ ਵਿੱਚ ਬੈਠ ਕੇ ਵਾਪਸ ਜਲੰਧਰ ਜੇਲ੍ਹ ਨੂੰ ਆਉਣ ਲੱਗੇ ਤਾਂ ਉਸ ਇੰਸਪੈਕਟਰ ਨੇ ਪੁੱਛਿਆ ਕਿ ਬਲਾਤਕਾਰ ਦਾ ਕੇਸ ਸੁਣ ਕੇ ਕੀ ਮਹਿਸੂਸ ਹੋਇਆ ਤਾਂ ਸੱਤਪਾਲ ਸਿੰਘ ਜਵਾਬ ਸੀ ਇਹੋ ਜਿਹੇ ਲੋਕਾਂ ਨੂੰ ਚੌਰਾਹੇ ਵਿੱਚ ਖੜੇ ਕਰਕੇ ਗੋਲੀ ਮਾਰ ਦੇਣੀ ਚਾਹੀਦੀ ਹੈ, ਹੋਰ ਇਸਦਾ ਕੋਈ ਹੱਲ ਨਹੀਂ ਹੈ। ਇਹ ਜਵਾਬ ਸੁਣ ਕੇ ਉਹ ਇੰਸਪੈਕਟਰ ਕਹਿਣ ਲੱਗਾ ਕਿ ਮੈਂ ਕਿਸੇ ਚਾਅ ਨਾਲ ਤੁਹਾਨੂੰ ਇਹ ਕੇਸ ਨਹੀਂ ਦਿਖਾਇਆ, ਬਲਕਿ ਆਹੀ ਗੱਲ ਆਖਣੀ ਸੀ ਕਿ ਪਤਾ ਨਹੀਂ ਇਹੋ ਜਿਹੀਆਂ

**ਫਾਸਟ ਟਰੈਕ ਅਦਾਲਤਾਂ ਵਿਸ਼ੇਸ਼ ਤੌਰ ਤੇ ਅਜਿਹੇ ਅਪਰਾਧ ਨਜਿੱਠਣ ਲਈ ਕਾਇਮ ਕਰਨ ਦੀ ਲੋੜ ਹੈ । ਇਸ ਘੇਰੇ ਵਿੱਚ ਪੰਜਾਬ ਦੇ ਉਨ੍ਹਾਂ ਬੁੱਚੜ ਪੁਲਸੀਆਂ ਨੂੰ ਲਿਆਉਣ ਦੀ ਲੋੜ ਹੈ ਜਿਹਨਾਂ ਨੇ ਪੰਜਾਬ ਦੀ ਧਰਤੀ ਤੇ ਸਿੱਖ ਬੀਬੀਆਂ ਨੂੰ ਥਾਣਿਆਂ ਵਿੱਚ ਬੇਪੱਤ ਕੀਤਾ ਸੀ ਅਤੇ ਭਾਰਤ ਦੇ ਹਿੰਦੂ ਬਹੁਗਿਣਤੀ ਵਸੋਂ ਵਾਲੇ ਇਲਾਕਿਆਂ ਵਿੱਚ ਨਵੰਬਰ 1984 ਦੌਰਾਨ ਜਿਨ੍ਹਾਂ ਗੁੰਡਿਆਂ ਨੇ ਸਿੱਖ ਬੀਬੀਆਂ ਨੂੰ ਬੇਪੱਤ ਕੀਤਾ ਸੀ ਉਨ੍ਹਾਂ ਗੁੰਡਿਆਂ ਅਤੇ ਉਨ੍ਹਾਂ ਦੇ ਸਿਆਸੀ ਆਕਾਵਾਂ ਨੂੰ ਚੌਰਾਹਿਆਂ ਵਿੱਚ ਖੜੇ ਕਰਕੇ ਸਜਾਵਾਂ ਦੇਣ ਦੀ ਸਖਤ ਲੋੜ ਹੈ।**

ਕਿੰਨੀਆਂ ਲੜਕੀਆਂ ਨਾਲ ਇਹ ਧੱਕਾ ਹੋ ਰਿਹਾ। ਤੁਸੀਂ ਹੋਰਨਾਂ ਨੂੰ ਗੱਡੀ ਚਾੜ੍ਹਦੇ ਹੋ, ਕਿ ਤੁਹਾਡਾ ਥੋੜਾ ਜਿਹਾ ਇੱਧਰ ਨੂੰ ਵੀ ਹੋ ਜਾਵੇ ਇਸ ਕਰਕੇ ਹੀ ਤੁਹਾਨੂੰ ਲੜਕੀਆਂ ਨਾਲ ਹੋ ਰਹੀ ਬੇਇਨਸਾਫੀ ਪ੍ਰਤੱਖ ਦਿਖਾਈ ਹੈ। ਅੱਠ ਕੁ ਮਹੀਨੇ ਬਾਅਦ ਉਹ ਬਲਾਤਕਾਰੀ ਵਿਅਕਤੀ ਜਿਹੜਾ ਦੁਨਿਆਵੀ ਅਦਾਲਤ ਤੋਂ ਸਬੂਤਾਂ ਅਤੇ ਗਵਾਹਾਂ ਦੀ ਘਾਟ ਕਾਰਨ ਬਰੀ ਹੋ ਕੇ ਬੜੀ ਆਕੜ ਨਾਲ ਤੁਰਿਆ ਫਿਰਦਾ ਸੀ । ਉਸ ਨੂੰ ਸਿੱਖ ਕੌਮ ਦੀ ਅਜਾਦੀ ਲਈ ਜੂਝ ਰਹੇ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਖਾਲਸੇ ਨੇ ਗੱਡੀ ਚਾੜ੍ਹ ਦਿੱਤਾ ਉਸ ਜਗ੍ਹਾ ਤੇ ਲਿਜਾ ਕੇ ਜਿੱਥੇ ਉਸ ਨੇ ਉਸ ਲੜਕੀ ਨਾਲ ਬਲਾਤਕਾਰ ਕੀਤਾ ਸੀ। ਲੁਧਿਆਣੇ ਵਿੱਚ ਇੱਕ ਲੜਕੀ ਨਾਲ ਹੋਏ ਸਮੂਹਿਕ ਬਲਾਤਕਾਰ ਖਿਲਾਫ ਬਹੁਤ ਰੋਸ ਜਾਗ ਉਠਿਆ ਹੈ ਅਤੇ ਬਲਾਤਕਾਰ ਦੇ ਦੋਸ਼ੀਆਂ ਨੂੰ ਸਖਤ ਸਜਾ ਦੇਣ ਦੀ ਵਿਵਸਥਾ ਵਾਲੇ ਕਨੂੰਨ ਬਣਾਉਣ ਦੀ ਮੰਗ ਕੀਤੀ ਜਾ ਰਹੀ ਹੈ। ਇਹੋ ਹੀ ਵਰਤਾਰਾ ਹੋਣਾ ਚਾਹੀਦਾ ਹੈ । ਫਾਸਟ ਟਰੈਕ ਅਦਾਲਤਾਂ ਵਿਸ਼ੇਸ਼ ਤੌਰ ਤੇ ਅਜਿਹੇ ਅਪਰਾਧ ਨਜਿੱਠਣ ਲਈ ਕਾਇਮ ਕਰਨ ਦੀ ਲੋੜ ਹੈ । ਇਸ ਘੇਰੇ ਵਿੱਚ ਪੰਜਾਬ ਦੇ ਉਨ੍ਹਾਂ ਬੁੱਚੜ ਪੁਲਸੀਆਂ ਨੂੰ ਲਿਆਉਣ ਦੀ ਲੋੜ ਹੈ ਜਿਹਨਾਂ ਨੇ ਪੰਜਾਬ ਦੀ ਧਰਤੀ ਤੇ ਸਿੱਖ ਬੀਬੀਆਂ ਨੂੰ ਥਾਣਿਆਂ ਵਿੱਚ ਬੇਪੱਤ ਕੀਤਾ ਸੀ ਅਤੇ ਭਾਰਤ ਦੇ ਹਿੰਦੂ ਬਹੁਗਿਣਤੀ ਵਸੋਂ ਵਾਲੇ ਇਲਾਕਿਆਂ ਵਿੱਚ ਨਵੰਬਰ 1984 ਦੌਰਾਨ ਜਿਨ੍ਹਾਂ ਗੁੰਡਿਆਂ ਨੇ ਸਿੱਖ ਬੀਬੀਆਂ ਨੂੰ ਬੇਪੱਤ ਕੀਤਾ ਸੀ ਉਨ੍ਹਾਂ ਗੁੰਡਿਆਂ ਅਤੇ ਉਨ੍ਹਾਂ ਦੇ ਸਿਆਸੀ ਆਕਾਵਾਂ ਨੂੰ ਚੌਰਾਹਿਆਂ ਵਿੱਚ ਖੜੇ ਕਰਕੇ ਸਜਾਵਾਂ ਦੇਣ ਦੀ ਸਖਤ ਲੋੜ ਹੈ। ਪਰ ਇਹ ਸਵਾਲ ਜਵਾਬ ਦੀ ਮੰਗ ਕਰਦਾ ਹੈ ਕਿ ਨਵੰਬਰ 1984 ਵਿੱਚ ਸਿੱਖ ਬੀਬੀਆਂ ਦੀ ਹੋਈ ਬੇਪੱਤੀ ਬਾਰੇ ਭਾਰਤੀ ਮੀਡੀਆ ਅਤੇ ਅਵਾਮ ਚੁੱਪ ਕਿਉਂ ਹਨ ? ਕਸ਼ਮੀਰ ਵਿੱਚ ਉੱਥੋਂ ਦੀਆਂ ਵਸਨੀਕ ਬੀਬੀਆਂ ਨੂੰ ਭਾਰਤੀ ਫੌਜ ਅਤੇ ਅਰਧ ਸੈਨਿਕ ਦਲ ਲਗਾਤਾਰ ਬੇਪੱਤ ਕਰ ਰਹੇ ਹਨ, ਛੋਟੇ ਛੋਟੇ ਬੱਚਿਆਂ ਨੂੰ ਲਾਈਨਾਂ ਵਿੱਚ ਖੜੇ ਕਰ ਕਰ ਗੋਲੀਆਂ ਨਾਲ ਭੁੰਨ ਰਹੇ ਹਨ, ਉਦੋਂ ਇਨ੍ਹਾਂ ਲੋਕਾਂ ਨੂੰ ਦਰਦ ਕਿਉਂ ਨਹੀਂ ਮਹਿਸੂਸ ਹੋਇਆ। ਜਦੋਂ ਪੰਜਾਬ ਦੀ ਧਰਤੀ ਤੇ ਸਿੱਖ ਨੌਜਵਾਨਾਂ ਨੂੰ ਵੱਡੀ ਪੱਧਰ ਤੇ ਸ਼ਹੀਦ ਕੀਤਾ ਗਿਆ। ਸਿੱਖ ਬੀਬੀਆਂ ਨੂੰ ਥਾਣਿਆਂ ਵਿੱਚ ਜਲੀਲ ਕੀਤਾ ਗਿਆ, ਸਿੱਖ ਬਜੁਰਗਾਂ ਦੀਆਂ ਥਾਣਿਆਂ ਵਿੱਚ ਦਾਹੜੀਆਂ ਪੁੱਟੀਆਂ ਗਈਆਂ ਉਦੋਂ ਇਨ੍ਹਾਂ ਵਿੱਚੋਂ ਕਿਸੇ ਨੂੰ ਕੋਈ ਦਰਦ ਕਿਉਂ ਨਹੀਂ ਆਇਆ। ਅਗਰ ਬਲਾਤਕਾਰ ਰੋਕਣੇ ਹਨ ਤਾਂ ਦੋਸ਼ੀਆਂ ਨੂੰ ਕੇਵਲ ਮੌਤ ਦੀ ਸਜਾ ਨਿਰੰਰਤ ਕੀਤੀ ਜਾਵੇ ਅਤੇ ਸਭ ਤੋਂ ਪਹਿਲਾਂ ਇਹ ਸਜਾ ਜਗਦੀਸ਼ ਟਾਈਟਲਰ, ਸੱਜਣ ਕੁਮਾਰ, ਕਮਲ ਨਾਥ, ਅਮਿਤਾਬ ਬੱਚਨ ਵਰਗਿਆਂ ਨੂੰ ਦਿੱਤੀ ਜਾਵੇ, ਜਿਨ੍ਹਾਂ ਨੇ ਨਵੰਬਰ 1984 ਦੌਰਾਨ ਸਿੱਖਾਂ ਦਾ ਵੱਡੀ ਪੱਧਰ ਤੇ ਕਤਲੇਆਮ ਦੇ ਨਾਲ ਨਾਲ ਸਿੱਖ ਬੀਬੀਆਂ ਦੇ ਬਲਾਤਕਾਰ ਕਰਵਾਏ ਹਨ।




ਖ਼ੁਸ਼ਖ਼ਬਰੀ ਖ਼ੁਸ਼ਖ਼ਬਰੀ ਖ਼ੁਸ਼ਖ਼ਬਰੀ ਖ਼ੁਸ਼ਖ਼ਬਰੀ
ਪੰਜਾਬੀ ਢਾਬਾ
Now Open
Indiana
1480 N State Road 1, Cambridge City, IN 47327. 70
Exit 137
Diesel/Gas
ਟਰੱਕਾਂ ਵਾਲੇ ਭਰਾਵਾਂ ਲਈ
ਖੁੱਲ੍ਹ ਗਿਆ
ਇਥੇ ਮੰਜਿਆਂ ਉਪਰ ਬੈਠਕੇ ਖਾਓ-ਪੀਓ ਅਤੇ ਨਾਲ ਲੈ ਕੇ ਜਾਵੋ...
ਸਵਾਦ ਅਤੇ ਮਾਹੌਲ, ਜਿਵੇਂ ਆਪਣਾ ਪੰਜਾਬ ਤੇ ਘਰ ਦੀ...
ਕੀਮਤਾਂ ਬਹੁਤ ਹੀ ਵਾਜਬ!
ਸਹੂਲਤਾਂ
ਪੰਜਾਬੀ ਢਾਬਾ
ਸਸਤਾ ਡੀਜ਼ਲ
Liquor, Beer & Wine
truck repair, new showers, scale.
Free Buffet over 100 gallons
open 6am to midnight
Phone: 765-478-6300


SINGH TRANSPORT INC
ਔਕਲੈਂਡ ਪੋਰਟ, ਲਾਸ ਏਂਜਲਸ ਪੋਰਟ ਅਤੇ ਲੌਂਗ ਬੀਚ ਪੋਰਟ 'ਤੇ ਕੰਮ ਕਰਨ ਲਈ ਏ ਕਲਾਸ ਡਰਾਈਵਰਾਂ ਅਤੇ ਓਨਰ ਆਪ੍ਰੇਟਰਾਂ ਦੀ ਲੋੜ ਹੈ।
STUDENT DRIVER WELCOM
ਅਸੀਂ ਲਾਇਸੰਸ ਲੈਣ ਲਈ ਤੁਹਾਡੇ ਸਕੂਲ ਦਾ ਖਰਚਾ ਵੀ ਦਿੰਦੇ ਹਾਂ।
ਫਰਿਜ਼ਨੋ ਵੈਲੀ ਏਰੀਏ ਵਿਚੋਂ ਡਰਾਈਵਰਾਂ ਦੀ ਸਖ਼ਤ ਲੋੜ
• ਡ੍ਰਾਈ ਵੈਨ ਡਰਾਈਵਰਾਂ ਦੀ ਲੋੜ
• ਵਰਕ ਪਰਮਿਟ ਹੋਲਡਰ ਨਵੇਂ ਡਰਾਈਵਰਾਂ ਦਾ ਸਵਾਗਤ
• ਨਵੇਂ ਲਾਇਸੰਸ ਡਰਾਈਵਰਾਂ ਦਾ ਸਵਾਗਤ
• ਟ੍ਰੇਨਿੰਗ ਉਪਲਬੱਧ
• Double Endorsement ਵਾਲੇ ਡਰਾਈਵਰਾਂ ਦੀ ਲੋੜ ਹੈ।
• LA ਤੋਂ Bay Area-Sacramento-LA ਵਾਸਤੇ Hook Drop ਲੋਡ ਚੁੱਕੋ।
• ਅਸੀਂ ਡਰਾਈਵਰਾਂ ਨੂੰ 55 Cent ਤੱਕ per mile ਦਿੰਦੇ ਹਾਂ।
• ਸੋਮਵਾਰ ਤੋਂ ਸ਼ੁੱਕਰਵਾਰ ਪੰਜ ਦਿਨ ਕੰਮ ਕਰ ਕੇ ਮਹੀਨੇ ਦਾ ਡਾਲਰ $6000 ਕਮਾਓ।
• ਕੰਮ ਕਰਨ ਲਈ ਵਧੀਆ ਅਤੇ ਆਰਾਮਦਾਇਕ ਮਾਹੌਲ।
• ਅਸੀਂ ਪੋਰਟ 'ਤੇ ਸਭ ਤੋਂ ਜ਼ਿਆਦਾ ਪੈਸੇ ਦਿੰਦੇ ਹਾਂ।
• ਅਸੀਂ ਬੋਨਸ ਵੀ ਦਿੰਦੇ ਹਾਂ।
• ਰੋਜ਼ਾਨਾ ਸ਼ਾਮ ਨੂੰ ਘਰ ਜਾਓ।
ਟਰੱਕ ਰਿਪੇਅਰ ਮਕੈਨਿਕ ਦੀ ਲੋੜ
ਸੰਪਰਕ:
ਸਤਨਾਮ ਸਿੰਘ ਖਹਿਰਾ (510) 543-3778, ਜਗਤਾਰ ਸਿੰਘ (510) 918-2439, (510) 943-9578


ਨਵੀਂ ਕਿਤਾਬ
ਸਿੱਖ ਦ੍ਰਿਸ਼ਟੀ ਦਾ ਗੌਰਵ
ਪੱਛਮੀ, ਇਸਲਾਮੀ ਤੇ ਬ੍ਰਾਹਮਣੀ ਚਿੰਤਨ ਦੇ ਸਨਮੁੱਖ
ਗੁਰਭਗਤ ਸਿੰਘ
ਸੰਪਾਦਕ: ਅਜਮੇਰ ਸਿੰਘ
ਪੰਜਾਬ ਨੂੰ ਬੜਾ ਮਾਣ ਹੈ ਕਿ ਇਸ ਨੇ ਵੇਦ ਰਚੇ, ਭਗਵਤ ਗੀਤਾ ਰਚੀ, ਪਰ ਪੰਜਾਬ ਦੇ ਇਤਿਹਾਸ ਵਿਚ ਇਸ ਦਾ ਸਭ ਤੋਂ ਵੱਧ ਅਮੀਰ ਵਿਰਸਾ ਜਿਸ ਵਿਚ ਅਨੇਕ ਪਰਿਪੇਖਾਂ ਨੂੰ ਸਮੋ ਕੇ ਜੀਵਨ ਦ੍ਰਿਸ਼ਟੀ ਉਸਾਰੀ ਗਈ ਹੈ, ਉਹ 'ਸ੍ਰੀ ਗੁਰੂ ਗ੍ਰੰਥ ਸਾਹਿਬ' ਹੈ। ਇਸ ਗ੍ਰੰਥ ਉੱਤੇ ਕਿਸੇ ਇਕ ਫ਼ਿਰਕੇ ਜਾਂ ਧਰਮ ਦੀ ਅਜਾਰਾਦਾਰੀ ਨਹੀਂ ਮੰਨੀ ਜਾ ਸਕਦੀ। ਇਸ ਵਿਚ ਜੋ ਮੁੱਲ ਦਿੱਤੇ ਗਏ ਹਨ, ਉਹ ਮਨੁੱਖ ਜਾਤੀ ਦੇ ਸਾਂਝੇ ਹਨ। ਇਸ ਗ੍ਰੰਥ ਵਿਚ ਮਹੱਤਵਪੂਰਨ ਧਾਰਨਾ ਇਹ ਹੈ ਕਿ ਸਮੁੱਚੀ ਕਾਇਨਾਤ ਸੰਗੀਤ ਅਤੇ ਸ਼ਾਇਰੀ ਹੈ, ਵਿਸਮਾਦ ਹੈ। ਇਸੇ ਨਾਲ ਜੀਵਨ ਨੂੰ ਜੋੜਨ ਦੀ ਲੋੜ ਹੈ। ਜ਼ਿੰਦਗੀ ਅਤੇ ਇਸ ਦੀਆਂ ਸੰਰਚਨਾਵਾਂ ਵਿਚ ਜੋ ਵਿਰੋਧ ਹਨ, ਉਨ੍ਹਾਂ ਨੂੰ ਸ਼ਕਤੀ ਨਾਲ ਤੋੜ-ਭੰਨ ਕੇ ਬ੍ਰਹਿਮੰਡੀ ਸੁੰਦਰਤਾ ਅਤੇ ਸੰਗੀਤ ਨੂੰ ਜੀਵਨ ਪ੍ਰਵਾਹ ਬਣਾਉਣ ਦੀ ਲੋੜ ਹੈ। ਕਿਸੇ ਵਿਤਕਰੇ ਦੀ ਇਸ ਵਿਚ ਕੋਈ ਥਾਂ ਨਹੀਂ।
ਮੌਲਿਕ ਸਿੱਖ ਚਿੰਤਕ ਡਾ. ਗੁਰਭਗਤ ਸਿੰਘ ਵਲੋਂ ਤਿੰਨ ਦਹਾਕਿਆਂ ਦੌਰਾਨ ਲਿਖੇ 30 ਲੇਖਾਂ ਦੀ ਸਿੱਖ ਰਾਜਨੀਤਿਕ ਵਿਸ਼ਲੇਸ਼ਕ ਸ. ਅਜਮੇਰ ਸਿੰਘ ਵਲੋਂ ਸੰਪਾਦਤ ਕੀਤੀ ਇਹ ਕਿਤਾਬ ਪਾਠਕ 'ਸਿੱਖ ਸਿਆਸਤ' ਰਾਹੀਂ ਦੁਨੀਆਂ ਭਰ ਵਿਚ ਕਿਤੇ ਵੀ ਮੰਗਵਾ ਸਕਦੇ ਹਨ।
ਇਹ ਕਿਤਾਬ ਵਟਸਐਪ ਨੰਬਰ +91-89682-25990 'ਤੇ ਸੁਨੇਹਾ ਭੇਜ ਕੇ ਮੰਗਵਾਈ ਜਾ ਸਕਦੀ ਹੈ।
ਕਿਤਾਬ ਪ੍ਰਾਪਤ ਕਰਨ ਲਈ ਸੰਪਰਕ ਕਰੋ:
FB Message
WhatsApp Message
SSN Android App
ਡਾ. ਗੁਰਭਗਤ ਸਿੰਘ ਦੀਆਂ ਹੋਰ ਕਿਤਾਬਾਂ ਵੀ ਸਾਡੇ ਰਾਹੀਂ ਮੰਗਵਾਈਆਂ ਜਾ ਸਕਦੀਆਂ ਹਨ।
+91-8968225990 /sikhsiyasat Web: sikhsiyasat.net | sikhsiyasat.com | sikhsiyasat.info

# ਪੈਲਾਟਾਇਨ ਗੁਰਦੁਆਰਾ ਸਾਹਿਬ ਵਿਖੇ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਨੂੰ ਸਮਰਪਿਤ ਵਿਸ਼ੇਸ਼ ਸਮਾਗਮ ਕਰਵਾਏ







**ਸ਼ਿਕਾਗੋ/ਮੱਖਣ ਸਿੰਘ ਕਲੇਰ:**
ਇਥੋਂ ਦੇ ਪੈਲਾਟਾਇਨ ਗੁਰਦੁਆਰਾ ਸਾਹਿਬ ਵਿਖੇ ਜਿਥੇ ਪੂਰਾ ਨਵੰਬਰ ਦਾ ਮਹੀਨਾ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇ ਪ੍ਰਕਾਸ਼ ਪੂਰਬ ਸਬੰਧੀ ਵਿਸ਼ੇਸ਼ ਸਮਾਗਮ ਰਚਾਏ ਗਏ ਤੇ ਜੋ ਕਿ ਖੁਸ਼ੀ ਖੁਸ਼ੀ ਤੇ ਨਿਰਵਿਗਨਤਾ ਸਾਹਿਤ ਵਾਹਿਗੁਰੂ ਜੀ ਦੀ ਅਪਾਰ ਕ੍ਰਿਪਾ ਸਦਕਾ ਨੇਪਰੇ ਚੜ੍ਹੇ। ਉਸੇ ਲੜੀ ਨੂੰ ਅੱਗੇ ਤੋਰਦਿਆਂ ਸ੍ਰੀ ਗੁਰੂ ਤੇਗ ਬਹਾਦਰ ਜੀ, ਭਾਈ ਮਤੀ ਦਾਸ, ਭਾਈ ਸਤੀ ਦਾਸ ਤੇ ਭਾਈ ਦਿਆਲਾ ਜੀ ਲਸਾਨੀ ਸ਼ਹਾਦਤ ਦੀ ਯਾਦ ਵਿੱਚ ਸ੍ਰੀ ਅਖੰਡ ਪਾਠ 30 ਨਵੰਬਰ ਸ਼ੁਕਰਵਾਰ ਨੂੰ ਆਰੰਭ ਕਰਵਾਏ ਗਏ ਸਨ ਤੇ ਜਿਨ੍ਹਾਂ ਦੇ ਭੋਗ 1 ਦਸੰਬਰ ਐਤਵਾਰ ਨੂੰ ਪਾਏ ਗਏ ਤੇ ਇਸ ਸ਼ਹੀਦੀ ਸਮਾਗਮ ਦੀਆਂ ਸੇਵਾਵਾਂ ਭਜਨ ਸਿੰਘ ਮਾਂਗਟ ਤੇ ਪਰਿਵਾਰ ਵਲੋਂ ਲਈਆਂ ਗਈਆਂ ਸਨ। ਇਨ੍ਹਾਂ ਸਮਾਗਮਾਂ ਵਿੱਚ ਬੀਬੀ ਬਲਜੀਤ ਕੌਰ ਖਾਲਸਾ ਤਲਵਾੜੇ ਵਾਲਿਆਂ ਦੇ ਜਥੇ ਨੇ ਵਿਸ਼ੇਸ਼ ਤੌਰ 'ਤੇ ਹਾਜਰੀ ਲਗਵਾਈ ਤੇ ਸੰਗਤਾਂ ਨੂੰ ਕੀਰਤਨ ਤੇ ਗੁਰੂ ਸਾਹਿਬ ਤੇ ਪਿਆਰੇ ਗੁਰ ਸਿੱਖਾਂ ਦੀ ਸ਼ਹੀਦੀ ਪ੍ਰਤੀ ਇਤਿਹਾਸ ਸਰਵਣ ਕਰਵਾਇਆ। ਇਸ ਤੋਂ ਇਲਾਵਾ ਗੁਰਦੁਆਰਾ ਸਾਹਿਬ ਦੇ ਕੀਰਤਨੀ ਜਥਿਆਂ ਨੇ ਹਾਜਰੀਆਂ ਲਗਵਾਈਆਂ। ਇਸ ਤੋਂ ਇਲਾਵਾ ਆਉਣ ਵਾਲੇ ਦਿਨਾਂ ਵਿੱਚ ਗੁਰਦੁਆਰਾ ਸਾਹਿਬ ਵਿਖੇ 8 ਦਸੰਬਰ ਨੂੰ ਸ਼ਿਕਾਗੋ ਦੀ ਪੀ ਐਚ ਓ ਨਾਮੀਂ ਸੰਸਥਾ ਵਲੋਂ ਭਗਤ ਪੂਰਨ ਸਿੰਘ ਜੀ ਦੀ ਸਲਾਨਾ ਬਰਸੀ ਮਨਾਈ ਜਾ ਰਹੀ ਹੈ ਤੇ ਪਿੰਗਲਵਾੜੇ ਵਾਸਤੇ ਮਾਇਆ ਇਕੱਤਰ ਕੀਤੀ ਜਾ ਰਹੀ ਹੈ। ਉਨ੍ਹਾਂ ਵਲੋਂ ਸਭ ਸੰਗਤਾਂ ਨੂੰ ਬੇਨਤੀ ਹੈ ਕਿ ਆਪਣਾ ਤਿੱਲ ਫੁੱਲ ਇਨ੍ਹਾਂ ਕਾਰਜਾਂ ਵਿੱਚ ਜ਼ਰੂਰ ਪਾਓ ਜੀ। ਪੰਥ ਪ੍ਰਸਿੱਧ ਕੀਰਤਨੀਏ ਭਾਈ ਬਲਦੇਵ ਸਿੰਘ ਵਡਾਲਾ ਜੀ 20 ਦਸੰਬਰ ਦਿਨ ਸ਼ੁੱਕਰਵਾਰ ਨੂੰ ਸ਼ਾਮ ਦੇ ਦੀਵਾਨ ਵਿੱਚ ਵਿਸ਼ੇਸ਼ ਤੌਰ 'ਤੇ ਹਾਜਰੀਆਂ ਭਰਨਗੇ ਤੇ ਸਮੂਹ ਸੰਗਤਾਂ ਨੂੰ ਪ੍ਰਬੰਧਕਾਂ ਵਲੋਂ ਬੇਨਤੀ ਹੈ ਕਿ ਹੁਮ ਹੁੰਮਾ ਕੇ 20 ਦਸੰਬਰ ਸ਼ੁਕਰਵਾਰ ਨੂੰ ਸ਼ਾਮ ਦੇ ਦੀਵਾਨ ਵਿੱਚ ਹਾਜਰੀਆਂ ਲਗਵਾਉਣ ਦੀ ਕ੍ਰਿਪਾਲਤਾ ਕਰਨੀ ਜੀ।

# ਪੰਜਾਬੀ ਕਲਚਰਲ ਸੁਸਾਇਟੀ ਨੇ 86ਵੀਂ 'ਸ਼ਿਕਾਗੋ ਥੈਂਕਸਗੀਵਿੰਗ ਡੇਅ' ਪਰੇਡ ਵਿਚ ਹਿੱਸਾ ਲਿਆ





**ਸ਼ਿਕਾਗੋ/ਏ.ਟੀ. ਨਿਊਜ਼ :**
ਪੰਜਾਬੀ ਕਲਚਰਲ ਸੁਸਾਇਟੀ ਸ਼ਿਕਾਗੋ ਨੇ ਆਪਣੀਆਂ ਰਵਾਇਤਾਂ ਨੂੰ ਜਾਰੀ ਰੱਖਦਿਆਂ 86ਵੀਂ ਸ਼ਿਕਾਗੋ ਥੈਂਕਸਗੀਵਿੰਗ ਪਰੇਡ ਵਿਚ ਸ਼ਿਰਕਤ ਕੀਤੀ। ਥੈਂਕਸਗੀਵਿੰਗ ਪਰੇਡ ਸ਼ਿਕਾਗੋ ਦਾ ਸਭ ਤੋਂ ਵੱਡਾ ਉਤਸਵ ਹੈ ਜਿਸ ਵਿਚ ਹਜ਼ਾਰਾਂ ਕਲਾਕਾਰ, ਫਲੋਟਸ, ਝਾਕੀਆਂ ਅਤੇ ਬੈਂਡ ਹਿੱਸਾ ਲੈਂਦੇ ਹਨ। ਇਹ ਪਰੇਡ ਕਾਂਗਰਸ ਤੋਂ ਸ਼ੁਰੂ ਹੋ ਕੇ ਤਿੰਨ ਘੰਟਿਆਂ ਦਾ ਸਫ਼ਰ ਤੈਅ ਕਰਦੀ ਹੋਈ ਰੈਨਡੋਲਫ਼ ਪਹੁੰਚਦੀ ਹੈ।

ਇਸ ਪਰੇਡ ਵਿਚ 20 ਬੈਂਡ ਪਾਰਟੀਆਂ, 13 ਝਾਕੀਆਂ ਅਤੇ 16 ਸਟੇਜ ਪੇਸ਼ਕਾਰੀਆਂ ਤੋਂ ਇਲਾਵਾ 18 ਸੱਭਿਆਚਾਰਕ ਗਰੁੱਪਾਂ ਨੇ ਹਿੱਸਾ ਲਿਆ। ਇਸ ਪਰੇਡ ਵਿਚ ਅਸਮਾਨ ਛੂੰਹਦੇ ਹੀਲੀਅਮ ਦੇ ਗੁਬਾਰੇ ਇਸ ਦੀ ਸ਼ਾਨ ਵਧਾ ਰਹੇ ਸਨ। ਇਸ ਦੀ ਅਗਵਾਈ ਪਰੇਡ ਦੇ ਮਸਕਟ (ਚਿੰਨ) 'ਟੈਡੀ ਦ ਟਰਕੀ' ਵਲੋਂ ਕੀਤੀ ਜਾ ਰਹੀ ਸੀ। ਪੰਜਾਬੀ ਕਲਚਰਲ ਸੁਸਾਇਟੀ ਦੇ ਭਾਗੀਦਾਰ ਅਤੇ ਕਲਾਕਾਰ ਰੰਗ ਬਿਰੰਗੀਆਂ ਪੰਜਾਬੀ ਪੁਸ਼ਾਕਾਂ ਵਿਚ ਸਜੇ ਹੋਏ ਸਨ। ਪੀਸੀਐਸਸੀ ਦੀ ਝਾਕੀ ਵਿਚ ਢੋਲ ਉਪਰ ਪੰਜਾਬੀ ਸੰਗੀਤ ਤੋਂ ਇਲਾਵਾ ਭੰਗੜੇ ਦੀ ਪੇਸ਼ਕਾਰੀ ਹੋਈ ਅਤੇ ਮੋਨਾ ਭੱਲਾ ਨੇ ਗੀਤ ਪੇਸ਼ ਕੀਤੇ। ਪੀ ਸੀ ਐਸ ਦੀ ਝਾਕੀ ਦਰਸ਼ਕਾਂ ਦੀ ਖਿੱਚ ਦਾ ਕੇਂਦਰ ਬਣੀ ਹੋਈ ਸੀ।

ਪੀਸੀਐਸ ਦੇ ਕੋਆਰਡੀਨੇਟਰ ਰਜਿੰਦਰ ਸਿੰਘ ਮਾਗੋ ਨੇ ਦੱਸਿਆ ਕਿ ਪੰਜਾਬੀ ਕਲਚਰਲ ਸੁਸਾਇਟੀ ਦੇ ਫਲੋਟ ਦਾ ਮੁੱਖ ਵਿਸ਼ਾ 'ਮਹਾਰਾਜੇ ਦੀ ਬਰਾਤ' ਸੀ। ਮੋਨਾ ਅਤੇ ਮਨਜੀਤ ਭੱਲਾ ਨੇ ਲਾੜੀ ਤੇ ਲਾੜੇ ਦੀ ਭੂਮਿਕਾ ਨਿਭਾਈ। ਥੈਂਕਸਗੀਵਿੰਗ ਪਰੇਡ 1930 ਵਿਚ ਸ਼ੁਰੂ ਹੋਈ ਸੀ। ਪਹਿਲਾਂ ਇਸ ਨੂੰ ਕ੍ਰਿਸਮਿਸ ਕਾਰਵਾਂ ਦੇ ਨਾਂ ਨਾਲ ਜਾਣਿਆ ਜਾਂਦਾ ਸੀ।




# ਬਿਖੜੇ ਸਮਿਆਂ ਵਿਚ ਗੁਰੂ ਨਾਨਕ ਜੀਵਨ ਜੁਗਤ ਹੀ ਮਨੁੱਖੀ ਮੁਕਤੀ ਦਾ ਰਾਹ

## *ਮਾਲਵਾ ਰਿਸਰਚ ਸੈਂਟਰ ਪਟਿਆਲਾ ਵੱਲੋਂ 'ਜਾਗੋ ਇੰਟਰਨੈਸ਼ਨਲ' ਮੈਗਜ਼ੀਨ ਦਾ ਸ੍ਰੀ ਗੁਰੂ ਨਾਨਕ ਦੇਵ ਵਿਸ਼ੇਸ਼ ਅੰਕ ਜਾਰੀ*







**ਚੰਡੀਗੜ੍ਹ/ਏ.ਟੀ. ਨਿਊਜ਼ :** ਗੁਰੂ ਨਾਨਕ ਦੇਵ ਜੀ ਦੀ ਵਿਚਾਰਧਾਰਾ ਪੂਰਬੀ ਚਿੰਤਨ ਦਾ ਸਿਖਰ ਹੈ। ਉਨ੍ਹਾਂ ਨੇ ਆਪਣੀ ਬਾਣੀ ਰਾਹੀਂ ਮਨੁੱਖ ਦੀ ਕਰਤਾਰੀ ਸ਼ਕਤੀ ਨੂੰ ਮਾਨਤਾ ਦੇ ਕੇ ਕਿਰਤ ਕਰਨ, ਵੰਡ ਛਕਣ, ਨਾਮ ਜਪਣ ਦਾ ਸੰਦੇਸ਼ ਵਿਸ਼ਵ ਮਾਨਵਤਾ ਲਈ ਦਿੱਤਾ। ਸੋਲ੍ਹਵੀਂ ਸਦੀ ਵਿੱਚ ਪਣਪ ਰਹੇ ਮਾਇਆਧਾਰੀ ਅੰਧ ਵਿਸ਼ਵਾਸੀ ਅਡੰਬਰਾਂ ਅਤੇ ਰਾਜਸੱਤਾ ਦੇ ਜ਼ੁਲਮਾਂ ਦਾ ਨਿਡਰਤਾ ਨਾਲ ਵਿਰੋਧ ਕੀਤਾ । ਭਾਰਤ ਦੀ ਮੌਜੂਦਾ ਸਥਿਤੀ ਦੇ ਸੰਦਰਭ ਵਿੱਚ ਗੁਰੂ ਨਾਨਕ ਦੇਵ ਜੀ ਦੇ ਫ਼ਲਸਫ਼ੇ ਦੀ ਸਾਰਥਿਕਤਾ ਨੂੰ ਮਾਨਤਾ ਦਿੰਦਿਆਂ ਇਕੱਤਰ ਹੋਏ ਵਿਦਵਾਨਾਂ ਨੇ ਆਪਣੇ ਵਡਮੁੱਲੇ ਵਿਚਾਰ ਰੱਖਦਿਆਂ ਮਾਲਵਾ ਰਿਸਰਚ ਸੈਂਟਰ ਪਟਿਆਲਾ ਵੱਲੋਂ ਡਾ. ਭਗਵੰਤ ਸਿੰਘ ਦੀ ਸੰਪਾਦਨਾ ਹੇਠ ਜਾਰੀ 'ਜਾਗੋ ਇੰਟਰਨੈਸ਼ਨਲ' ਮੈਗਜ਼ੀਨ ਦਾ ਸ੍ਰੀ ਗੁਰੂ ਨਾਨਕ ਦੇਵ ਵਿਸ਼ੇਸ਼ ਅੰਕ ਜਾਰੀ ਕੀਤਾ। ਗੁਰੂ ਨਾਨਕ ਸਾਹਿਬ ਦੇ ਯੂਨੀਵਰਸਲ ਮਾਡਲ ਅਨੁਸਾਰ ਸਿੱਖਾਂ ਅਤੇ ਹੋਰ ਘੱਟ ਗਿਣਤੀਆਂ ਨੂੰ ਸੰਵਿਧਾਨ ਅਨੁਸਾਰ ਜਿਉਣ ਦਾ ਹੱਕ ਦੇ ਕੇ ਹੀ ਹਿੰਦੁਸਤਾਨ ਦਾ ਕਲਿਆਣ ਹੋ ਸਕਦਾ ਹੈ। ਭਾਰਤੀ ਸਵਿਧਾਨ ਵਿੱਚ ਗੁਰੂ ਨਾਨਕ ਦੇਵ ਜੀ ਦੇ ਸਿਧਾਂਤਾਂ ਨੂੰ ਲਿਆ ਗਿਆ ਹੈ, ਜਿਵੇਂ ਸਮਾਨਤਾ, ਸਰਬੱਤ ਦਾ ਭਲਾ। ਪਰ ਉਸ ਨੂੰ ਲਾਗੂ ਕਰਨ ਵੇਲੇ ਉਸ ਮਾਡਲ ਦਾ ਰੂਪ ਹੀ ਬਦਲ ਦਿੱਤਾ।

ਅੱਜ ਖੱਬੇ ਪੱਖੀ ਧਿਰਾਂ ਗੁਰੂ ਨਾਨਕ ਜੀ ਦੇ ਸਰਬੱਤ ਦੇ ਭਲੇ ਵਾਲੇ ਸੰਕਲਪਾਂ ਵੱਲ ਮੋੜਾ ਕੱਟ ਰਹੀਆਂ ਹਨ, ਜੋ ਕਿ ਇੱਕ ਸ਼ੁਭ ਸ਼ਗਨ ਹੈ, ਕਿਉਂਕਿ ਆਜ਼ਾਦੀ ਤੋਂ ਬਾਅਦ ਸਿੱਖ ਸਿਧਾਂਤਾਂ ਨੂੰ ਖੁੰਢਾ ਕਰਨ ਲਈ ਮਾਰਕਸਵਾਦੀਆਂ ਨੂੰ ਵਰਤਿਆ ਗਿਆ ਹੈ। ਇਹ ਵਿਚਾਰ ਆਈ. ਏ.ਐੱਸ. ਗੁਰਤੇਜ ਸਿੰਘ ਵੱਲੋਂ ਮਾਲਵਾ ਸੈਂਟਰ ਪਟਿਆਲਾ ਵੱਲੋਂ "ਜਾਗੋ ਇੰਟਰਨੈਸ਼ਨਲ" ਦੇ ਵਿਸ਼ੇਸ਼ ਅੰਕ ਨੂੰ ਲੋਕ ਅਰਪਣ ਮੌਕੇ ਪ੍ਰਧਾਨਗੀ ਭਾਸ਼ਣ ਵਿਚ ਕਹੇ। ਇਸ ਸਮਾਗਮ ਵਿੱਚ ਡਾ. ਤੇਜਵੰਤ ਸਿੰਘ ਮਾਨ ਨੇ ਗੁਰੂ ਜੀ ਦੇ ਕਿਰਤ ਕਰੋ, ਨਾਮ ਜਪੋ, ਵੰਡ ਛਕੋ ਦੇ ਫਲਸਫ਼ੇ ਦੀ ਵਿਆਖਿਆ ਕੀਤੀ ਅਤੇ ਜਾਗੋ ਇੰਟਰਨੈਸ਼ਨਲ ਵਲੋਂ ਕੀਤੇ ਕਾਰਜਾਂ ਦੀ ਸ਼ਲਾਘਾ ਕੀਤੀ। ਪ੍ਰਧਾਨਗੀ ਮੰਡਲ ਵਿੱਚ ਡਾ. ਸਵਰਾਜ ਸਿੰਘ, ਡਾ. ਈਸ਼ਵਰ ਦਾਸ ਸਿੰਘ ਸ਼ਾਮਲ ਸਨ। ਸਮਾਗਮ ਦੇ ਆਰੰਭ ਵਿੱਚ ਸੰਪਾਦਕ ਡਾ. ਭਗਵੰਤ ਸਿੰਘ ਨੇ ਜਾਗੋ ਇੰਟਰਨੈਸ਼ਨਲ ਬਾਰੇ ਅਤੇ ਗੁਰੂ ਨਾਨਕ ਜੀ ਦੇ ਸੰਕਲਪਾਂ ਨੂੰ ਦਰਸਾਇਆ। ਸ. ਜਸਪਾਲ ਸਿੰਘ ਸਿੱਧੂ ਪੱਤਰਕਾਰ ਨੇ ਅਜੋਕੇ ਸੰਦਰਭ ਵਿੱਚ ਸਿੱਖ ਵਿਚਾਰਧਾਰਾ ਦੀ ਸਾਰਥਿਕਤਾ ਅਤੇ ਰਸਾਲੇ ਦੀ ਮਹੱਤਤਾ ਦਾ ਸੰਵਾਦ ਛੇੜਿਆ। ਡਾ. ਗੁਰਦਰਸ਼ਨ ਢਿੱਲੋਂ ਨੇ ਵਿਚਾਰ ਚਰਚਾ ਵਿੱਚ ਹਿੱਸਾ ਲੈਂਦੇ ਹੋਏ ਸਿੱਖ ਦਰਸ਼ਨ ਬਾਰੇ ਵਿਚਾਰ ਪੇਸ਼ ਕੀਤੇ। ਡਾ. ਸਵਰਾਜ ਸਿੰਘ ਨੇ ਕਿਹਾ ਕਿ ਪੰਜਾਬ ਦਾ ਪ੍ਰਵਾਸ ਸਿੱਖ ਕਦਰਾਂ ਕੀਮਤਾਂ ਅਤੇ ਨੈਤਿਕਤਾ ਦਾ ਘਾਣ ਕਰ ਰਿਹਾ ਹੈ। ਉਹਨਾਂ ਨੇ ਗੁਰੂ ਨਾਨਕ ਦੇ ਫਲਸਫ਼ੇ ਨੂੰ ਅਜੋਕੇ ਸਮੇ ਦੀਆਂ ਬੇਸੰਗਤੀਆਂ ਤੋਂ ਛੁਟਕਾਰਾ ਦਾ ਮੂਲ ਕਾਰਕ ਦੱਸਿਆ। ਡਾ. ਨਰਿੰਦਰ ਕੌਸ਼ਲ ਡੀਨ ਅਤੇ ਸੀਨੀਅਰ ਪੱਤਰਕਾਰ ਚੰਚਲ ਮਨੋਹਰ ਸਿੰਘ ਨੇ ਕਿਹਾ ਕਿ ਪੰਜਾਬ ਦੇ ਉਜਾੜੇ ਦਾ ਕਾਰਨ ਸਰਕਾਰਾਂ ਅਤੇ ਪੰਜਾਬ ਦੇ ਕੁੱਝ ਅਜਾਰੇਦਾਰ ਨੀਤੀਵਾਨ ਹਨ। ਵਿਚਾਰ ਚਰਚਾ ਵਿਚ ਮਨਜਿੰਦਰ ਸੰਧੂ, ਡਾ. ਕੁਲਵੀਰ ਕੌਰ, ਪ੍ਰੋ. ਭੁਪਿੰਦਰ ਕੌਰ, ਗੁਰਪ੍ਰੀਤ ਕੌਰ, ਗੁਰਸ਼ਰਨ ਸਿੰਘ, ਸੰਦੀਪ ਸਿੰਘ ਨੇ ਵੀ ਹਿੱਸਾ ਲਿਆ। ਸ. ਜਰਨੈਲ ਸਿੰਘ ਚਿੱਤਰਕਾਰ ਵੀ ਉਚੇਚੇ ਤੌਰ ਤੇ ਪਹੁੰਚੇ ਹੋਏ ਸਨ। ਡਾ. ਖੁਸ਼ਹਾਲ ਸਿੰਘ ਨੇ ਧੰਨਵਾਦ ਕੀਤਾ। ਕੇ. ਐੱਸ ਵਿਰਦੀ, ਗੁਰਿੰਦਰ ਕੌਰ, ਡਾ. ਪ੍ਰੀਤ ਕੰਵਲ, ਸਰਬਜੀਤ ਸਿੰਘ, ਸਤਨਾਮ ਸਿੰਘ, ਮਨਜੋਤ ਕੌਰ, ਦਲਜੀਤ ਸਿੰਘ, ਗਿਰੀ ਸੁਰਜੀਤ ਸਿੰਘ ਅਤੇ ਹੋਰ ਅਨੇਕਾਂ ਵਿਦਵਾਨ ਇਸ ਸਮਾਗਮ ਵਿਚ ਸ਼ਾਮਲ ਸਨ।

# ਵਾਤਾਵਰਨ ਪ੍ਰੇਮੀ ਗੱਗੀ ਲਾੜੀ ਨੂੰ ਸਾਈਕਲ 'ਤੇ ਹੀ ਵਿਆਹ ਲਿਆਇਆ

**ਮਾਨਸਾ/ਏ.ਟੀ. ਨਿਊਜ਼ :** ਗੁਰਬਖਸ਼ੀਸ਼ ਸਿੰਘ ਗੱਗੀ ਨਾਂ ਦਾ ਇਹ ਨੌਜਵਾਨ ਬਠਿੰਡਾ ਜ਼ਿਲ੍ਹੇ ਦੇ ਪਿੰਡ ਰਾਮਨਗਰ ਦਾ ਰਹਿਣ ਵਾਲਾ ਹੈ, ਜਿਸ ਨੇ ਵਿਆਹ ਵੀਰ ਖੁਰਦ ਦੀ ਰਮਨਦੀਪ ਕੌਰ ਨਾਲ ਕਰਵਾਇਆ ਹੇ। ਉਹ ਸਾਈਕਲ 'ਤੇ ਹੀ ਵਿਆਹ ਕਰਵਾਉਣ ਗਿਆ ਤੇ ਸਾਈਕਲ 'ਤੇ ਹੀ ਲਾੜੀ ਨੂੰ ਬਿਠਾ ਕੇ ਵਿਆਹ ਕੇ ਲਿਆਇਆ। ਇਸ ਤਰ੍ਹਾਂ ਕਰ ਕੇ ਉਸ ਨੇ ਫਜ਼ੂਲ ਖਰਚੀ ਤੇ ਦਾਜ ਪ੍ਰਥਾ ਨੂੰ ਰੋਕਣ ਦੇ ਨਾਲ-ਨਾਲ ਵਾਤਾਵਰਨ ਨੂੰ ਬਚਾਉਣ ਦਾ ਹੋਕਾ ਵੀ ਦਿੱਤਾ। ਵਾਤਾਵਰਨ ਪ੍ਰੇਮੀ ਗੁਰਬਖਸ਼ੀਸ਼ ਸਿੰਘ ਨੇ ਬਰਾਤ ਲਈ ਕੋਈ ਗੱਡੀ ਨਹੀਂ ਸਜਾਈ, ਸਗੋਂ ਮਾਂ ਬੋਲੀ ਵਿਚ ਆਪਣਾ ਤੇ ਜੀਵਨ ਸਾਥਣ ਦਾ ਨਾਂ ਲਿਖ ਤਖ਼ਤੀ ਲਾ ਕੇ ਸਾਈਕਲ 'ਤੇ ਪ੍ਰਦੂਸ਼ਣ ਬਚਾਉਣ ਦਾ ਹੋਕਾ ਦਿੰਦਾ ਹੋਇਆ ਪਿੰਡ ਠੂਠਿਆਂ ਵਾਲੀ ਗੁਰਦੁਆਰਾ ਸਾਹਿਬ ਵਿਖੇ ਪੁੱਜਿਆ ਅਤੇ ਉਥੇ ਉਸ ਦੇ ਆਨੰਦ ਕਾਰਜ ਹੋਏ। ਲਾੜੇ ਗੱਗੀ ਦੇ ਦਾਦਾ ਛੋਟਾ ਸਿੰਘ ਦਾ ਆਖਣਾ ਹੈ ਕਿ ਪਰਿਵਾਰਕ ਮੈਂਬਰਾਂ ਨੇ ਵੀ ਗੱਗੀ ਦੇ ਇਸ ਫ਼ੈਸਲੇ 'ਤੇ ਪੂਰੀ ਸਹਿਮਤੀ ਪ੍ਰਗਟਾਉਂਦੇ ਹੋਏ ਹੀ ਇਹ ਵਿਆਹ ਨੂੰ ਪੂਰੀਆਂ ਖੁਸ਼ੀਆਂ ਤੇ ਚਾਵਾਂ ਨਾਲ ਕਰਵਾਇਆ ਹੈ। ਇਹ ਪੋਤੇ ਦਾ ਇਕ ਸ਼ਲਾਘਾਯੋਗ ਉਪਰਾਲਾ ਹੈ। ਉਨ੍ਹਾਂ ਕਿਹਾ ਕਿ ਗੱਗੀ ਐੱਮਏ ਕਰ ਰਿਹਾ ਹੈ। ਉਹ ਪਹਿਲਾਂ ਹੀ ਆਪਣੇ ਦੋਸਤਾਂ ਨੂੰ ਵਿਆਹਾਂ ਵਿਚ ਫਜ਼ੂਲ ਖਰਚਾ ਕਰਨ ਤੋਂ ਰੋਕਦਾ ਰਿਹਾ ਹੈ।






Raja™ SWEETS & CATERING®
AUTHORIZED CATERER FOR MAJOR 5-STAR HOTELS
ਮਿਠਾਈਆਂ ਅਤੇ ਕੇਟਰਿੰਗ ਦੇ ਬਾਦਸ਼ਾਹ™

Follow us on:
Toll Free 1-866-FOR-RAJA
www.rajasweets.com
msbains@rajasweets.com

ਹਰ ਮੌਕੇ ਜਿਵੇ ਅਖੰਡ ਪਾਠ, ਜਨਮ ਦਿਨ, ਵਿਆਹ ਸ਼ਾਦੀ ਜਾਂ ਪਰਟੀ ਲਈ ਦਸ ਹਜਾਰ ਬੰਦਿਆਂ ਤੱਕ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਾਂ।

Fresh Sweets, Snacks & Food
Catering with Portable Tandoor for up to 10000 guests
Lunch - Dinner - Take Out - Banquets

Raja™ Sweets & Indian Cuisine
31853 Alvarado Blvd. Union City CA 94587
Ph. (510) 489-9100 Fax (510) 489-9111

Raja™ Indian Cuisine & Bar
1275 W Winton Ave. Hayward CA 94545
Ph. (510) 264-9300 Fax (510) 264-9345

Call Makhan Bains or Ravinder Singh For Your Next Party

1-866-FOR-RAJA (367-7252)
www.RajaSweets.com

| Items Serving: | Catering Services: | Additional Services: |
|---|---|---|
| All kinds of Sweets | Wedding Ceremonies | Warmers |
| Snacks & Food | Receptions | Chaffing Dishes |
| Chaat & Tikki Stall | Birthday Parties | China & Silverware |
| Pani Poori Stall | Religious Gatherings | Linen Rental |
| Bhel Poori / Pav Bhaji | Corporate Events | Waiters & Bartenders |
| Falooda Kulfi | Picnics / Bar-b-que | |






ਹਰ ਮੌਕੇ ਜਿਵੇਂ ਵਿਆਹ ਸ਼ਾਦੀ, ਰਿਸੈਪਸ਼ਨ, ਜਨਮਦਿਨ, ਪਾਰਟੀ ਲਈ
200 ਤੋਂ 1000 ਬੰਦਿਆਂ ਦੇ ਬੈਠਣ ਅਤੇ ਖਾਣ ਲਈ ਹਾਲ ਦਾ ਇੰਤਜਾਮ ਹੈ।

PARADISE BALLROOMS
4100 Peralta Blvd. Fremont, CA 94536
(510) 900-6319
info@paradiseballrooms.com www.paradiseballrooms.com

SERVICES INCLUDE

- CATERING
- SILVERWARE
- CHINAWARE
- DECORATED HALL
- LINEN
- SEVERAL BAR OPTIONS
- SECURITY
- WAIT STAFF
- FULL SETUP INCLUDING TABLE CLOTH, NAPKINS, CHAIRS ETC.

# Valley Real Estate Center



Better Deal will be given from New Builders to Book New home in Mountain House, Tracy, Manteca and lathrop

ਮਾਊਂਟੇਨ ਹਾਊਸ, ਟਰੇਸੀ, ਮਨਟਿਕਾ ਅਤੇ ਲੈਥਰੋਪ ਵਿਚ ਨਵਾਂ ਘਰ ਬੁੱਕ ਕਰਨ ਲਈ ਨਵੇਂ ਅਤੇ ਤਜਰਬੇਕਾਰ ਬਿਲਡਰਜ਼ ਤੋਂ ਵਧੀਆ ਡੀਲ ਦਿਵਾਈ ਜਾਵੇਗੀ।

For agriculture and almond Farm,office building, Farm House and for Truck Yard in Tracy, Manteca, Lathrop and Stockton

ਖੇਤੀਬਾੜੀ, ਅਲਮੰਡ ਫਾਰਮ, ਆਫ਼ਿਸ ਬਿਲਡਿੰਗ, ਫਾਰਮ ਹਾਊਸ ਅਤੇ ਟਰੱਕ ਯਾਰਡ ਲਈ ਵੀ ਵਧੀਆ ਸੇਵਾਵਾਂ ਹਾਸਲ ਕਰੋ।

## Listing



**1415 W Anderson Stockton**

a). 4.5 Acre Lot, include 15000 Square foot warehouse with 10 loading dock, 2000 square foot office.
b). Two bay truck repair shop.

**$4,900,000**



**1943 E Fremont St,**

1924 E park St and 1850 E Oak St Stockton CA 95205,
Total 8 APN number, one lot,
7.56 acres paved truck parking.

**$3,000,000**

**1801 E Dr martin luther king jr Blvd, Stockton, CA 95205 APN 155-140-15.**
**Almost 10 acres paved truck parking with approximately $32000 monthly income.**

**$4,399,000**



Ranjit S Mangat
(Lic: 01922089)

**ਨਵੀਂ ਜਾਂ ਪੁਰਾਣੀ ਜਾਇਦਾਦ**
**ਖਰੀਦਣ ਜਾਂ ਵੇਚਣ ਲਈ ਕਾਲ ਕਰੋ**

## Ranjit S Mangat

**Valley Real Estate Center (Office Lic.: 01392267)**
**68 E 11th Street Ste 109, Tracy, CA 95376**
**Office: 209-956-1000 Cell : 408-355-5700, gbsingh84@gmail.com**

ਗੁਰਬਾਣੀ
24 ਘੰਟੇ ਸੁਣਨ ਲਈ
Dial 832.551.5029 Ext. 4
www.GurbaniRadio.org

ਪੰਜਾਬੀ ਗਾਣੇ
24 ਘੰਟੇ ਸੁਣਨ ਲਈ
Dial 832.551.5029 Ext. 3
www.NonStopPunjabi.com

ਪੰਜਾਬੀ ਰੇਡੀਓ ਯੂਐਸਏ
Punjabi RADIO USA
ON THE AIR
Uniting Punjabi's All Over
www.PunjabiRadioUSA.com
408-272-5200

DIAL TO LISTEN:
US: 832-551-5029 | 605-475-6868 | 712-432-5838 (METRO PCS)
UK: +44 203-519-0455
GERMANY: +511 80-90-40-41

NEW PROGRAM: TODAY IN SIKH HISTORY | ਅੱਜ ਦਾ ਦਿਨ ਸਿੱਖ ਇਤਿਹਾਸ ਵਿੱਚ DAILY | ਰੋਜ਼ਾਨਾ 9AM | 12PM

KHALSA
INSURANCE AGENCY, INC.

Khalsa Insurance Agency is among TOP 50 agencies of Blue Cross in USA.




COVERED CALIFORNIA

- GUARANTEED COVERAGE
- NO ANNUAL LIMITS, NO DENIAL FOR PRE-EXISTING CONDITIONS
- RATES NOT BASED ON HEALTH STATUS
- AFFORDABLE COVERAGE – PUBLIC OR PRIVATE
- REQUIRED FOR INDIVIDUALS

OBAMACARE
IS
COVERED CALIFORNIA
IS THE
AFFORDABLE CARE ACT
IS THE
California Health Benefit Exchange
IS
*Your destination for affordable health care*

Call Now for the
Lowest Health Insurance
Premiums available
Some Households
qualify for
FREE HEALTHCARE

408-272-2500

Please Contact Harjot S Khalsa (Certified Covered CA Agent) | License # 0B03546 | 3750 McKee Rd. # A, San Jose, CA 95127
Tel. 408-272-2500 | coveredca@khalsainsurance.com


MORE: SAVINGS.
TIRE DISCOUNTS FOR:
TRANS-ALLIANCE
TOGETHER WE SAVE
Trans-Alliance has partnered together with TA Truck Service to provide Trans-Alliance members with awesome discounts on tires.
It's simple - Just give your DOT number to the TA Truck Service attendant at the time of purchase and the savings will be automatically deducted from your bill.
ROADMASTER TIRES™
ENGINEERED BY COOPERTIRES
STEER
DRIVE
TRAILER
RM 180+ EM
$299.00
RETAIL $362.00
RM 852 EM
$309.00
RETAIL $378.00
RM 872 EM
$279.00
RETAIL $339.00
TRANS-ALLIANCE MEMBERS GET $35 OFF RETAIL PRICE ON OTHER TIRE BRANDS
Pricing valid 6/1/2019 through 12/31/2019 for Trans-Alliance members ONLY. This promotion applies to the unit retail price. Pricing shown above is for 295/75R22.5 sizes only; prices on other sizes may vary. Price does not include F.E.T., mounting labor, balancing, valve stem, state, or local taxes. Some brand exclusions may apply.
TA TRUCK SERVICE®
MORE: BAYS. EXPERTISE. SOLUTIONS.®
Visit ta-petro.com or find us on
TA
Nasdaq Listed

# ਅਕਾਲੀ ਲਹਿਰ ਦੀ ਸਿਰਜਣਾ

**-ਡਾ. ਗੁਰਦੇਵ ਸਿੰਘ ਸਿੱਧੂ**

ਵੀਹਵੀਂ ਸਦੀ ਦੇ ਪਹਿਲੇ ਦਹਾਕੇ ਦੇ ਅੰਤ ਤਕ ਦੇਸ਼ ਦੇ ਰਾਜਨੀਤਕ ਹਾਲਾਤ ਅਜਿਹੇ ਬਣ ਗਏ ਕਿ ਬਰਤਾਨਵੀ ਹਿੰਦੁਸਤਾਨ ਦੀ ਸਾਮਰਾਜੀ ਅੰਗਰੇਜ਼ ਸਰਕਾਰ ਵੱਲੋਂ ਸਿੱਖ ਸਮੱਸਿਆਵਾਂ ਦੇ ਸਮਾਧਾਨ ਲਈ ਧਾਰਨ ਕੀਤੀ ਨੀਤੀ ਦੇ ਪ੍ਰਤੀਕ੍ਰਮ ਵਜੋਂ ਸਿੱਖ ਵਸੋਂ ਦੇ ਮਨ ਵਿੱਚ ਅਸੰਤੁਸ਼ਟਤਾ ਉਪਜਣੀ ਸ਼ੁਰੂ ਹੋ ਗਈ। ਇੱਕ ਦਹਾਕੇ ਤੋਂ ਵੀ ਘੱਟ ਸਮੇਂ ਵਿੱਚ ਅੰਗਰੇਜ਼ ਹਾਕਮਾਂ ਦੀ 'ਸੱਜੀ ਬਾਂਹ' ਵਜੋਂ ਜਾਣੇ ਜਾਂਦੇ ਸਿੱਖ, ਅੰਗਰੇਜ਼ੀ ਸਾਮਰਾਜ ਤੋਂ ਦੇਸ਼ ਦੀ ਮੁਕਤੀ ਲਈ ਚੱਲ ਰਹੇ ਸੰਘਰਸ਼ ਦੇ ਮੁਹਰੈਲੀ ਦਸਤਾ ਬਣ ਗਏ। ਸਿੱਖ ਕੌਮ ਦੇ ਇਸ ਮਨ-ਪਰਿਵਰਤਨ ਦਾ ਮੁੱਢਲਾ ਕਾਰਨ ਸਰਕਾਰ ਵੱਲੋਂ ਗੁਰਦੁਆਰਿਆਂ ਦੀ ਜਾਇਦਾਦ ਉੱਪਰ ਸੱਪ-ਕੁੰਡਲੀ ਮਾਰੀ ਬੈਠੇ ਭ੍ਰਿਸ਼ਟ ਮਹੰਤਾਂ ਦੀ ਸਰਪ੍ਰਸਤੀ ਕਰਨਾ ਸੀ। ਦਿੱਲੀ ਵਿੱਚ ਅੰਗਰੇਜ਼ ਵਾਇਸਰਾਇ ਦੀ ਰਿਹਾਇਸ਼ ਲਈ ਗੁਰਦੁਆਰਾ ਰਕਾਬਗੰਜ ਦੀ ਕੰਧ ਨੂੰ ਢਾਹੁਣ ਦੀ ਕਾਰਵਾਈ ਨੇ ਬਲਦੀ 'ਤੇ ਤੇਲ ਪਾਉਣ ਦਾ ਕੰਮ ਕੀਤਾ।

ਅੱਗੜ ਪਿੱਛੜ ਵਾਪਰੀਆਂ ਕਈ ਘਟਨਾਵਾਂ ਜਿਵੇਂ ਕੌਮਾਗਾਟਾਮਾਰੂ ਜਹਾਜ਼ ਵਿੱਚ ਸਵਾਰ ਹੋ ਕੇ ਕੈਨੇਡਾ ਪਰਵਾਸ ਲਈ ਗਏ ਪਰ ਕੈਨੇਡਾ ਦੀ ਸਰਕਾਰ ਵੱਲੋਂ ਵਾਪਸ ਕੀਤੇ ਮੁਸਾਫ਼ਿਰਾਂ ਨੂੰ ਹਿੰਦੁਸਤਾਨੀ ਸਰਕਾਰ ਦੁਆਰਾ ਬਜਬਜ ਘਾਟ ਉੱਤੇ ਉਤਾਰ ਕੇ ਉਨ੍ਹਾਂ ਨਾਲ ਕੀਤਾ ਵਹਿਸ਼ੀਆਨਾ ਵਰਤਾਉ, ਜਿਸ ਕਾਰਨ ਡੇਢ ਦਰਜਨ ਮੁਸਾਫ਼ਿਰਾਂ ਨੂੰ ਆਪਣੀ ਜਾਨ ਤੋਂ ਹੱਥ ਧੋਣੇ ਪਏ, ਅਮਰੀਕਾ ਤੋਂ ਆਏ ਗ਼ਦਰੀਆਂ ਨੂੰ ਥੋਕ ਵਿੱਚ ਸੁਣਾਈਆਂ ਸਖ਼ਤ ਸਜ਼ਾਵਾਂ, 1919 ਦੇ ਮਾਰਸ਼ਲ ਲਾਅ ਦੀਆਂ ਸਖ਼ਤੀਆਂ, ਕੌਂਸਲ ਵਿੱਚ ਸਿੱਖਾਂ ਨੂੰ ਘੱਟ ਪ੍ਰਤੀਨਿਧਤਾ ਦੇਣਾ ਆਦਿ ਸਿੱਖ ਕੌਮ ਦੇ ਮਨਾਂ ਵਿਚਲੇ ਰੋਸ ਅਤੇ ਰੋਹ ਨੂੰ ਵਧਾਉਣ ਦਾ ਕਾਰਨ ਬਣੀਆਂ। ਇਸ ਸਥਿਤੀ ਵਿੱਚ ਸਿੱਖ ਸਮੂਹ ਦੀ ਅਗਵਾਈ ਕਰਨ ਲਈ ਜੋ ਵਿਅਕਤੀ ਅੱਗੇ ਆਏ, ਉਨ੍ਹਾਂ ਦੇ ਪਿਛੋਕੜ ਨੂੰ ਦੇਖਦਿਆਂ ਉਨ੍ਹਾਂ ਨੂੰ ਦੋ ਵਰਗਾਂ ਵਿੱਚ ਵੰਡਿਆ ਜਾ ਸਕਦਾ ਹੈ। ਪਹਿਲੇ ਵਰਗ ਵਿੱਚ ਉਹ ਸੈਨਿਕ ਸ਼ਾਮਲ ਸਨ, ਜਿਨ੍ਹਾਂ ਨੇ ਅੰਗਰੇਜ਼ੀ ਸੈਨਾ ਵਿੱਚ ਭਰਤੀ ਹੋ ਕੇ ਸਾਮਰਾਜ ਖ਼ਾਤਰ ਦੇਸ਼ ਵਿਦੇਸ਼ ਵਿੱਚ ਜਾ ਕੇ ਖ਼ੂਨ ਪਸੀਨਾ ਇੱਕ ਕੀਤਾ ਅਤੇ ਦੂਜੇ 1914-15 ਦੇ ਗ਼ਦਰ ਅੰਦੋਲਨ ਵਿੱਚ ਸ਼ਾਮਲ ਹੋਏ ਉਹ ਗ਼ਦਰੀ ਸਨ, ਜੋ ਕਿਸੇ ਕਾਰਨ ਕਾਨੂੰਨ ਦੇ ਸ਼ਿਕੰਜੇ ਵਿੱਚ ਆਉਣੋਂ ਬਚ ਗਏ ਸਨ, ਜਾਂ ਦੋ ਚਾਰ ਸਾਲ ਲਈ ਕੈਦ ਦੀ ਸਜ਼ਾ ਭੁਗਤ ਕੇ ਜੇਲ੍ਹਾਂ ਤੋਂ ਬਾਹਰ ਆ ਗਏ ਸਨ, ਜਾਂ 1919 ਦੀ 'ਸ਼ਾਹੀ ਮੁਆਫ਼ੀ' ਅਧੀਨ ਜੇਲ੍ਹਾਂ ਵਿੱਚੋਂ ਮੁਕਤ ਹੋਏ ਸਨ। ਇਨ੍ਹਾਂ ਗ਼ਦਰੀਆਂ ਦੀ ਮਾਨਸਿਕਤਾ ਬਾਰੇ ਬਰਤਾਨਵੀ ਹਿੰਦੁਸਤਾਨ ਦੀ ਖ਼ੁਫ਼ੀਆ ਪੁਲੀਸ ਦੇ ਉੱਚ ਅਧਿਕਾਰੀ ਡੀ. ਪੈਟਰੀ ਵੱਲੋਂ ਗ਼ਦਰ ਪਾਰਟੀ ਬਾਰੇ ਲਿਖੇ ਆਪਣੇ ਨੋਟ ਵਿੱਚ ਕੱਢਿਆ ਇਹ ਨਤੀਜਾ ਬਿਲਕੁਲ ਸਹੀ ਹੈ ਕਿ 'ਪੰਜਾਬ ਵਿੱਚ ਪਰਦੇਸ ਤੋਂ ਪਰਤੇ ਅਨੇਕ ਸਿੱਖ ਹਨ, ਜਿਨ੍ਹਾਂ ਦੀ ਸਾਡੇ ਰਾਜ ਪ੍ਰਤੀ ਕੁਸੈਲੀ ਨਫ਼ਰਤ ਉਨ੍ਹਾਂ ਨੂੰ ਸਾਡੀ ਪ੍ਰਭੂਸੱਤਾ ਨੂੰ ਢਾਅ ਲਾਉਣ ਵਾਲੀ ਕਿਸੇ ਵੀ ਸਾਜ਼ਿਸ਼ ਵਿੱਚ ਉਤਸ਼ਾਹ ਨਾਲ ਸ਼ਾਮਲ ਹੋਣ ਦਾ ਪੂਰਬਲਾ ਝੁਕਾਅ ਬਣ ਜਾਂਦੀ ਹੈ। ਇਸ ਰੁਚੀ ਕਾਰਨ ਹੀ ਬੰਧਨਮੁਕਤ ਹੋਣ ਸਾਰ ਬਹੁਤੇ ਗ਼ਦਰੀ ਸਿੱਖ ਲੀਗ ਵਿੱਚ ਸਰਗਰਮ ਹੋ ਗਏ।' ਅਕਤੂਬਰ 1920 ਵਿੱਚ ਲਾਹੌਰ ਵਿੱਚ ਹੋਈ ਸਿੱਖ ਲੀਗ ਕਾਨਫਰੰਸ ਦੀ ਪੰਜਾਬ ਸਰਕਾਰ ਵੱਲੋਂ ਹਿੰਦ ਸਰਕਾਰ ਨੂੰ ਭੇਜੀ ਰਿਪੋਰਟ ਦੱਸਦੀ ਹੈ, 'ਕਾਨਫਰੰਸ ਦੀ ਕਾਰਵਾਈ ਦਾ ਇੱਕ ਦੁਖਦਾਈ ਪੱਖ ਗ਼ਦਰ ਮੁਜਰਮਾਂ ਦੀ ਮੰਚ ਉੱਤੇ ਹਾਜ਼ਰੀ ਅਤੇ ਉਨ੍ਹਾਂ ਦੁਆਰਾ ਇਕੱਠ ਨੂੰ ਸੰਬੋਧਨ ਕੀਤਾ ਜਾਣਾ ਹੈ।' ਪੰਜਾਬ ਦੇ ਲੈਫਟੀਨੈਂਟ ਗਵਰਨਰ ਸਰ ਮਾਈਕਲ ਓ'ਡਵਾਇਰ ਆਪਣੀ ਪੁਸਤਕ 'ਇੰਡੀਆ ਐਜ਼ ਆਈ ਨੀਊ ਇਟ' ਵਿੱਚ ਦੱਸਦਾ ਹੈ ਕਿ '1919 ਦੀ ਸ਼ਾਹੀ ਮੁਆਫ਼ੀ ਵਿੱਚ ਬਾਗ਼ੀਆਂ ਨੂੰ ਰਿਹਾਅ ਕੀਤਾ ਗਿਆ ਤਾਂ ਗ਼ਦਰੀਆਂ ਵਿੱਚੋਂ ਕਈਆਂ ਨੇ ਸਿਰ ਚੁੱਕਣਾ ਸ਼ੁਰੂ ਕਰ ਦਿੱਤਾ। ਇਹ ਆਮ ਮੰਨਿਆ ਜਾਂਦਾ ਹੈ ਕਿ ਇਹ ਲੋਕ ਅਕਾਲੀ ਸਿੱਖਾਂ ਦੀ ਨਵੀਂ ਇਨਕਲਾਬੀ ਲਹਿਰ ਦੇ ਜਨਮਦਾਤੇ ਹਨ ਤੇ ਬੱਬਰ ਅਕਾਲੀਆਂ ਦੇ ਉੱਘੇ ਮੈਂਬਰ ਹਨ।'

ਇਸ ਤੋਂ ਪਹਿਲਾਂ ਕਿ ਸਿੱਖ ਆਗੂ ਭਵਿੱਖੀ ਕਾਰਵਾਈ ਦੀ ਰੂਪ ਰੇਖਾ ਉਲੀਕਣ ਲਈ ਸਿਰ ਜੋੜ ਕੇ ਬੈਠਦੇ, 12 ਅਕਤੂਬਰ 1920 ਨੂੰ ਅਚਾਨਕ ਵਾਪਰੀ ਇੱਕ ਘਟਨਾ ਨੇ ਅਗਲੀ ਕਾਰਵਾਈ ਲਈ ਰਾਹ ਪੱਧਰਾ ਕਰ ਦਿੱਤਾ। ਇਸ ਦਿਨ 'ਖ਼ਾਲਸਾ ਬਰਾਦਰੀ ਕਾਰਜ ਸਾਧਕ ਦਲ' ਵੱਲੋਂ ਅਖੌਤੀ ਅਛੂਤ ਜਾਤੀ ਦੇ ਵਿਅਕਤੀਆਂ ਨੂੰ ਜਲ੍ਹਿਆਂਵਾਲਾ ਬਾਗ਼ ਵਿੱਚ ਅੰਮ੍ਰਿਤ ਛਕਾ ਕੇ ਦਰਬਾਰ ਸਾਹਿਬ ਕੜਾਹ ਪਰਸ਼ਾਦ ਭੇਟ ਕਰਨ ਲਈ ਲਿਆਉਣ ਮੌਕੇ ਪੁਜਾਰੀਆਂ ਵੱਲੋਂ ਵਿਖਾਈ ਅਸਹਿਯੋਗ ਦੀ ਭਾਵਨਾ ਸ਼੍ਰੋਮਣੀ ਕਮੇਟੀ ਦੇ ਗਠਨ ਦਾ ਕਾਰਨ ਬਣੀ। ਗੁਰਦੁਆਰਿਆਂ ਦੀ ਸੇਵਾ ਸੰਭਾਲ ਲਈ ਗਠਿਤ ਇਸ ਕਮੇਟੀ ਦੇ ਹੋਂਦ ਵਿੱਚ ਆਉਣ ਤੋਂ ਇੱਕ ਮਹੀਨਾ ਪਿੱਛੋਂ ਨਵੰਬਰ 1920 ਵਿੱਚ ਸਿੱਖ ਸੰਗਤ ਨੂੰ ਰਾਜਨੀਤਕ ਖੇਤਰ ਵਿੱਚ ਅਗਵਾਈ ਦੇਣ ਲਈ ਸ਼੍ਰੋਮਣੀ ਅਕਾਲੀ ਦਲ ਦੀ ਸਥਾਪਨਾ ਕੀਤੀ ਗਈ। ਅਸਲ ਵਿੱਚ ਪੰਜਾਬ ਭਰ ਵਿੱਚ ਸਥਾਨਕ ਪੱਧਰ ਉੱਤੇ ਅਕਾਲੀ ਜਥੇ ਪਹਿਲਾਂ ਹੀ ਕਾਰਜਸ਼ੀਲ ਸਨ। ਪੰਜਾਬ ਸਰਕਾਰ ਦੇ ਖ਼ੁਫ਼ੀਆ ਮਹਿਕਮੇ ਵੱਲੋਂ ਤਿਆਰ ਕੀਤੀ ਇੱਕ ਰਿਪੋਰਟ 'ਅਕਾਲੀ ਦਲ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ' ਦੇ ਪੈਰ੍ਹਾ 26 ਵਿੱਚ ਦੱਸਿਆ ਗਿਆ ਹੈ ਕਿ 1920 ਦੀਆਂ ਗਰਮੀਆਂ ਵਿੱਚ ਲੰਮੀਆਂ ਕਿਰਪਾਨਾਂ ਪਹਿਨੀ ਅਤੇ ਗੂੜ੍ਹੀਆਂ ਨੀਲੀਆਂ ਜਾਂ ਕਾਲੀਆਂ ਪੱਗਾਂ ਵਾਲੇ ਅਕਾਲੀ ਦਿਖਾਈ ਦੇਣੇ ਸ਼ੁਰੂ ਹੋਏ। ਹੌਲੀ ਹੌਲੀ ਉਨ੍ਹਾਂ ਦੀ ਗਿਣਤੀ ਵਧਣ ਲੱਗੀ ਅਤੇ ਉਨ੍ਹਾਂ ਦੀ ਕਿਰਪਾਨ ਦਾ ਆਕਾਰ ਵੀ। ਸੈਂਟਰਲ ਅਕਾਲੀ ਦਲ, ਜੋ ਪਿੱਛੋਂ ਸ਼੍ਰੋਮਣੀ ਅਕਾਲੀ ਦਲ ਵਜੋਂ ਜਾਣਿਆ ਗਿਆ, ਦਾ ਗਠਨ ਇਨ੍ਹਾਂ ਅਕਾਲੀ ਜਥਿਆਂ ਨੂੰ ਇੱਕ ਲੜੀ ਵਿੱਚ ਪਰੋਣ ਦਾ ਕਾਰਜਮਾਤਰ ਸੀ। ਜਿਉਂ ਹੀ ਸਿੱਖ ਸਮੂਹ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਸ਼੍ਰੋਮਣੀ ਅਕਾਲੀ ਦਲ ਦੇ ਝੰਡੇ ਹੇਠ ਸੰਗਠਿਤ ਹੋਇਆ, ਇਹ ਗ਼ਦਰੀ ਆਪਣੇ ਨਿਸ਼ਾਨੇ ਦੀ ਪੂਰਤੀ ਲਈ ਇਨ੍ਹਾਂ ਨਵੀਆਂ ਜਥੇਬੰਦੀਆਂ ਨੂੰ ਵਧੇਰੇ ਢੁੱਕਵੀਆਂ ਮੰਨਦਿਆਂ ਇਨ੍ਹਾਂ ਵਿੱਚ ਸ਼ਾਮਲ ਹੋ ਕੇ ਅਕਾਲੀ ਲਹਿਰ ਨੂੰ ਅੰਗਰੇਜ਼ਾਂ ਦੀ ਗ਼ੁਲਾਮੀ ਤੋਂ ਮੁਕਤੀ ਪ੍ਰਾਪਤ ਕਰਨ ਦੇ ਨਿਸ਼ਾਨੇ ਵੱਲ ਸੇਧਿਤ ਕਰਨ ਲਈ ਯਤਨਸ਼ੀਲ ਹੋ ਗਏ, ਜਿਸ ਵਿੱਚ ਉਨ੍ਹਾਂ ਨੂੰ ਸਫ਼ਲਤਾ ਵੀ ਮਿਲੀ। ਪੰਜਾਬ ਸਰਕਾਰ ਦੇ ਖ਼ੁਫ਼ੀਆ ਮਹਿਕਮੇ ਦੀ ਰਿਪੋਰਟ 'ਸਿੱਖ ਐਜੀਟੇਸ਼ਨ (1911 - 21)' ਦੇ ਪੂਰਕ ਨੋਟ ਵਿੱਚ ਸੁਪਰਡੈਂਟ ਪੁਲੀਸ, ਅੰਮ੍ਰਿਤਸਰ ਵੱਲੋਂ 5 ਫਰਵਰੀ 1921 ਨੂੰ ਲਿਖੀ ਡਾਇਰੀ ਦੇ ਹਵਾਲੇ ਨਾਲ ਕਿਹਾ ਗਿਆ ਹੈ ਕਿ ਇਨ੍ਹਾਂ ਅਕਾਲੀ ਜਥਿਆਂ ਵਿੱਚ ਸਿੱਖ ਸਮਾਜ ਦੇ ਹੋਰ ਵਰਗਾਂ ਸਮੇਤ ਵਿਦੇਸ਼ਾਂ ਤੋਂ ਪਰਤੇ ਸਿੱਖ ਵੀ ਸ਼ਾਮਲ ਹਨ। ਜਥੇਬੰਦੀ ਦੀ ਸਥਾਪਨਾ ਹੋਣ ਪਿੱਛੋਂ ਮੁੱਖ ਦਫ਼ਤਰ ਅੰਮ੍ਰਿਤਸਰ ਵਿੱਚ ਖੁੱਲ੍ਹਿਆ ਤਾਂ ਹੇਠਲੇ ਪੱਧਰ ਉੱਤੇ ਸਰਗਰਮ ਗ਼ਦਰੀ ਆਗੂ ਅੰਮ੍ਰਿਤਸਰ ਆ ਗਏ ਅਤੇ ਇੰਜ ਗ਼ਦਰ ਪਾਰਟੀ ਦੇ ਝੰਡੇ ਹੇਠ ਵਿਦੇਸ਼ਾਂ ਤੋਂ ਪਰਤੇ ਦੇਸ਼ਭਗਤਾਂ ਨੂੰ ਮੁੜ ਇਕੱਠੇ ਹੋਣ ਦਾ ਅਵਸਰ ਮਿਲ ਗਿਆ।

1921 ਵਾਲੇ 'ਸਿੱਖ ਸਾਜ਼ਿਸ਼ ਮੁਕੱਦਮੇ' ਬਾਰੇ ਪੰਜਾਬ ਸਰਕਾਰ ਦੁਆਰਾ ਤਿਆਰ ਕੀਤੇ ਨੋਟ ਵਿੱਚ ਸਪਸ਼ਟ ਲਿਖਿਆ ਗਿਆ ਹੈ, 'ਅੰਮ੍ਰਿਤਸਰ ਨੂੰ ਸਦਰ ਮੁਕਾਮ ਬਣਾ ਕੇ ਹੋਈ ਅਕਾਲੀ ਦਲ ਦੀ ਸਥਾਪਨਾ ਨੇ ਵਿਦੇਸ਼ਾਂ ਤੋਂ ਪਰਤੇ ਕਿੰਨੇ ਹੀ ਵਿਅਕਤੀਆਂ ਨੂੰ ਇਕੱਠੇ ਕਰ ਦਿੱਤਾ।' ਬਰਤਾਨਵੀ ਹਿੰਦੁਸਤਾਨ ਸਰਕਾਰ ਦੇ ਖ਼ੁਫ਼ੀਆ ਵਿਭਾਗ ਵੱਲੋਂ ਅਕਾਲੀ ਦਲ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ 1921-22 ਦੀਆਂ ਗਤੀਵਿਧੀਆਂ ਬਾਰੇ ਤਿਆਰ ਕੀਤੇ ਗੁਪਤ ਮੈਮੋਰੰਡਮ ਵਿੱਚ ਵੀ ਇਹੋ ਗੱਲਾਂ ਦੁਹਰਾਈਆਂ ਗਈਆਂ ਹਨ। ਮੈਮੋਰੰਡਮ ਦੇ ਪੰਜਵੇਂ ਪੈਰੇ ਵਿੱਚ ਲਿਖਿਆ ਹੈ, 'ਕੱਟੜ ਅਕਾਲੀਆਂ ਦੁਆਰਾ ਘੜੀ ਅਤੇ ਅਮਲ ਵਿੱਚ ਲਿਆਂਦੀ ਸਾਜ਼ਿਸ਼ ਤੋਂ ਸੰਕੇਤ ਮਿਲਦਾ ਹੈ ਕਿ ਇਨਕਲਾਬੀ ਸੋਚ ਅਤੇ ਜੋਸ਼ੀਲੇ ਸਿੱਖ ਪ੍ਰਚਾਰ ਵਿੱਚ ਵੰਡ ਦੀ ਲਕੀਰ ਕਿੰਨੀ ਪੇਤਲੀ ਹੈ। ਅਕਾਲੀ ਲਹਿਰ ਦਾ ਸਭ ਤੋਂ ਵੱਡਾ ਖ਼ਤਰਾ ਇਸ ਦੀ ਵਿਦੇਸ਼ੋਂ ਪਰਤੇ ਉਨ੍ਹਾਂ ਪਰਵਾਸੀਆਂ ਪ੍ਰਤੀ ਅਪੀਲ ਹੈ, ਜਿਹੜੇ ਪਿਛਲੇਰੇ ਸਾਲਾਂ ਵਿੱਚ ਭਾਵੇਂ ਦਿਖਾਵੇ ਵਜੋਂ ਗ਼ਦਰ ਲਹਿਰ ਪ੍ਰਤੀ ਖ਼ਾਮੋਸ਼ ਰਹੇ ਪਰ ਉਹ ਸਥਾਨਕ ਸਰਕਾਰ ਦੇ ਸ਼ਾਂਤਮਈ ਵਿਕਾਸ ਲਈ ਸਭ ਤੋਂ ਵੱਡਾ ਖ਼ਤਰਾ ਹਨ।' ਜਦੋਂ ਅਕਾਲੀ ਸੰਘਰਸ਼ ਦੇ ਫ਼ਲਸਰੂਪ 1925 ਵਿੱਚ ਗੁਰਦੁਆਰਾ ਐਕਟ ਬਣ ਗਿਆ ਤਾਂ ਬਹੁਗਿਣਤੀ ਅਕਾਲੀ ਆਗੂਆਂ ਨੇ ਆਪਣਾ ਧਿਆਨ ਗੁਰਦੁਆਰਾ ਪ੍ਰਬੰਧ ਉੱਤੇ ਕੇਂਦਰਿਤ ਕਰ ਲਿਆ ਪਰ ਅਕਾਲੀ ਦਲ ਦੀ ਸਥਾਪਨਾ ਦੇ ਪੜਾਅ ਉੱਤੇ ਇਸ ਦੀਆਂ ਨੀਤੀਆਂ ਘੜਨ 'ਚ ਵਰਣਨਯੋਗ ਯੋਗਦਾਨ ਵਾਲੇ ਲਗਪਗ ਦੋ ਦਰਜਨ ਗ਼ਦਰੀ ਇੱਥੇ ਨਹੀਂ ਰੁਕੇ, ਸਗੋਂ ਕਿਰਤੀ ਕਿਸਾਨਾਂ ਨੂੰ ਜਥੇਬੰਦ ਕਰਨ ਦੇ ਰਾਹ ਪੈ ਗਏ।

# ਪੰਜਾਬ ਵਿਚ ਦਲਿਤਾਂ ਦੇ ਮਨੁੱਖੀ ਅਧਿਕਾਰ ਤੇ ਦੁਖਾਂਤ

**-ਗੁਰਤੇਜ ਸਿੰਘ**



ਹੁਣ ਜਦੋਂ ਅਸੀਂ ਗੁਰੂ ਨਾਨਕ ਸਾਹਿਬ ਦਾ 550 ਵਾਂ ਪ੍ਰਕਾਸ਼ ਪੁਰਬ ਮਨਾ ਕੇ ਹਟੇ ਹਾਂ, ਉਨ੍ਹਾਂ ਦੀ ਵਿਚਾਰਧਾਰਾ, ਸਾਂਝੀਵਾਲਤਾ ਅਤੇ ਸਭ ਦੇ ਬਰਾਬਰ ਹੋਣ ਦੇ ਸੁਨੇਹੇ ਨੂੰ ਸਾਰੀ ਦੁਨੀਆ ਤੱਕ ਪਹੁੰਚਾਉਣ ਲਈ ਅੱਡੀ ਚੋਟੀ ਦਾ ਜ਼ੋਰ ਲਗਾਇਆ ਹੋਇਆ ਹੈ, ਜੋ ਚੰਗੀ ਪਹਿਲਕਦਮੀ ਹੈ। ਇਸ ਦੇ ਨਾਲ ਹੀ ਕਰਤਾਰਪੁਰ ਲਾਂਘੇ ਦੀ ਸਾਨੂੰ ਬਹੁਤ ਜ਼ਿਆਦਾ ਖੁਸ਼ੀ ਹੈ। ਉਨ੍ਹਾਂ ਦਿਨਾਂ 'ਚ ਹੀ ਗੁਰੂਆਂ ਦੀ ਧਰਤੀ ਪੰਜਾਬ ਦੇ ਸੰਗਰੂਰ ਜ਼ਿਲ੍ਹੇ ਦੇ ਪਿੰਡ ਚੰਗਾਲੀਵਾਲਾ 'ਚ 7 ਨਵੰਬਰ, 2019 ਦੀ ਸ਼ਾਮ ਨੂੰ ਅਖੌਤੀ ਉੱਚੀ ਜਾਤ ਦੇ ਲੋਕਾਂ ਵਲੋਂ ਨਿਹੱਥੇ ਦਲਿਤ ਨੌਜਵਾਨ ਦੀ ਜਬਰੀ ਬੰਨ੍ਹ ਕੇ ਵਹਿਸ਼ੀਆਨਾ ਤਰੀਕੇ ਨਾਲ ਮਾਰ ਕੁਟਾਈ ਕੀਤੀ ਜਾਂਦੀ ਹੈ, ਉਸ ਦੀਆਂ ਲੱਤਾਂ 'ਤੇ ਤੇਜ਼ਾਬ ਪਾਇਆ ਜਾਂਦਾ ਹੈ ਅਤੇ ਪੀਣ ਲਈ ਪਾਣੀ ਮੰਗਣ 'ਤੇ ਮਨੁੱਖੀ ਪਿਸ਼ਾਬ ਤੱਕ ਪਿਲਾਇਆ ਜਾਦਾ ਹੈ। ਗੰਭੀਰ ਹਾਲਤ 'ਚ ਉਹ ਦਲਿਤ ਨੌਜਵਾਨ ਪੀ.ਜੀ.ਆਈ. ਚੰਡੀਗੜ੍ਹ ਦਾਖ਼ਲ ਕਰਵਾਇਆ ਜਾਂਦਾ ਹੈ ਜਿੱਥੇ ਉਸ ਦੀ ਹਾਲਤ ਨੂੰ ਦੇਖਦੇ ਹੋਏ ਡਾਕਟਰਾਂ ਨੂੰ ਉਸ ਦੀਆਂ ਲੱਤਾਂ ਕੱਟਣ ਲਈ ਮਜਬੂਰ ਹੋਣਾ ਪੈਂਦਾ ਹੈ ਤੇ ਆਖ਼ਰ ਉਸ ਦੀ ਮੌਤ ਹੋ ਜਾਂਦੀ ਹੈ। ਇਸ ਘਟਨਾ ਨੇ ਮਾਨਸਾ ਜ਼ਿਲ੍ਹੇ ਦੇ ਪਿੰਡ ਬੁਰਜ ਝੱਬਰ ਦੇ ਸਿਰੜੀ ਦਲਿਤ ਬੰਤ ਸਿੰਘ ਝੱਬਰ ਦੀ ਕਹਾਣੀ ਨੂੰ ਤਰੋ-ਤਾਜ਼ਾ ਕਰ ਦਿੱਤਾ ਹੈ। 7 ਜਨਵਰੀ, 2006 ਨੂੰ ਉਸ 'ਤੇ ਜਾਨਲੇਵਾ ਹਮਲਾ ਹੋਇਆ ਸੀ ਅਤੇ ਉਸ ਦੀ ਜਾਨ ਬਚਾਉਣ ਹਿਤ ਉਸ ਦੀਆਂ ਲੱਤਾਂ ਕੱਟਣੀਆਂ ਪਈਆਂ ਸਨ। ਦਰਅਸਲ ਪਿੰਡ ਦੇ ਜਾਤ ਦੇ ਹੰਕਾਰੀ ਲੋਕਾਂ ਨੇ ਉਸ ਦੀ ਧੀ ਨਾਲ ਜਬਰ ਜਨਾਹ ਕੀਤਾ ਸੀ। ਉਨ੍ਹਾਂ ਖਿਲਾਫ ਆਵਾਜ਼ ਬੁਲੰਦ ਕਰਨ ਕਾਰਨ ਉਸ ਨੂੰ ਜਾਨੋ ਮਾਰਨ ਦੀ ਕੋਸ਼ਿਸ਼ ਕੀਤੀ ਗਈ ਸੀ। ਉਸੇ ਸੰਗਰੂਰ ਦਾ ਮਾਣ ਕਹੇ ਜਾਦੇ ਜੋ ਸੰਸਦ 'ਚ ਆਪਣੀ ਗੂੰਜਦੀ ਆਵਾਜ਼ ਲਈ ਮਸ਼ਹੂਰ, ਆਮ ਆਦਮੀ ਪਾਰਟੀ ਦੇ ਨੇਤਾ ਭਗਵੰਤ ਮਾਨ ਦਾ ਅਜਿਹੇ ਘਿਨਾਉਣੇ ਕਾਰਜਾਂ 'ਤੇ ਸਦਾ ਚੁੱਪ ਰਹਿਣਾ ਉਸ ਦੀ ਜੱਟਵਾਦ ਬਿਰਤੀ ਨੂੰ ਉਜਾਗਰ ਕਰਦਾ ਹੈ, ਹੁਣ ਪਹਿਲੀ ਵਾਰ ਉਸ ਨੇ ਚੁੱਪੀ ਤੋੜਨ ਦਾ ਕਸ਼ਟ ਕੀਤਾ ਹੈ ਅਤੇ ਇਸ ਮੰਦਭਾਗੀ ਘਟਨਾ ਨੂੰ ਸੰਸਦ 'ਚ ਉਠਾਇਆ ਹੈ। ਮੀਡੀਆ ਅਤੇ ਰਾਜਨੀਤਕ ਲੋਕਾਂ ਨੂੰ ਜਿਵੇਂ ਉਸ ਦੇ ਮਰਨ ਦਾ ਹੀ ਇੰਤਜ਼ਾਰ ਸੀ। ਉਸ ਤੋਂ ਬਾਅਦ ਹੀ ਸਭ ਹਰਕਤ 'ਚ ਆਏ ਹਨ। ਪਹਿਲਾਂ ਲਗਪਗ ਸਾਰੇ ਕੁੰਭਕਰਨੀ ਨੀਦ ਸੁੱਤੇ ਹੋਏ ਸਨ ਖ਼ਾਸ ਕਰਕੇ ਦਲਿਤ ਨੇਤਾਵਾਂ ਅਤੇ ਅਫ਼ਸਰਸ਼ਾਹੀ ਦੀ ਜ਼ਬਾਨ ਨੂੰ ਤਾਂ ਮੰਨੋ ਲਕਵਾ ਹੀ ਮਾਰ ਗਿਆ ਹੋਵੇ। ਕੌਮੀ ਅਪਰਾਧ ਰਿਕਾਰਡ ਬਿਊਰੋ ਦੇ ਸੰਨ 2014 ਦੇ ਅੰਕੜਿਆਂ ਅਨੁਸਾਰ ਦੇਸ਼ ਅੰਦਰ ਦਲਿਤਾਂ ਦੇ ਖਿਲਾਫ਼ 47064 ਅਪਰਾਧਿਕ ਘਟਨਾਵਾਂ ਹੋਈਆਂ। ਔਸਤਨ ਪ੍ਰਤੀ ਘੰਟੇ 'ਚ ਪੰਜ ਦਲਿਤਾਂ ਦੇ ਖਿਲਾਫ਼ ਅਪਰਾਧ ਹੋਏ, ਪ੍ਰਤੀ ਦਿਨ ਦੋ ਦਲਿਤਾਂ ਦੀ ਹੱਤਿਆ ਹੋਈ ਅਤੇ ਹਰ ਰੋਜ਼ ਛੇ ਦਲਿਤ ਔਰਤਾਂ ਜਬਰ-ਜਨਾਹ ਦੀਆਂ ਸ਼ਿਕਾਰ ਹੋਈਆਂ। ਸੰਨ 2004-13 ਤੱਕ ਦੇਸ਼ 'ਚ 6490 ਦਲਿਤਾਂ ਦੀਆਂ ਹੱਤਿਆਵਾਂ ਹੋਈਆਂ ਅਤੇ 14253 ਦਲਿਤ ਔਰਤਾਂ ਨਾਲ ਜਬਰ-ਜਨਾਹ ਹੋਇਆ। ਸਭ ਤੋਂ ਆਧੁਨਿਕ ਧਰਮ ਕਹੇ ਜਾਣ ਵਾਲੇ ਸਿੱਖ ਧਰਮ ਜਿਸ ਨੇ ਜਾਤਪਾਤ ਨੂੰ ਮੁੱਢੋਂ ਹੀ ਖਾਰਜ ਕੀਤਾ ਹੈ ਅਤੇ ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸਾ ਸਾਜ ਕੇ ਸਭ ਸਿੱਖਾਂ ਨੂੰ ਬਰਾਬਰ ਕੀਤਾ ਸੀ ਅਫ਼ਸੋਸ ਦੀ ਗੱਲ ਹੈ ਕਿ ਉਸ ਵਿਚ ਵੀ ਜਾਤਪਾਤ,ਛੂਤਛਾਤ ਜ਼ੋਰਾਂ 'ਤੇ ਹੈ। ਇਸ ਵਿੱਚ 23 ਫ਼ੀਸਦੀ ਲੋਕ ਛੂਤਛਾਤ ਦੇ ਸ਼ਿਕਾਰ ਹਨ ਜੋ ਸਭ ਤੋਂ ਸ਼ਰਮਨਾਕ ਹੈ। ਇਸ ਗੱਲ ਦੀ ਗਵਾਹੀ ਪਿਛਲੇ ਵਰ੍ਹੇ ਵਾਪਰੀ ਸ਼ਰਮਨਾਕ ਘਟਨਾ ਹੈ ਕਿ ਤਖ਼ਤ ਸ੍ਰੀ ਦਮਦਮਾ ਸਾਹਿਬ ਵਿਖੇ ਮਜ਼੍ਹਬੀ ਸਿੱਖ ਭਾਈਚਾਰੇ ਨਾਲ ਸਬੰਧਿਤ ਵਿਅਕਤੀ ਨੂੰ ਅੰਮ੍ਰਿਤ ਛਕਾਉਣ ਲਈ ਅਲੱਗ ਬਰਤਨ ਲਿਆਉਣ ਦੇ ਨਾਲ-ਨਾਲ ਉਨ੍ਹਾਂ ਲਈ ਪੰਜ ਪਿਆਰਿਆਂ ਵਲੋਂ ਜਾਤੀਸੂਚਕ ਸ਼ਬਦਾਂ ਦਾ ਪ੍ਰਯੋਗ ਕੀਤਾ ਗਿਆ ਸੀ। ਪਿਛਲੇ ਦਿਨੀ ਜਸਟਿਸ ਕਾਟਜੂ ਨੇ ਵੀ ਇਸ ਮੁੱਦੇ 'ਤੇ ਗੰਭੀਰ ਚਿੰਤਾ ਜਤਾਈ ਸੀ ਕਿ ਮਜ਼੍ਹਬੀ ਸਿੱਖਾਂ ਨਾਲ ਹਰ ਜਗ੍ਹਾ ਵਿਤਕਰਾ ਕਿਉਂ ਹੋ ਰਿਹਾ ਹੈ ਜਦ ਕਿ ਗੁਰੂ ਗੋਬਿੰਦ ਸਿੰਘ ਨੇ ਤਾਂ ਸਿੱਖ ਸਾਜ ਕੇ ਸਭ ਨੂੰ ਬਰਾਬਰ ਦਾ ਹੱਕ ਦਿੱਤਾ ਸੀ ਤੇ ਫਿਰ ਆਹ ਕੁਝ ਕਿਉਂ ਵਾਪਰ ਰਿਹਾ ਹੈ। ਸੰਨ 2014 ਦੇ ਇਕ ਸਰਵੇਖਣ ਅਨੁਸਾਰ ਦੇਸ਼ ਦੀ 27 ਫ਼ੀਸਦੀ ਅਬਾਦੀ ਅਜੇ ਵੀ ਛੂਤਛਾਤ ਤੋਂ ਪੀੜਤ ਹੈ ਜਿਸ ਕਰਕੇ ਉਨ੍ਹਾਂ ਨਾਲ ਮਾੜਾ ਵਿਹਾਰ ਕੀਤਾ ਜਾਂਦਾ ਹੈ। ਪੂਰੇ ਦੇਸ਼ ਅੰਦਰ 52 ਫ਼ੀਸਦੀ ਲੋਕਾਂ ਦੁਆਰਾ ਛੂਤਛਾਤ ਕੀਤੀ ਜਾਂਦੀ ਹੈ। ਮੱਧ ਪ੍ਰਦੇਸ਼ ਵਿਚ ਸਭ ਤੋਂ ਜ਼ਿਆਦਾ ਛੂਤਛਾਤ ਪਾਈ ਗਈ ਹੈ ਇਸ ਤੋਂ ਬਾਅਦ ਹਿਮਾਚਲ ਪ੍ਰਦੇਸ਼, ਛੱਤੀਸਗੜ੍ਹ, ਰਾਜਸਥਾਨ, ਉੱਤਰ ਪ੍ਰਦੇਸ਼ ਆਦਿ ਰਾਜ ਆਉਂਦੇ ਹਨ। ਮੱਧ ਪ੍ਰਦੇਸ਼ 'ਚ ਅਜੇ ਵੀ ਦਲਿਤਾਂ ਨੂੰ ਜਨਤਕ ਥਾਵਾਂ 'ਤੇ ਭੋਜਨ ਪਾਣੀ ਨੂੰ ਛੂਹਣ ਦਾ ਹੱਕ ਨਹੀ ਹੈ ਅਤੇ 80 ਫ਼ੀਸਦੀ ਪਿੰਡਾਂ 'ਚ ਅਜੇ ਵੀ ਅਛੂਤਾਂ ਨੂੰ ਮੰਦਰਾਂ 'ਚ ਜਾਣ ਦੀ ਆਗਿਆ ਨਹੀਂ ਹੈ। ਸਾਡੇ ਦੇਸ਼ ਵਿਚ ਹਿੰਦੂਆਂ ਤੋਂ ਬਿਨਾਂ ਮੁਸਲਮਾਨਾਂ 'ਚ 18 ਫ਼ੀਸਦੀ ਅਤੇ ਈਸਾਈਆਂ 'ਚ 5 ਫ਼ੀਸਦੀ ਲੋਕ ਛੂਤਛਾਤ ਦੇ ਸ਼ਿਕਾਰ ਹਨ। ਇਸੇ ਕਰਕੇ ਤਾਂ ਪਿਛਲੇ ਦਿਨੀਂ ਗੁਜਰਾਤ ਦੇ ਅਹਿਮਦਾਬਾਦ 'ਚ 200 ਦਲਿਤਾਂ ਨੇ ਬੁੱਧ ਧਰਮ ਅਪਣਾ ਲਿਆ ਹੈ ਅਤੇ ਨਾਗਪੁਰ 'ਚ ਵੀ 100 ਦਲਿਤਾਂ ਨੇ ਆਪਣਾ ਧਰਮ ਪਰਿਵਰਤਨ ਕੀਤਾ ਹੈ। ਇਸੇ ਤਰ੍ਹਾਂ ਸਹਾਰਨਪੁਰ ਜ਼ਿਲ੍ਹੇ ਦੇ ਤਿੰਨ ਪਿੰਡਾਂ ਕਪੁਰਪੁਰ, ਇਗਰੀ ਅਤੇ ਰੂਪੜੀ ਦੇ 180 ਪਰਿਵਾਰਾਂ ਨੇ ਹਿੰਦੂ ਧਰਮ ਨਾਲ ਸਬੰਧਿਤ ਧਾਰਮਿਕ ਚਿੰਨ੍ਹਾਂ ਨੂੰ ਜਲ ਪ੍ਰਵਾਹਿਤ ਕਰਕੇ ਬੁੱਧ ਧਰਮ ਅਪਣਾਉਣ ਦਾ ਫ਼ੈਸਲਾ ਕੀਤਾ। ਉਨ੍ਹਾਂ ਦੇ ਇਸ ਫ਼ੈਸਲੇ ਨੂੰ ਬਦਲਾਉਣ ਲਈ ਕਈ ਜਗ੍ਹਾ ਕੁਝ ਲੋਕਾਂ ਨੇ ਨਾਕਾਮ ਕੋਸ਼ਿਸ਼ ਵੀ ਕੀਤੀ ਹੈ। ਦਲਿਤ ਸੰਦਰਭ 'ਚ ਮੀਡੀਆ ਦੇ ਇਕ ਵੱਡੇ ਹਿੱਸੇ ਦੀ ਭੂਮਿਕਾ ਬਾਰੇ ਵੀ ਦੇਸ਼ ਲਗਦੇ ਹਨ ਕਿ ਉਸ ਨੇ ਦਲਿਤਾਂ ਦੇ ਮੁੱਦੇ 'ਤੇ ਕਦੇ ਵੀ ਸੰਜੀਦਗੀ ਨਹੀਂ ਦਿਖਾਈ। ਦਲਿਤਾਂ ਦੇ ਮੁੱਦੇ ਅੱਖੋਂ ਪਰੋਖੇ ਕੀਤੇ ਜਾਂਦੇ ਹਨ ਜਿਸ ਦਾ ਕਾਰਨ ਮੀਡੀਆ 'ਚ ਦਲਿਤਾਂ ਦੀ ਭਾਗੀਦਾਰੀ ਨਾਂਅ ਦੇ ਬਰਾਬਰ ਹੋਣਾ ਮੰਨਿਆ ਜਾ ਸਕਦਾ ਹੈ। ਮੀਡੀਆ ਹਮੇਸ਼ਾ ਉਦੋਂ ਹੀ ਹਰਕਤ 'ਚ ਆਇਆ ਹੈ ਜਦ ਦਲਿਤ ਖ਼ੁਦਕੁਸ਼ੀਆਂ ਕਰਦੇ ਹਨ, ਉਨ੍ਹਾਂ ਦੇ ਘਰ ਜਲਾਏ ਜਾਦੇ ਹਨ

**ਬਾਕੀ ਸਫ਼ਾ 28 'ਤੇ**

## *ਪਾਠਕਾਂ ਦੀ ਸੱਥ*

# ਗਾਥਾ 5 ਲੱਖ ਡਾਲਰ ਦੀ

**ਸਰਵਜੀਤ ਸਿੰਘ ਸੈਕਰਾਮੈਂਟੋ**

ਪਾਠਕਾਂ ਦੀ ਜਾਣਕਾਰੀ ਲਈ ਬੇਨਤੀ ਹੈ ਕਿ ਅਨੁਰਾਗ ਸਿੰਘ ਦੀਆਂ ਪੋਸਟਾਂ ਦੇ ਵਿਚ ਤੁਸੀਂ 5 ਲੱਖ ਡਾਲਰ ਦਾ ਜ਼ਿਕਰ ਬਹੁਤ ਵਾਰੀ ਪੜ੍ਹਿਆ ਹੋਵੇਗਾ। ਇਸ ਰਾਸ਼ੀ ਦੀ ਅਸਲੀਅਤ ਜਾਨਣ ਲਈ ਕਈ ਸੱਜਣਾਂ ਵਲੋਂ ਸੁਨੇਹੇ ਵੀ ਆਏ ਹਨ। ਇਸ ਸਬੰਧੀ ਬੇਨਤੀ ਹੈ ਕਿ ਸਿਆਟਲ ਵਿਖੇ 15 ਜੁਲਾਈ 2017 ਨੂੰ ਹੋਏ ਸੈਮੀਨਾਰ ਵਿੱਚ, ਮੇਰੇ ਵਲੋਂ ਕਰਨਲ ਸੁਰਜੀਤ ਸਿੰਘ ਨਿਸ਼ਾਨ ਵਲੋਂ ਰੱਖੇ ਗਏ 1 ਲੱਖ ਦੇ ਇਨਾਮ ਦੀ ਚੁਣੌਤੀ (ਗੁਰਪੁਰਬ ਦਰਪਣ ਪੰਨਾ 90) ਪ੍ਰਵਾਨ ਕਰ ਲੈਣ ਤੋਂ ਪਿਛੋਂ, ਸ. ਪਾਲ ਸਿੰਘ ਪੁਰੇਵਾਲ ਨੇ ਕਰਨਲ ਨਿਸ਼ਾਨ ਵੱਲੋਂ ਆਪਣੀ ਕਿਤਾਬ ਵਿਚ (ਪੰਨਾ 79) ਆਉਣ ਵਾਲੇ 85 ਸਾਲਾਂ ਦੀਆਂ (2015-2100) ਦਿਵਾਲੀ ਦੀਆਂ ਦਿੱਤੀਆਂ ਤਰੀਖਾਂ ਸਬੰਧੀ ਕਿਹਾ ਸੀ ਕਿ ਜੇ ਕਰਨਲ ਆਪਣੀਆਂ ਤਰੀਖਾਂ ਨੂੰ 100% ਸਹੀ ਸਾਬਿਤ ਕਰ ਦੇਵੇ ਤਾਂ ਮੇਰੇ ਵਲੋਂ 5 ਲੱਖ ਰੁਪਏ ਦਾ ਇਨਾਮ, 90% ਸਹੀ ਸਾਬਿਤ ਕਰਨ ਤੇ 4 ਲੱਖ ਦਾ ਇਨਾਮ, 80% ਤੇ 3 ਲੱਖ, 70% ਤੇ ਦੋ ਲੱਖ ਅਤੇ 60% ਤਾਰੀਖ਼ਾਂ ਸਹੀ ਸਾਬਿਤ ਕਰਨ ਤੇ 1 ਇਕ ਲੱਖ ਰੁਪਏ ਦਾ ਇਨਾਮ ਦਿੱਤਾ ਜਾਵੇਗਾ। ਇਸ ਤਰ੍ਹਾਂ ਉਤਸ਼ਿਹਤ ਹੋ ਕੇ ਸੈਮੀਨਾਰ ਦੇ ਪ੍ਰਬੰਧਕਾਂ ਨੇ ਇਸ ਇਨਾਮ ਦੀ ਰਾਸ਼ੀ 5 ਲੱਖ ਰੁਪਏ ਤੋਂ 5 ਲੱਖ ਡਾਲਰ ਦੀ ਕਰ ਦਿੱਤੀ ਸੀ। ਇਸ ਐਲਾਨ ਤੋਂ ਪਿਛੋਂ ਹੋਈ ਵਿਚਾਰ ਚਰਚਾ ਵਿਚ, ਇਹ ਫੈਸਲਾ ਕੀਤਾ ਗਿਆ ਸੀ ਕਿ ਇਹ ਐਲਾਨ 90 ਦਿਨਾਂ ਲਈ ਹੈ। ਇਹ ਮਿਆਦ ਖਤਮ ਹੋਣ ਤੋਂ ਕੁਝ ਦਿਨ ਪਹਿਲਾਂ ਮੈਂ ਕਰਨਲ ਨਿਸ਼ਾਨ ਨੂੰ ਯਾਦ ਵੀ ਕਰਵਾ ਦਿੱਤਾ ਸੀ ਕਿ ਇਨਾਮ ਦੀ ਮਿਆਦ 15 ਅਕਤੂਬਰ 2017 ਨੂੰ ਖਤਮ ਹੋ ਜਾਵੇਗੀ। 90 ਦਿਨਾਂ ਦੀ ਮਿਆਦ ਵਿਚ ਕਰਨਲ ਨਿਸ਼ਾਨ ਨੇ ਹੁੰਗਾਰਾ ਨਹੀਂ ਸੀ ਭਰਿਆ। ਇਸ ਤਰ੍ਹਾਂ ਪਾਠਕ ਵੇਖ ਸਕਦੇ ਹਨ ਕਿ ਨਾਨਕਸ਼ਾਹੀ ਕੈਲੰਡਰ ਦਾ ਪਿਛਲੇ 20 ਸਾਲ ਤੋਂ ਵਿਰੋਧ ਕਰਨ ਵਾਲੇ ਕਰਨਲ ਨਿਸ਼ਾਨ ਨੂੰ ਇਹ ਵੀ ਨਹੀਂ ਪਤਾ ਕਿ ਦਿਵਾਲੀ ਕਦੋਂ ਮਨਾਈ ਜਾਂਦੀ ਹੈ। ਇਸੇ ਸਾਲ ਉਨ੍ਹਾਂ ਵੱਲੋਂ ਲਿਖੀ ਗਈ ਤਾਰੀਖ (28 ਅਕਤੂਬਰ) ਗਲਤ ਸਾਬਿਤ ਹੋ ਚੁੱਕੀ ਹੈ। ਪਰ ਅਨੁਰਾਗ ਸਿੰਘ ਬਹੁਤ ਹੋ ਹੱਲਾ ਕਰ ਰਿਹਾ ਸੀ ਤਾਂ ਸਿਆਟਲ ਨਿਵਾਸੀ ਸ. ਸਤਪਾਲ ਸਿੰਘ ਪੁਰੇਵਾਲ ਨੇ ਅਨੁਰਾਗ ਸਿੰਘ ਨੂੰ ਫੋਨ ਕਰਕੇ ਕੁਝ ਸ਼ਰਤਾਂ ਤਹਿਤ ਕਿਸਮਤ ਅਜਮਾਉਣ ਲਈ ਸੱਦਾ ਦਿੱਤਾ ਸੀ। ਪਰ ਅਨੁਰਾਗ ਸਿੰਘ ਹੌਂਸਲਾ ਨਹੀਂ ਸੀ ਕਰ ਸਕਿਆ। ਡਾ. ( ?) ਅਨੁਰਾਗ ਸਿੰਘ 5 ਲੱਖ ਡਾਲਰ ਦੇ ਇਨਾਮ ਦੀ ਮਿਆਦ ਪੁੱਗਣ ਦੇ ਸਵਾ ਦੋ ਸਾਲ ਪਿਛੋਂ ਵੀ, ਆਪਣੀਆਂ ਲਿਖਤਾਂ ਵਿਚ ਵਾਰ-ਵਾਰ, 5 ਲੱਖ ਡਾਲਰ ਦਾ ਜਿਕਰ ਕਰਕੇ ਆਪਣੇ ਭਗਤਾਂ ਦਾ ਮਨੋਰੰਜਨ ਕਰ ਰਿਹਾ ਹੈ।

**ਸਾਡੇ ਬਾਬੇ ਆਖਦੇ ਸਨ, ਬਾਰਾਂ ਕੋਹਾਂ 'ਤੇ ਬੋਲੀਆਂ ਬਦਲ ਜਾਂਦੀਆਂ ਹਨ। ਉਹ ਇਹ ਵੀ ਆਖਦੇ ਸਨ, 'ਇਕ ਕੋਹ 'ਤੇ ਬਦਲੇ ਪਾਣੀ, ਚਾਰ ਕੋਹਾਂ 'ਤੇ ਬਦਲੇ ਵਾਣੀ।' ਮਾਲਵੇ ਦੇ ਕਿਸੇ ਖੇਤਰੀ ਸ਼ਬਦ ਨੂੰ ਸਾਡੇ ਮਾਝੇ ਵਾਲੇ ਬੁਰਾ ਮਨਾ ਸਕਦੇ ਹਨ। ਪੁਆਧ ਵਾਲਿਆਂ ਲਈ ਦੁਆਬੇ ਦਾ ਕੋਈ ਸ਼ਬਦ ਵਰਜਿਤ ਹੋ ਸਕਦਾ ਹੈ। ਜੇ ਇਕੋ ਪ੍ਰਾਂਤ ਵਿਚ ਬੋਲੀ ਦੀ ਆਂਚਲਿਕਤਾ ਵਿਚ ਏਨਾ ਵਖਰੇਵਾਂ ਹੈ ਤਾਂ ਸੋਚੋ ਪ੍ਰਾਂਤ ਤੋਂ ਦੂਜੇ ਪ੍ਰਾਂਤ ਵਿਚ ਤਾਂ ਅਰਥਾਂ ਦਾ ਅਨਰਥ ਹੋਣਾ ਸੁਭਾਵਿਕ ਹੈ।**

# ਚਾਰ ਕੋਹਾਂ 'ਤੇ ਬਦਲੇ ਵਾਣੀ



**ਬਲਦੇਵ ਸਿੰਘ (ਸੜਕਨਾਮਾ)**
ਸੰਪਰਕ: 98147-83069

ਸਾਡੇ ਬਾਬੇ ਆਖਦੇ ਸਨ, ਬਾਰਾਂ ਕੋਹਾਂ 'ਤੇ ਬੋਲੀਆਂ ਬਦਲ ਜਾਂਦੀਆਂ ਹਨ। ਉਹ ਇਹ ਵੀ ਆਖਦੇ ਸਨ, 'ਇਕ ਕੋਹ 'ਤੇ ਬਦਲੇ ਪਾਣੀ,



ਚਾਰ ਕੋਹਾਂ 'ਤੇ ਬਦਲੇ ਵਾਣੀ।' ਮਾਲਵੇ ਦੇ ਕਿਸੇ ਖੇਤਰੀ ਸ਼ਬਦ ਨੂੰ ਸਾਡੇ ਮਾਝੇ ਵਾਲੇ ਬੁਰਾ ਮਨਾ ਸਕਦੇ ਹਨ। ਪੁਆਧ ਵਾਲਿਆਂ ਲਈ ਦੁਆਬੇ ਦਾ ਕੋਈ ਸ਼ਬਦ ਵਰਜਿਤ ਹੋ ਸਕਦਾ ਹੈ। ਜੇ ਇਕੋ ਪ੍ਰਾਂਤ ਵਿਚ ਬੋਲੀ ਦੀ ਆਂਚਲਿਕਤਾ ਵਿਚ ਏਨਾ ਵਖਰੇਵਾਂ ਹੈ ਤਾਂ ਸੋਚੋ ਪ੍ਰਾਂਤ ਤੋਂ ਦੂਜੇ ਪ੍ਰਾਂਤ ਵਿਚ ਤਾਂ ਅਰਥਾਂ ਦਾ ਅਨਰਥ ਹੋਣਾ ਸੁਭਾਵਿਕ ਹੈ।

ਗੱਲ ਕਲਕੱਤਾ ਮਹਾਂਨਗਰ ਦੀ ਸ਼ੁਰੂ ਕਰਦੇ ਹਾਂ। ਜ਼ਿਲ੍ਹਾ ਮੋਗਾ ਦੇ ਇਕ ਪਿੰਡ ਤੋਂ ਘਰ ਦੇ ਕੰਮਾਂ ਤੋਂ ਤੇ ਪੜ੍ਹਾਈ ਤੋਂ ਡਰਦਾ ਇਕ ਪੇਂਡੂ ਕਲਕੱਤਾ ਗੱਡੀ ਸਿੱਖਣ ਆ ਗਿਆ। ਅਜੇ ਦੋ ਕੁ ਮਹੀਨੇ ਹੋਏ ਸਨ ਟਰੱਕ 'ਤੇ ਖਲਾਸੀਪੁਣ ਕਰਦਿਆਂ, ਬੰਗਲਾ ਬੋਲੀ ਦਾ ਉਹ ਊੜਾ ਆੜਾ ਵੀ ਨਹੀਂ ਸੀ ਸਮਝਦਾ। ਕੁਝ ਪੁਰਾਣੇ ਹੰਢੇ-ਵਰਤੇ ਸ਼ਾਤਰ ਡਰਾਈਵਰਾਂ ਨੇ ਉਸਦੀ ਰਹਿੰਦੀ-ਖੂੰਹਦੀ ਮੱਤ ਵੀ ਮਾਰੀ ਹੋਈ ਸੀ। ਕਦੇ ਕਹਿਣਾ, 'ਹੈੱਡ ਲਾਈਟਾਂ ਨੂੰ ਗਰੀਸ ਕਰ ਦਿੱਤਾ ਕਿ ਨਹੀਂ ? ਜਾਂ ਸਲਾਹ ਦੇਣੀ, 'ਕੰਜਰਾਂ ਮਾਲਕ ਦੇ ਆਉਣ ਤੋਂ ਪਹਿਲਾਂ-ਪਹਿਲਾਂ ਰੇਡੀਏਟਰ 'ਚ ਤੇਲ ਪਾਇਆ ਕਰ, ਗੱਡੀ ਗਰਮ ਨੀਂ ਹੁੰਦੀ, ਖਿਚਾਈ ਵੀ ਬਹੁਤ ਕਰੂ।'

ਮਾੜੇ ਬੰਦੇ ਦਾ ਤਾਂ ਡਰਾਈਵਰ ਭਾਈਚਾਰਾ ਇਉਂ ਬੁਰਾ ਹਾਲ ਕਰ ਦਿੰਦੇ ਜਿਵੇਂ ਬਹੁਤੇ ਦਿਓਰਾਂ 'ਚ ਭਰਜਾਈ ਦਾ ਹੁੰਦੈ। ਸਾਡਾ ਇਹ ਮੁੰਡਾ ਅਜੇ ਇਨ੍ਹਾਂ ਦਾ ਪੂਰਾ ਭੇਤੀ ਨਹੀਂ ਸੀ ਹੋਇਆ। ਮਾਲ ਗੁਹਾਟੀ ਦਾ ਲੋਡ ਸੀ। ਗੱਲ ਇਉਂ ਹੋਈ। ਰਾਤ ਵੇਲੇ ਨੋ ਐਂਟਰੀ ਖੁੱਲ੍ਹਣ ਤੋਂ ਬਾਅਦ ਅਜੇ ਉਨ੍ਹਾਂ ਸ਼ਾਮ ਬਾਜ਼ਾਰ ਪਾਰ ਕਰਕੇ ਏਅਰਪੋਰਟ ਰੋਡ 'ਤੇ ਗੱਡੀ ਚੜ੍ਹਾਈ ਹੀ ਸੀ, ਪਿਛਲੇ ਟਾਇਰ ਵਿਚੋਂ ਅਚਾਨਕ ਫਿਸ਼ੂ-ਫਿਸ਼ੂ ਦੀ ਆਵਾਜ਼ ਆਉਣ ਲੱਗੀ। 'ਓ ਤੇਰਾ ਭਲਾ ਹੋਜੇ।' ਕਹਿੰਦਿਆਂ ਡਰਾਈਵਰ ਨੇ ਸਾਈਡ ਕਰਕੇ ਗੱਡੀ ਰੋਕ ਲਈ। ਟਾਇਰ ਵਿਚ ਕੋਈ ਕਿੱਲ-ਪੱਤੀ ਲੱਗ ਗਈ ਸੀ।

ਨੇੜੇ ਹੀ ਪਿੱਛੇ ਟਾਇਰ ਪੰਚਰ ਲਾਉਣ ਵਾਲਿਆਂ ਦੀ ਦੁਕਾਨ ਸੀ। 'ਸਟਿਪਨੀ ਕਾਹਨੂੰ ਹੁਣੇ ਲਾਉਣੀ ਐ। ਪੈਂਚਰ ਈ ਲੁਆ ਲੈਂਦੇ ਆਂ। ਟਾਇਰ ਤਾਂ ਸਾਲਾ ਚੰਗਾ ਭਲਾ ਸੀ। ਕੋਹ ਨਾ ਚੱਲੀ ਬਾਬਾ ਤਿਹਾਈ ਕਿੱਥੇ, ਗੁਹਾਟੀ ਪਿਐ।' ਬੁੜ-ਬੁੜ ਕਰਦੇ ਡਰਾਈਵਰ ਨੇ ਪਹਿਲਾਂ ਚੱਕੇ ਦੇ ਨਟ ਢਿੱਲੇ ਕੀਤੇ, ਫਿਰ ਜੈੱਕ ਲਾਇਆ, ਨਾਲ ਹੀ ਉਹ ਮੁੰਡੇ ਨੂੰ ਸਮਝਾਉਂਦਾ ਰਿਹਾ। 'ਐਂ ਟਾਇਰਾਂ ਨੂੰ ਓਟੇ ਲਾਈਦੇ ਐ, ਇਉਂ ਜੈੱਕ ਲਾਈਦਾ ਹੈ। ਇਸ ਤਰ੍ਹਾਂ ਟਾਇਰ ਰਾਡ ਦੇ ਸਹਾਰੇ ਬਾਹਰ ਕੱਢ ਲਈਦਾ ਹੈ।'

ਟਾਇਰ ਖੋਲ੍ਹ ਕੇ ਉਸਨੇ ਮੁੰਡੇ ਨੂੰ ਹਦਾਇਤ ਕੀਤੀ। ਇੱਥੇ ਲੁਟੇਰਾ ਗਰੋਹ ਆਮ ਫਿਰਦੈ ਰਹਿੰਦੇ। ਗੱਡੀ ਨੂੰ ਲੌਕ ਕਰਕੇ ਉੱਪਰ ਹੁੱਡ ਵਿਚ ਚੜ੍ਹ ਕੇ ਬਹਿ ਜਾਈਂ ਤੇ ਨਜ਼ਰ ਰੱਖੀਂ ਮੈਂ ਆਇਆ ਪੈਂਚਰ ਲੁਆਕੇ।' ਡਰਾਈਵਰ ਟਾਇਰ ਰੋੜ੍ਹਦਾ ਦੁਕਾਨ ਵੱਲ ਤੁਰ ਗਿਆ।

ਠੰਢ ਦਾ ਮੌਸਮ ਸੀ। ਖਲਾਸੀ ਹੁੱਡ ਦੇ ਕੈਬਨ 'ਚ ਕੰਬਲ ਲਪੇਟ ਕੇ ਬੈਠ ਗਿਆ। ਉੱਪਰ ਗਸ਼ਤ ਕਰਦਾ ਇਕ ਟਰੈਫਿਕ ਪੁਲਸੀਆ ਨੋ ਪਾਰਕਿੰਗ ਵਿਚ ਟਰੱਕ ਖੜ੍ਹਾ ਵੇਖ ਕੇ ਪਹਿਲਾਂ ਹੈਰਾਨ ਹੋਇਆ, ਫਿਰ ਮੋਟਰ ਸਾਈਕਲ ਏਧਰ ਮੋੜ ਲਿਆ। ਗੱਡੀ ਦੇ ਅੱਗੇ ਪਿੱਛੇ ਗਿਆ, ਕੋਈ ਨਾ ਦਿਖਿਆ। ਕੈਬਿਨ ਦੀ ਤਾਕੀ ਖੜਕਾਈ ਕੋਈ ਆਵਾਜ਼ ਨਾ ਆਈ। ਉੱਪਰ ਹੁੱਡ 'ਚ ਬੈਠਾ ਖਲਾਸੀ ਛਾਪਲ ਗਿਆ।

ਟਰੈਫਿਕ ਪੁਲਸੀਏ ਨੇ ਥੋੜ੍ਹਾ ਉੱਚੀ ਆਵਾਜ਼ ਨਾਲ ਪੁੱਛਿਆ, 'ਏ ਡਰਾਈਵਰ ਤੁਸੀਂ ਕਥੈ ?' (ਡਰਾਈਵਰ ਤੂੰ ਕਿੱਥੇ ਐ ?)

ਮੁੰਡੇ (ਖਲਾਸੀ) ਨੇ ਸਮਝਿਆ ਇਸਨੇ 'ਕੁੱਤਾ ਕਹਿ ਕੇ ਗਾਲ੍ਹ ਕੱਢੀ ਹੈ, ਉਹ ਉੱਪਰੋਂ ਹੀ ਬੋਲਿਆ'ਤੂੰ ਕੁੱਤਾ'।

ਟਰੈਫਿਕ ਪੁਲਸੀਆ ਹੈਰਾਨ ਹੋਇਆ ਇੱਧਰ ਉੱਧਰ ਝਾਕਿਆ। ਹਨੇਰੇ ਵਿਚ ਕੁਝ ਨਾ ਦਿੱਸਿਆ। ਆਵਾਜ਼ ਉੱਪਰ ਵੱਲੋਂ ਆਈ ਸੀ। ਪੁੱਛਿਆ

'ਤੁਸੀਂ ਕੁਥੈ ?' (ਤੂੰ ਕਿੱਥੈ ਐ)

ਮੁੰਡੇ ਨੇ ਫਿਰ ਕਿਹਾ- 'ਤੂੰ ਕੁੱਤਾ ਐ।'

'ਅਰੇ ਕੁਥੈ ਥੀਕੇ ਬੋਲਦੋ ਬਾਬਾ!' ਪੁਲਸੀਏ ਨੇ ਝੁੰਜਲਾ ਕੇ ਪੁੱਛਿਆ (ਤੂੰ ਕਿੱਥੋਂ ਬੋਲਦੈ ਬਾਬਾ ?)

ਮੁੰਡੇ ਨੇ ਸਮਝਿਆ ਕਿਤੇ ਸਿਪਾਹੀ ਪੁੱਛਦਾ ਹੈ, ਕੁੱਤਾ ਕਿਵੇਂ ਬੋਲਦਾ ਹੈ ?

ਮੁੰਡੇ ਨੇ ਤਿੰਨ ਚਾਰ ਵਾਰ ਬਊਬਊਬਊ ਕਰਕੇ ਕਿਹਾ 'ਏਂਕਾ ਬੋਲਦੈ ਕੁੱਤਾ'।

ਇੰਨੇ ਵਿਚ ਸਾਹੋ-ਸਾਹ ਹੋਇਆ ਡਰਾਈਵਰ ਪੈਂਚਰ ਲਗਵਾ ਕੇ ਆ ਗਿਆ।

ਉਸਨੇ ਟਰੈਫਿਕ ਵਾਲਾ ਵੇਖਦਿਆਂ ਹੀ ਕਿਹਾ 'ਅਰੇ ਸਾਹਬ ਮਾਰੀ ਕਿਸਮਤ ਮੇਂ ਤੋ ਧੱਕੇ ਲਿਖੇ ਐਂਆਪ ਕਾਹੇ ਠੰਢ ਮੇਂ।'

ਪੁਲਸੀਏ ਨੇ ਗੱਲ ਪੂਰੀ ਵੀ ਨਾ ਕਰਨ ਦਿੱਤੀ ਰੋਹਬ ਨਾਲ ਬੋਲਿਆ

'ਨੋ ਪਾਰਕਿੰਗ ਮੇਂ ਖੜ੍ਹਾ ਹੈ।'

ਅੱਗੇ ਦੀਆਂ ਗੱਲਾਂ ਆਪਣੇ ਮਸਲੇ ਨਾਲ ਪ੍ਰਸੰਗਿਕ ਨਹੀਂ ਹਨ। ਉਹ ਕਿਵੇਂ ਉੱਥੋਂ ਖਹਿੜਾ ਛੁਡਾ ਕੇ ਨਿਕਲੇ। ਆਪਾਂ ਤਾਂ ਬੋਲੀਆਂ ਦੇ ਅਰਥਾਂ ਅਨਰਥਾਂ ਦੀਆਂ ਗੱਲਾਂ ਕਰਦੇ ਸਾਂ। ਅਜਿਹੀ ਹੀ ਇਕ ਘਟਨਾ ਮੇਰੇ ਨਾਲ ਹਿਮਾਚਲ ਪ੍ਰਦੇਸ਼ ਦੇ ਜ਼ਿਲ੍ਹਾ ਬਿਲਾਸਪੁਰ 'ਚ ਵਾਪਰੀ। ਮੈਂ ਉੱਥੇ ਜੁਖਾਲਾ ਹਾਈ ਸਕੂਲ ਵਿਚ ਸੋਸ਼ਲ ਸਟੱਡੀਜ਼ ਦਾ ਅਧਿਆਪਕ ਸਾਂ। ਜੁਆਇਨ ਕੀਤੇ ਨੂੰ ਅਜੇ ਸੱਤ-ਅੱਠ ਦਿਨ ਹੀ ਹੋਏ ਸਨ। ਬੋਲੀ ਬਹੁਤ ਓਪਰੀ ਤਾਂ ਨਹੀਂ ਲੱਗੀ, ਪੰਜਾਬੀ, ਹਿੰਦੀ, ਪਹਾੜੀ ਦੇ ਰਲਾ ਨਾਲ ਮੈਨੂੰ ਖਿੱਚੜੀ ਜਿਹੀ ਭਾਸ਼ਾ ਲੱਗੀ। ਪੜ੍ਹਾਈ ਦਾ ਮਾਧਿਅਮ ਹਿੰਦੀ ਸੀ, ਪਰ ਜਿੰਨੇ ਪਹਾੜੀਏ ਅਧਿਆਪਕ ਸਨ ਤੇ ਸਾਰੇ ਵਿਦਿਆਰਥੀ ਸਭ ਪਹਾੜੀ ਬੋਲੀ ਵਿਚ ਹੀ ਗੱਲਾਂ ਕਰਦੇ ਸਨ।

ਗੱਲ ਇਕ ਦਿਨ ਦੁਪਹਿਰ ਦੀ ਛੁੱਟੀ ਵੇਲੇ ਦੀ ਹੈ। ਸਕੂਲ ਦੇ ਬਾਹਰਲੇ ਪਾਸੇ ਇਕ ਪਹਾੜੀਏ ਦੀ ਛੋਟੀ ਜਿਹੀ ਝੁੱਗੀ ਨੁਮਾ ਚਾਹ ਦੀ ਦੁਕਾਨ ਸੀ। ਇੱਥੇ ਅਕਸਰ ਵਿਹਲੇ ਪੀਰੀਅਡ ਵਿਚ ਜਾਂ ਛੁੱਟੀ ਸਮੇਂ ਅਧਿਆਪਕ ਚਾਹ ਪੀਣ ਜਾਂਦੇ ਸਨ। ਦੁਕਾਨ ਸੜਕ ਕੰਢੇ ਹੋਣ ਕਰਕੇ ਰਾਹ ਗੀਰ ਵੀ ਚਾਹ ਪੀਣ ਕਦੇ-ਕਦੇ ਰੁਕ ਜਾਂਦੇ ਸਨ।

ਜਦੋਂ ਮੈਂ ਇਸ ਦੁਕਾਨ 'ਤੇ ਚਾਹ ਪੀਣ ਆਇਆ ਤਾਂ ਉੱਥੇ ਪਹਾੜੀਏ ਅਧਿਆਪਕ ਵੀ ਬੈਠੇ ਹੋਏ ਸਨ। ਦੋ ਕੁ ਬਾਹਰ ਦੇ ਗਾਹਕ ਵੀ ਸਨ। ਦੁਕਾਨ ਵਾਲੇ ਨੂੰ ਪਤਾ ਹੁੰਦਾ ਸੀ ਅਸੀਂ ਇੱਥੇ ਚਾਹ ਪੀਣ ਹੀ ਆਉਂਦੇ ਹਾਂ, ਉਹ ਵੇਖ ਕੇ ਹੀ ਚਾਹ ਬਣਾ ਕੇ ਅੱਗੇ ਧਰ ਦਿੰਦਾ ਸੀ।

ਚਾਹ ਦਾ ਗਲਾਸ ਚੁੱਕਦਿਆਂ ਮੈਂ ਕਿਹਾ- 'ਲਾਲਾ ਇਕ ਮੱਠੀ ਵੀ ਦੇਣਾ।'

ਸਾਰੇ ਉੱਥੇ ਬੈਠੇ ਮੇਰੇ ਵੱਲ ਇਕਦਮ ਝਾਕੇ। ਚਾਹ ਵਾਲੇ ਪਹਾੜੀਏ ਨੇ ਵੀ ਮੇਰੇ ਵੱਲ ਅੱਖਾਂ ਕੱਢੀਆਂ।

ਮੈਂ ਫਿਰ ਕਿਹਾ-'ਲਾਲਾ ਇਕ ਮੱਠੀ ਦੇਹ।'

ਇਕ ਪਹਾੜੀਏ ਅਧਿਆਪਕ ਨੇ ਮੇਰੇ ਕੂਹਣੀ ਮਾਰ ਕੇ ਹੌਲੀ ਜਿਹੀ ਕਿਹਾ-'ਸਰਕਾਰ ਮਾਰ ਖਾਣੀ ਐਂ ?'

'ਕੀ ਹੋਇਆ' ? ਮੈਂ ਹੈਰਾਨ ਸੀ।

'ਮਾਸਟਰ ਗਲਾਣਾ ਤਾਂ ਸਿੱਖ ਲੈ।' ਦੁਕਾਨਦਾਰ ਨੇ ਕਿਹਾ।

ਬਾਅਦ ਵਿਚ ਪਹਾੜੀਏ ਅਧਿਆਪਕ ਨੇ ਦੱਸਿਆ, 'ਏਥੇ ਜੁਆਨ ਕੁੜੀ ਨੂੰ ਮੱਠੀ ਆਖਦੇ ਨੇ, ਕਿਸੇ ਹੋਰ ਜਗ੍ਹਾ ਇਸ ਤਰ੍ਹਾਂ ਨਹੀਂ ਗਲਣਾ (ਬੋਲਣਾ)। ਇੱਧਰ ਤੁਹਾਡੀ ਮੱਠੀ ਨੂੰ ਨਿਮਕੀ ਆਖਦੇ ਨੇ।'

ਸਿਆਣੇ ਸੱਚ ਹੀ ਆਖਦੇ ਨੇ ਬੋਲਣ ਤੋਂ ਪਹਿਲਾਂ ਸੌ ਵਾਰ ਸੋਚਣਾ ਚਾਹੀਦਾ ਹੈ।

# ਭਗਵਿਆਂ ਦਾ ਮਹਾਂਰਾਸ਼ਟਰ 'ਚ ਰੱਥ ਕਿਉਂ ਰੁਕਿਆ

**ਰਜਿੰਦਰ ਸਿੰਘ**

ਗੁਰੂ ਨਾਨਕ ਸਾਹਿਬ ਜੀ ਦਾ ਬਹੁਤ ਮਹਾਨ ਸਲੋਕ ਹੈ, 'ਕੀੜਾ ਥਾਪਿ ਦੇਇ ਪਾਤਿਸਾਹੀ ਲਸਕਰ ਕਰੇ ਸੁਆਹ॥' ਇਸ ਨੂੰ ਸਾਧਾਰਨ ਬੁਧ ਰਾਹੀਂ ਨਹੀਂ ਸਮਝਿਆ ਜਾ ਸਕਦਾ। ਇਸ ਦੇ ਰੂਹਾਨੀ ਅਰਥ ਵੀ ਨਹੀਂ ਲੱਭੇ ਜਾ ਸਕਦੇ। ਇਹ ਸਲੋਕ ਬ੍ਰਹਿਮੰਡੀ ਚੇਤਨਾ ਦਾ ਪ੍ਰਤੀਕ ਹੈ ਜੋ ਗੁਰੂ ਸਾਹਿਬ ਨੇ ਮਨੁੱਖਤਾ ਨੂੰ ਰਾਜਨੀਤਕ ਅਗਵਾਈ ਦਿੱਤੀ। ਗੁਰੂ ਨਾਨਕ ਸਾਹਿਬ ਦਾ ਫੁਰਮਾਨ ਹੈ ਕਿ ਅਸੀਂ ਸੋਚਦੇ ਹਾਂ ਕਿ ਹੰਕਾਰੀ ਰਾਜੇ ਤੇ ਸੱਤਾ ਦਾ ਹੰਕਾਰ ਕਰਨ ਵਾਲੇ ਲੋਕ ਬਹੁਤ ਬਲਵਾਨ ਹੁੰਦੇ ਹਨ, ਇਹ ਸਾਡਾ ਭੁਲੇਖਾ ਹੈ। ਸੱਚੀ ਪਾਤਸ਼ਾਹੀ ਹੀ ਸਭ ਤੋਂ ਬਲਵਾਨ ਹੈ। ਸੱਚੀ ਪਾਤਸਾਹੀ ਰੱਬ ਦੀ ਪਾਤਸ਼ਾਹੀ ਹੈ। ਰੱਬ ਬਾਰੇ ਗੁਰੂ ਸਾਹਿਬ ਮਨੁੱਖ ਨੂੰ ਚੇਤੰਨ ਕਰਦੇ ਕਹਿੰਦੇ ਹਨ ਕਿ ਇਸ ਬਾਰੇ ਕਿਸੇ ਨੂੰ ਭੁਲੇਖਾ ਨਹੀਂ ਰਹਿਣਾ ਚਾਹੀਦਾ। ਜੋ ਭ੍ਰਿਸ਼ਟ ਰਾਜੇ ਤੇ ਜ਼ਾਲਮਾਨਾ ਬਾਦਸ਼ਾਹ ਸੱਚ ਤੇ ਰੱਬ ਨੂੰ ਭੁੱਲ ਜਾਂਦੇ ਹਨ, ਪਰਜਾ 'ਤੇ ਜ਼ੁਲਮ ਕਰਦੇ ਹਨ, ਭ੍ਰਿਸ਼ਟ ਹੋ ਜਾਂਦੇ ਹਨ ਤੇ ਉਨ੍ਹਾਂ ਦਾ ਅੰਤ ਤਬਾਹੀ ਹੁੰਦਾ ਹੈ। ਗੁਰੂ ਸਾਹਿਬ ਫੁਰਮਾਉਂਦੇ ਨੇ ਕਿ ਸੱਚੀ ਪਾਤਸ਼ਾਹੀ ਕੀੜੇ ਦੀ ਜੂਨ ਭੁਗਤ ਰਹੇ ਆਮ ਮਨੁੱਖ ਨੂੰ ਰਾਜਾ ਥਾਪ ਸਕਦਾ ਹੈ। ਅਰਥਾਤ ਸਾਧਾਰਨ ਵਿਅਕਤੀ ਨੂੰ ਵੀ ਸੱਤਾ ਸੌਂਪ ਸਕਦਾ ਹੈ ਤੇ ਵੱਡੇ ਵੱਡੇ ਲਸ਼ਕਰਾਂ ਤੇ ਰਾਜਾਂ ਦੇ ਮਾਲਕ ਤਾਕਤਵਰ ਰਾਜਿਆਂ ਨੂੰ ਫਨਾਹ ਤੇ ਤਬਾਹ ਕਰ ਸਕਦਾ ਹੈ। ਇਹੀ ਕੁਝ ਦੁਨੀਆਂ ਵਿਚ ਵਾਪਰਦਾ ਰਿਹਾ ਹੈ। ਸਿਕੰਦਰ ਨਹੀਂ ਰਿਹਾ, ਬਾਬਰ ਨਹੀਂ, ਔਰੰਗਜ਼ੇਬ ਨਹੀਂ ਰਿਹਾ, ਹਿਟਲਰ ਨਹੀਂ ਰਿਹਾ, ਮੁਸੋਲਿਨੀ ਨਹੀਂ ਰਿਹਾ, ਸਟਾਲਿਨ ਨਹੀਂ ਰਿਹਾ, ਇੰਦਰਾ ਵੀ ਨਹੀਂ ਰਹੀ ਤੇ ਬੁਸ਼ ਵੀ ਨਹੀਂ ਰਿਹਾ। ਕਿਸੇ ਮਨੁੱਖ ਦੀ ਸੰਸਾਰ ਵਿਚ ਥਾਣੇਦਾਰੀ ਨਹੀਂ ਰਹਿ ਸਕਦੀ। ਜਿਹੜਾ ਅਜਿਹਾ ਸੋਚਦਾ ਹੈ ਉਹ ਹੰਕਾਰੀ ਹੈ। ਹੰਕਾਰ ਇਕ ਦਿਨ ਖਤਮ ਹੋ ਜਾਣਾ ਹੈ, ਜਿਸ ਸੱਤਾ 'ਤੇ ਮਾਣ ਹੈ, ਉਹ ਉਸ ਦੇ ਹੇਠੋਂ ਨਿਕਲ ਜਾਣੀ ਹੈ। ਭਾਰਤ ਵਿਚ ਵੀ ਹੁਣ ਅਜਿਹਾ ਵਾਪਰ ਰਿਹਾ ਹੈ। ਭਾਰਤ ਦੇ ਭਗਵੇਂਵਾਦੀ ਸੋਚਦੇ ਸਨ ਕਿ ਅਸੀਂ ਭਾਰਤ ਵਿਚ ਹਿੰਦੂ ਰਾਸ਼ਟਰਵਾਦ ਸਥਾਪਤ ਕਰਨਾ ਹੈ ਤੇ ਇਸ ਲਈ ਅਸੀਂ ਕਾਂਗਰਸ ਤੇ ਵਿਰੋਧੀ ਪਾਰਟੀਆਂ ਦਾ ਭੋਗ ਪਾ ਦੇਣਾ ਹੈ। ਜੋ ਘੱਟ ਗਿਣਤੀਆਂ ਰਾਜ ਜਾਂ ਕਿਸੇ ਖਿੱਤੇ 'ਤੇ ਭਾਰੂ ਹਨ, ਉਨ੍ਹਾਂ ਦੇ ਕੁਦਰਤੀ ਖਜ਼ਾਨੇ ਫਾਸ਼ੀਵਾਦੀ ਕਾਨੂੰਨ ਬਣਾ ਕੇ ਲੁੱਟ ਲੈਣੇ ਹਨ ਤੇ ਨਵੇਂ ਕਾਨੂੰਨ ਬਣਾ ਕੇ ਉਨ੍ਹਾਂ ਦੇ ਅਧਿਕਾਰ ਵੀ ਨਹੀਂ ਰਹਿਣ ਦੇਣੇ। ਕਸ਼ਮੀਰ ਵਿਚ ਇਹੀ ਵਾਪਰਿਆ ਹੈ। ਪਰ ਅੱਜ ਮੋਦੀ ਸਰਕਾਰ ਅਧੀਨ ਜੋ ਸੰਘ ਪਰਿਵਾਰ ਸੋਚਦਾ ਸੀ, ਉਸ ਨੂੰ ਪੰਜਾਬ ਵਿਚ ਪਹਿਲਾਂ ਬਰੇਕਾਂ ਲੱਗੀਆਂ, ਹੁਣ ਮਹਾਂਰਾਸ਼ਟਰ ਵਿਚ ਲੱਗ ਗਈਆਂ। ਅਜੇ ਹੋਰ ਬਰੇਕਾਂ ਲੱਗਣਗੀਆਂ। ਇਹ ਅਸ਼ਵਮੇਘ ਯੱਗ ਵਿਸ਼ਵ ਨੂੰ ਜਿੱਤਣ ਵਾਲਾ, ਭਾਰਤ ਨੂੰ ਜਿੱਤਣ ਵਾਲਾ ਨਹੀਂ ਚੱਲੇਗਾ। ਕਈ ਵਾਲਮੀਕ ਵਰਗੇ ਮਹਾਂਪੁਰਖ ਲਵ ਕੁਸ਼ ਪੈਦਾ ਕਰ ਦੇਣਗੇ। ਇਹ ਮਿੱਥਕ ਪ੍ਰਤੀਕ ਜ਼ਰੂਰ ਹਨ, ਪਰ ਦੁਨੀਆਂ ਇਸ ਮਿੱਥਕ ਇਤਿਹਾਸ ਤੋਂ ਬਹੁਤ ਕੁਝ ਸਿੱਖ ਸਕਦੀ ਹੈ ਕਿ ਸ੍ਰੀ ਰਾਮ ਵਰਗੇ ਰਾਜੇ ਵੀ ਵਿਸ਼ਾਲ ਭਾਰਤ ਨਹੀਂ ਉਸਾਰ ਸਕੇ। ਇਸੇ ਕਾਰਨ ਗੁਰੂ ਨਾਨਕ ਸਾਹਿਬ ਨੇ ਵੰਨ ਸੁਵੰਨੀਆਂ ਭਾਸ਼ਾਵਾਂ ਤੇ ਸਭਿਆਚਾਰਾਂ ਤੇ ਸਭਿਅਤਾਵਾਂ ਉੱਪਰ ਜ਼ੋਰ ਦਿੱਤਾ ਸੀ। ਇਹਨਾਂ ਦੀ ਸਾਂਝਾ ਦੀ ਗੱਲ ਕੀਤੀ ਸੀ। ਵਰਣ ਆਸ਼ਰਮ ਵਿਰੁਧ ਗੁਰੂ ਨਾਨਕ ਸਾਹਿਬ ਦੀ ਜੰਗ ਇਸੇ ਗੱਲ ਦਾ ਨਤੀਜਾ ਹੈ। ਭਾਰਤ ਦੇ ਗ੍ਰਹਿ ਮੰਤਰੀ ਅਮਿਤ ਸ਼ਾਹ ਦੀ ਹਾਜ਼ਰੀ ਵਿਚ ਖੇਡਿਆ ਮਹਾਂਰਾਸ਼ਟਰ ਦਾ ਰਾਜਨੀਤਕ ਨਾਟਕ ਜੋ ਸਾਜ਼ਿਸੀ ਢੰਗ ਨਾਲ ਉਸਾਰਿਆ ਗਿਆ ਸੀ, ਉਸ ਦੀ ਫੂਕ ਸਾਜ਼ਿਸੀ ਢੰਗ ਨਾਲ ਬਣਾਏ ਦਵਿੰਦਰ ਫੜਨਵੀਜ਼ ਦੇ ਮੁੱਖ ਮੰਤਰੀ ਵਜੋਂ ਅਸਤੀਫੇ ਮਗਰੋਂ ਨਿਕਲ ਗਈ।



ਸੁਪਰੀਮ ਕੋਰਟ ਨੇ ਬੀਤੇ ਮੰਗਲਵਾਰ ਆਪਣਾ ਫ਼ੈਸਲਾ ਸੁਣਾਉਂਦਿਆਂ ਹੁਕਮ ਦਿੱਤਾ ਸੀ ਕਿ ਮੁੱਖ ਮੰਤਰੀ ਵਜੋਂ ਸਹੁੰ ਚੁੱਕਣ ਵਾਲੇ ਭਾਜਪਾ ਆਗੂ ਫੜਨਵੀਸ ਬੀਤੇ ਬੁੱਧਵਾਰ 5 ਵਜੇ ਤੱਕ ਆਪਣਾ ਬਹੁਮੱਤ ਸਾਬਤ ਕਰਨ। ਪਰ ਘਟਨਾਵਾਂ ਏਨੀ ਤੇਜ਼ੀ ਨਾਲ ਵਾਪਰੀਆਂ ਕਿ ਨਾਮਜ਼ਦ ਮੁੱਖ ਮੰਤਰੀ ਤੇ ਡਿਪਟੀ ਮੁੱਖ ਮੰਤਰੀ ਨੇ ਬੀਤੇ ਮੰਗਲਵਾਰ ਹੀ ਅਸਤੀਫ਼ੇ ਦੇ ਦਿੱਤੇ ਤੇ ਉਹ ਖਰੀਦੋ ਫਰੋਖਤ ਨਹੀਂ ਕਰ ਸਕੀ। ਹੈਰਾਨੀ ਦੀ ਗੱਲ ਇਹ ਹੈ ਕਿ ਭਾਰਤ ਵਿਚ ਇਨ੍ਹਾਂ ਭਗਵਿਆਂ ਨੇ ਜਮਹੂਰੀਅਤ ਦਾ ਕਤਲ ਕਰ ਦਿੱਤਾ ਹੈ ਤੇ ਜਮਹੂਰੀਅਤ ਬਚਾਉਣ ਲਈ ਵਿਰੋਧੀ ਪਾਰਟੀਆਂ ਨੂੰ ਹੋਟਲਾਂ ਦਾ ਸਹਾਰਾ ਲੈਣਾ ਪੈ ਰਿਹਾ ਹੈ। ਅਰਥਾਤ ਫਾਈਵ ਸਟਾਰ ਹੋਟਲ ਜਮਹੂਰੀਅਤ ਦਾ ਕੇਂਦਰ ਬਣ ਗਏ ਹਨ। ਇਹ ਜਮਹੂਰੀਅਤ ਨਾਲ ਕਿੱਡਾ ਵੱਡਾ ਮਜ਼ਾਕ ਹੈ। ਹੁਣ ਵਿਰੋਧੀ ਪਾਰਟੀਆਂ ਸ਼ਿਵ ਸੈਨਾ ਦੀ ਅਗਵਾਈ ਵਿਚ ਸਰਕਾਰ ਬਣਾਉਣਗੀਆਂ।

ਭਾਜਪਾ ਬਾਰੇ ਤੱਥ ਸਾਹਮਣੇ ਆ ਗਏ ਹਨ ਕਿ ਭਾਜਪਾ ਨੇ ਇਕਬਾਲ ਮਿਰਚੀ ਨਾਲ ਸੰਬੰਧ ਰੱਖਣ ਵਾਲੀਆਂ ਕੰਪਨੀਆਂ ਤੋਂ 20 ਕਰੋੜ ਚੋਣ ਚੰਦਾ ਲਿਆ ਸੀ। ਇਨ੍ਹਾਂ ਕੰਪਨੀਆਂ ਵੱਲੋਂ ਅੱਤਵਾਦੀਆਂ ਨੂੰ ਚੰਦਾ ਦੇਣ ਦੀ ਜਾਂਚ ਈ ਡੀ ਵੱਲੋਂ ਕੀਤੀ ਜਾ ਰਹੀ ਹੈ। ਭਾਜਪਾ ਵੱਲੋਂ ਚੋਣ ਕਮਿਸ਼ਨਰ ਕੋਲ ਕੀਤੇ ਗਏ ਖੁਲਾਸੇ ਮੁਤਾਬਕ ਆਰ ਕੇ ਡਬਲਿਊ ਡਿਵੈਲਪਰਜ਼ ਲਿਮਟਿਡ ਨਾਂਅ ਦੀ ਕੰਪਨੀ ਤੋਂ 2014-15 ਵਿੱਚ ਭਾਜਪਾ ਨੇ 10 ਕਰੋੜ ਚੰਦਾ ਲਿਆ ਸੀ। 1993 ਮੁੰਬਈ ਬੰਬ ਧਮਾਕਿਆਂ ਦੇ ਦੋਸ਼ੀ ਇਕਬਾਲ ਮੈਨਨ ਉਰਫ਼ ਇਕਬਾਲ ਮਿਰਚੀ ਤੋਂ ਜਾਇਦਾਦ ਖਰੀਦਣ ਤੇ ਲੈਣ-ਦੇਣ ਕਰਨ ਬਾਰੇ ਈ ਡੀ ਇਸ ਕੰਪਨੀ ਦੀ ਜਾਂਚ ਕਰ ਰਹੀ ਹੈ। ਇਹ ਕੰਪਨੀ ਦਿਵਾਲੀਆ ਹੋ ਚੁੱਕੀ ਦੀਵਾਨ ਹਾਊਸਿੰਗ ਫਾਈਨੈਂਸ ਲਿਮਟਿਡ ਨਾਲ ਜੁੜੀ ਹੋਈ ਹੈ, ਜਿਸ ਵਿੱਚ ਯੂ ਪੀ ਦੀ ਯੋਗੀ ਸਰਕਾਰ ਵੱਲੋਂ ਬਿਜਲੀ ਮੁਲਾਜ਼ਮਾਂ ਦੇ ਪੀ ਐੱਫ਼ ਦਾ 42 ਅਰਬ ਰੁਪਏ ਨਿਵੇਸ਼ ਕਰਨ ਦਾ ਦੋਸ਼ ਲੱਗ ਰਿਹਾ ਹੈ। ਈ ਡੀ ਦੀ ਜਾਂਚ ਵਿੱਚ ਸਾਹਮਣੇ ਆਇਆ ਸੀ ਕਿ ਆਰ ਕੇ ਡਬਲਿਊ ਦਾ ਸਾਬਕਾ ਨਿਰਦੇਸ਼ਕ ਰੰਜੀਤ ਬਿੰਦਰਾ ਇੱਕ ਏਜੰਟ ਸੀ ਤੇ ਕੰਪਨੀਆਂ ਤੇ ਇਕਬਾਲ ਮਿਰਚੀ ਵਿਚਕਾਰ ਸੌਦੇ ਕਰਵਾਉਂਦਾ ਸੀ। ਈ ਡੀ ਨੇ ਬਿੰਦਰਾ ਨੂੰ ਗ੍ਰਿਫ਼ਤਾਰ ਵੀ ਕੀਤਾ ਸੀ। ਈ ਡੀ ਨੇ ਇੱਕ ਹੋਰ ਕੰਪਨੀ ਸਨਬਲਿੰਕ ਰੀਅਲ ਅਸਟੇਟ ਨੂੰ ਵੀ ਇਕਬਾਲ ਮਿਰਚੀ ਦੀਆਂ ਜਾਇਦਾਦਾਂ ਖਰੀਦਣ ਲਈ ਦੋਸ਼ੀ ਮੰਨਿਆ ਹੈ। ਸਨਬਲਿੰਕ

ਬਾਕੀ ਸਫ਼ਾ 28 'ਤੇ

# ਗੁਰਦੁਆਰਾ ਸੀਸ ਗੰਜ ਸਾਹਿਬ

**ਰੂਪ ਸਿੰਘ (ਡਾ.)**



ਦਿੱਲੀ ਦੇ ਚਾਂਦਨੀ ਚੌਂਕ ਵਿੱਚ ਨੌਂਵੇਂ ਪਾਤਸ਼ਾਹ ਗੁਰੂ ਤੇਗ਼ ਬਹਾਦਰ ਜੀ ਦੀ ਯਾਦ ਵਿੱਚ ਗੁਰਦੁਆਰਾ ਸੀਸ ਗੰਜ ਸਾਹਿਬ ਸੁਸ਼ੋਭਿਤ ਹੈ। ਲਾਲ ਕਿਲ੍ਹੇ ਤੇ ਪੁਰਾਣੀ ਦਿੱਲੀ ਰੇਲਵੇ ਸਟੇਸ਼ਨ ਤੋਂ ਪੰਜ ਸੌ ਮੀਟਰ ਦੀ ਦੂਰੀ 'ਤੇ ਸਥਿਤ ਗੁਰਦੁਆਰਾ ਸੀਸ ਗੰਜ ਸਾਹਿਬ ਆਪਣੀ ਨਿਵੇਕਲੀ ਹੋਂਦ-ਹਸਤੀ, ਇਤਿਹਾਸ ਤੇ ਪਰੰਪਰਾ ਨੂੰ ਸਮੋਈ ਬੈਠਾ ਹੈ। ਗੁਰੂ ਗ੍ਰੰਥ ਸਾਹਿਬ ਦੇ ਸਨਮੁੱਖ ਨਤਮਸਤਕ ਹੋ ਕੇ ਸ਼ਰਧਾਲੂ ਪਰਿਕਰਮਾ ਕਰਦੇ ਹੋਏ ਹੇਠਾਂ ਭੋਰੇ ਵਿੱਚ ਉਸ ਅਸਥਾਨ ਦੇ ਦਰਸ਼ਨ ਕਰਦੇ ਹਨ, ਜਿੱਥੇ ਗੁਰੂ ਤੇਗ਼ ਬਹਾਦਰ ਜੀ ਨੂੰ ਸ਼ਹੀਦ ਕੀਤਾ ਗਿਆ ਸੀ। ਲੰਮੀਆਂ ਪ੍ਰਚਾਰ ਯਾਤਰਾਵਾਂ ਕਰ ਕੇ ਨੌਂਵੇਂ ਪਾਤਸ਼ਾਹ ਨੇ ਸਤਲੁਜ ਦੇ ਕਿਨਾਰੇ ਪਹਾੜੀ ਰਾਜਿਆਂ ਕੋਲੋਂ ਜ਼ਮੀਨ ਖ਼ਰੀਦ ਕੇ ਚੱਕ ਨਾਨਕੀ ਨਗਰ ਵਸਾਇਆ, ਜੋ ਅੱਜ-ਕੱਲ੍ਹ ਆਨੰਦਪੁਰ ਸਾਹਿਬ ਦੇ ਨਾਂ ਨਾਲ ਵਿਸ਼ਵ ਪ੍ਰਸਿੱਧ ਹੈ। ਗੁਰੂ ਤੇਗ਼ ਬਹਾਦਰ ਜੀ ਦੀ ਰਚੀ ਹੋਈ ਪਾਵਨ ਬਾਣੀ ਗੁਰੂ ਗ੍ਰੰਥ ਸਾਹਿਬ ਵਿੱਚ ਅੰਕਿਤ ਹੈ, ਜੋ ਪ੍ਰੇਮ-ਪਿਆਰ ਤੇ ਵਿਰਾਗ ਦਾ ਸੰਗਮ ਹੈ।

ਜਦੋਂ ਔਰੰਗਜ਼ੇਬ ਜਬਰੀ ਹਿੰਦੂਆਂ ਦੇ ਜਨੇਊ, ਜੰਞੂ ਤੇ ਤਿਲਕ ਉਤਾਰ ਕੇ ਹਿੰਦੂ ਧਰਮ, ਸੰਸਕ੍ਰਿਤੀ ਤੇ ਸੰਸਕਾਰਾਂ ਨੂੰ ਜੜ੍ਹੋਂ ਉਖਾੜ ਰਿਹਾ ਸੀ ਤਾਂ ਗੁਰੂ ਤੇਗ਼ ਬਹਾਦਰ ਜੀ ਧਰਮ ਦੀ ਆਜ਼ਾਦੀ ਵਾਸਤੇ ਵੱਡੀ ਤੋਂ ਵੱਡੀ ਕੁਰਬਾਨੀ ਕਰਨ ਲਈ ਤਿਆਰ ਹੋ ਗਏ। ਵਿਸ਼ਵ ਦੇ ਇਤਿਹਾਸ ਵਿੱਚ ਇਹ ਨਿਵੇਕਲੀ ਮਿਸਾਲ ਹੈ, ਜਦੋਂ ਕਿਸੇ ਨੇ ਦੂਜੇ ਧਰਮ ਦੀ ਰੱਖਿਆ ਤੇ ਧਾਰਮਿਕ ਆਜ਼ਾਦੀ ਲਈ ਆਪਣੀ ਤੇ ਆਪਣੇ ਪਿਆਰੇ ਗੁਰਸਿੱਖਾਂ ਦੀ ਸ਼ਹਾਦਤ ਦਿੱਤੀ ਹੋਵੇ। ਗੁਰੂ ਗੋਬਿੰਦ ਸਿੰਘ ਜੀ ਦਾ ਇਹ ਕਥਨ ਬਹੁਤ ਸਾਰਥਿਕ ਹੈ:

**ਠੀਕਰ ਫੋਰਿ ਦਿਲੀਸ ਸਿਰਿ ਪ੍ਰਭ ਪੁਰਿ ਕੀਯਾ ਪਯਾਨ**
**ਤੇਗ ਬਹਾਦੁਰ ਸੀ ਕ੍ਰਿਆ ਕਰੀ ਨ ਕਿਨਹੂੰ ਆਨਿ**
15 **(ਸ੍ਰੀ ਦਸਮ ਗ੍ਰੰਥ ਸਾਹਿਬ)**

ਇਤਿਹਾਸ ਅਨੁਸਾਰ ਔਰੰਗਜ਼ੇਬ ਦੇ ਜਬਰ-ਜ਼ੁਲਮ ਦੇ ਸਤਾਏ ਕਸ਼ਮੀਰੀ ਬ੍ਰਾਹਮਣ ਫ਼ਰਿਆਦ ਲੈ ਕੇ ਗੁਰੂ ਤੇਗ਼ ਬਹਾਦਰ ਜੀ ਦੇ ਦਰਬਾਰ ਵਿੱਚ ਆਨੰਦਪੁਰ ਸਾਹਿਬ ਪਹੁੰਚੇ। ਗੁਰੂ ਜੀ ਨੇ ਕਸ਼ਮੀਰੀ ਪੰਡਤਾਂ ਦੀ ਫ਼ਰਿਆਦ ਸੁਣ ਕੇ ਸੰਗਤ ਵਿੱਚ ਕਿਹਾ ਕਿ ਹੁਣ ਤਾਂ ਕਿਸੇ ਮਹਾਂਪੁਰਸ਼ ਦੀ ਕੁਰਬਾਨੀ ਹੀ ਔਰੰਗਸ਼ਾਹੀ ਜਬਰ-ਜ਼ੁਲਮ ਨੂੰ ਰੋਕ ਸਕਦੀ ਹੈ। ਸੰਗਤ ਵਿੱਚ ਬਿਰਾਜਮਾਨ ਬਾਲ ਗੋਬਿੰਦ ਰਾਏ ਨੇ ਸੁਭਾਵਿਕ ਇਹ ਕਹਿ ਦਿੱਤਾ ਕਿ ਤੁਹਾਡੇ ਤੋਂ ਵੱਡਾ ਹੋਰ ਕੌਣ ਮਹਾਂਪੁਰਸ਼ ਹੋਵੇਗਾ, ਜਿਹੜਾ ਇਹ ਮਹਾਨ ਕਾਰਜ ਕਰ ਸਕੇ ? ਇਹ ਸੁਣਦੇ ਸਾਰ ਹੀ ਗੁਰੂ ਤੇਗ਼ ਬਹਾਦਰ ਜੀ ਨੇ ਕਸ਼ਮੀਰੀ ਪੰਡਤਾਂ ਦੇ ਮੁਖੀ ਪੰਡਤ ਕਿਰਪਾ ਰਾਮ ਨੂੰ ਕਿਹਾ, "ਜਾਓ ਬਾਦਸ਼ਾਹ ਔਰੰਗਜ਼ੇਬ ਨੂੰ ਕਹਿ ਦਿਉ ਕਿ ਜੇ ਉਹ ਗੁਰੂ ਤੇਗ਼ ਬਹਾਦਰ ਨੂੰ ਇਸਲਾਮ ਕਬੂਲਣ ਲਈ ਪ੍ਰੇਰ ਜਾਂ ਮਨਾ ਲਵੇ ਤਾਂ ਅਸੀਂ ਖ਼ੁਦ ਮੁਸਲਮਾਨ ਹੋ ਜਾਵਾਂਗੇ। ਜੇ ਉਹ ਇਹ ਨਹੀਂ ਕਰ ਸਕਦਾ ਤਾਂ ਹਿੰਦੂਆਂ ਨੂੰ ਜਬਰਨ ਮੁਸਲਮਾਨ ਬਣਾਉਣਾ ਛੱਡ ਦੇਵੇ।"

ਗੁਰੂ ਜੀ ਨੇ ਆਪਣੇ ਬੋਲਾਂ ਨੂੰ ਪੁਗਾਉਣ ਲਈ ਆਪ ਜਾ ਕੇ ਗ੍ਰਿਫ਼ਤਾਰੀ ਦਿੱਤੀ। ਗੁਰੂ ਜੀ ਤੇ ਉਨ੍ਹਾਂ ਦੇ ਪਿਆਰੇ ਗੁਰਸਿੱਖਾਂ ਨੂੰ ਗ੍ਰਿਫ਼ਤਾਰ ਕਰ ਕੇ ਦਿੱਲੀ ਲਿਆਂਦਾ ਗਿਆ। ਗੁਰੂ ਜੀ ਨੂੰ ਦਿੱਲੀ 'ਚ ਗ੍ਰਿਫ਼ਤਾਰੀ ਸਮੇਂ ਬਹੁਤ ਤਸੀਹੇ ਦਿੱਤੇ ਗਏ ਤਾਂ ਕਿ ਉਹ ਇਸਲਾਮ ਕਬੂਲ ਕਰ ਲੈਣ ਪਰ ਗੁਰੂ ਤੇਗ਼ ਬਹਾਦਰ ਵਰਗੀ ਦੈਵੀ ਸ਼ਖ਼ਸੀਅਤ ਪਾਸੋਂ ਇਹ ਆਸ ਕਰਨੀ ਨਿਰਮੂਲ ਸੀ। ਚਾਂਦਨੀ ਚਕ ਵਿੱਚ ਸਥਿਤ ਕੋਤਵਾਲੀ ਵਿੱਚ ਗੁਰੂ ਜੀ ਨੂੰ ਬੰਦੀ ਬਣਾਇਆ ਗਿਆ ਤੇ ਉਨ੍ਹਾਂ ਸਾਹਮਣੇ ਇਹ ਤਿੰਨ ਸ਼ਰਤਾਂ ਰੱਖੀਆਂ ਗਈਆਂ: ਇਸਲਾਮ ਕਬੂਲ ਕਰਨਾ, ਦੂਜਾ ਕੁਰਬਾਨੀ ਲਈ ਤਿਆਰ ਹੋਣਾ ਤੇ ਤੀਜਾ ਕਰਾਮਾਤ ਦਿਖਾਉਣਾ। ਗੁਰੂ ਜੀ ਨੂੰ ਭੈਭੀਤ ਕਰਨ ਵਾਸਤੇ ਉਨ੍ਹਾਂ ਦੇ ਸਨਮੁੱਖ ਉਨ੍ਹਾਂ ਦੇ ਪਿਆਰੇ ਸਿੱਖ ਭਾਈ ਮਤੀ ਦਾਸ ਨੂੰ ਆਰੇ ਨਾਲ ਚੀਰਿਆ ਗਿਆ, ਭਾਈ ਸਤੀ ਦਾਸ ਨੂੰ ਰੂੰ ਵਿੱਚ ਲਪੇਟ ਕੇ ਜਿਊਂਦੇ ਅਗਨ ਭੇਟ ਕੀਤਾ ਗਿਆ ਤੇ ਭਾਈ ਦਿਆਲਾ ਜੀ ਨੂੰ ਉਬਲਦੇ ਪਾਣੀ ਵਿੱਚ ਉਬਾਲ ਕੇ ਸ਼ਹੀਦ ਕੀਤਾ ਗਿਆ। 11 ਨਵੰਬਰ, 1675 ਨੂੰ ਗੁਰੂ ਤੇਗ਼ ਬਹਾਦਰ ਜੀ ਨੂੰ ਚਾਂਦਨੀ ਚੌਂਕ ਦੇ ਨਜ਼ਦੀਕ ਕੋਤਵਾਲੀ ਵਿੱਚ ਸਥਿਤ ਇੱਕ ਵੱਡੇ ਦਰੱਖ਼ਤ ਹੇਠ ਜਲਾਦ ਨੇ ਸੀਸ ਧੜ ਤੋਂ ਅਲੱਗ ਕਰ ਕੇ ਸ਼ਹੀਦ ਕਰ ਦਿੱਤਾ। ਜਿਸ ਥਾਂ 'ਤੇ ਗੁਰੂ ਜੀ ਨੂੰ ਸ਼ਹੀਦ ਕੀਤਾ ਗਿਆ ਸੀ, ਉਸ ਥਾਂ 'ਤੇ ਗੁਰਦੁਆਰਾ ਸੀਸ ਗੰਜ ਸਾਹਿਬ ਸੁਸ਼ੋਭਿਤ ਹੈ।

ਗੁਰਦੁਆਰਾ ਸੀਸ ਗੰਜ ਸਾਹਿਬ ਉਸਾਰਨ ਦੀ ਸੇਵਾ ਪਹਿਲਾਂ ਬਘੇਲ ਸਿੰਘ ਮੁਖੀ ਕਰੋੜਸਿੰਘੀਆ ਮਿਸਲ ਦੇ ਮੁਖੀ ਨੇ 1790 ਵਿੱਚ ਕੀਤੀ ਸੀ ਪਰ ਉਸ ਸਮੇਂ ਦੇ ਮੁਤੱਸਬੀ ਮੁਸਲਮਾਨਾਂ ਨੇ ਇਸ ਥਾਂ 'ਤੇ ਮਸੀਤ ਉਸਾਰ ਦਿੱਤੀ। ਜੀਂਦ ਪਤੀ ਰਾਜਾ ਸਰੂਪ ਸਿੰਘ ਨੇ 1914 ਵਿੱਚ ਗੁਰਦੁਆਰੇ ਦਾ ਦੁਬਾਰਾ ਨਿਰਮਾਣ ਕਾਰਜ ਕਰਵਾਇਆ। ਆਧੁਨਿਕ ਇਮਾਰਤ ਜਿਸ ਦੇ ਅਸੀਂ ਦਰਸ਼ਨ ਕਰਦੇ ਹਾਂ, ਦਾ ਨਿਰਮਾਣ ਕਾਰਜ 1930 ਵਿੱਚ ਹੋਇਆ। ਬਾਬਾ ਹਰਬੰਸ ਸਿੰਘ ਕਾਰਸੇਵਾ ਵਾਲਿਆਂ ਨੇ ਨਿਸ਼ਕਾਮ ਸੇਵਾ ਨਾਲ ਇਸ ਗੁਰਦੁਆਰੇ ਨੂੰ ਆਧੁਨਿਕ ਰੂਪ ਪ੍ਰਦਾਨ ਕੀਤਾ। ਗੁਰਦੁਆਰੇ ਦੇ ਨਾਲ ਲੱਗਦੀਆਂ ਦੁਕਾਨਾਂ ਤੇ ਘਰਾਂ ਨੂੰ ਖ਼ਰੀਦ ਕੇ ਗੁਰਦੁਆਰੇ ਦੀ ਇਮਾਰਤ ਦਾ ਵਿਸਥਾਰ ਕੀਤਾ ਗਿਆ। ਗੁਰਦੁਆਰੇ ਦੇ ਨਜ਼ਦੀਕ ਸਿਨੇਮਾ ਘਰ ਨੂੰ ਖ਼ਰੀਦ ਕੇ ਅਜਾਇਬ ਘਰ ਉਸਾਰ ਕੇ ਭਾਈ ਮਤੀ ਦਾਸ, ਭਾਈ ਸਤੀ ਦਾਸ ਤੇ ਭਾਈ ਦਿਆਲਾ ਦੀ ਯਾਦ ਨੂੰ ਸਮਰਪਿਤ ਕੀਤਾ ਹੈ।

# ਮਹਾਨ ਜਰਨੈਲ ਬਾਬਾ ਜੀਵਨ ਸਿੰਘ

**ਦਲਬੀਰ ਸਿੰਘ ਸੱਖੋਵਾਲੀਆ**

ਬਾਬਾ ਜੀਵਨ ਸਿੰਘ (ਭਾਈ ਜੈਤਾ ਜੀ) ਉਹ ਮਹਾਨ ਜਰਨੈਲ ਹੋਏ ਹਨ, ਜਿਨ੍ਹਾਂ ਨੇ ਗੁਰੂ ਗੋਬਿੰਦ ਸਿੰਘ ਨਾਲ ਵੱਖ ਵੱਖ ਜੰਗਾਂ ਵਿੱਚ ਹਿੱਸਾ ਲਿਆ ਤੇ ਆਪਣੀ ਬਹਾਦਰੀ ਦੇ ਜੌਹਰ ਦਿਖਾਏ। ਉਹ ਤਲਵਾਰ ਦੇ ਧਨੀ, ਘੋੜਸਵਾਰੀ 'ਚ ਨਿਪੁੰਨ ਵਫ਼ਾਦਾਰ ਯੋਧੇ ਹੋਣ ਦੇ ਨਾਲ-ਨਾਲ ਇੱਕ ਕਵੀ ਵੀ ਸਨ। ਉਨ੍ਹਾਂ ਦੇ ਪਿਤਾ ਦਾ ਨਾਮ ਭਾਈ ਸਦਾਨੰਦ ਅਤੇ ਮਾਤਾ ਦਾ ਨਾਮ ਲਾਜਵੰਤੀ ਸੀ। ਉਨ੍ਹਾਂ ਦਾ ਜਨਮ 1661 ਈਸਵੀ ਵਿੱਚ ਹੋਇਆ।




ਇਤਿਹਾਸ ਅਨੁਸਾਰ ਗੁਰੂ ਤੇਗ ਬਹਾਦਰ ਜਦੋਂ ਆਪਣੀ ਦੂਜੀ ਯਾਤਰਾ ਪਟਨਾ (ਬਿਹਾਰ) ਗਏ ਸਨ ਤਾਂ ਉਸ ਸਮੇਂ ਗੁਰੂ ਕੇ ਮਹਿਲ (ਮਾਤਾ ਗੁਜਰੀ ਜੀ) ਭਾਈ ਸਦਾਨੰਦ ਅਤੇ ਉਨ੍ਹਾਂ ਦੀ ਪਤਨੀ ਲਾਜਵੰਤੀ ਵੀ ਨਾਲ ਹੀ ਗਏ ਸਨ, ਜਿੱਥੇ ਭਾਈ ਜੈਤਾ ਦਾ ਜਨਮ 1661 ਵਿੱਚ ਹੋਇਆ। ਗੁਰੂ ਗੋਬਿੰਦ ਸਿੰਘ ਵੱਲੋਂ ਜਦੋਂ 1699 'ਚ ਆਨੰਦਪੁਰ ਸਾਹਿਬ ਵਿੱਚ ਖ਼ਾਲਸਾ ਪੰਥ ਦੀ ਸਾਜਨਾ ਕੀਤੀ ਤਾਂ ਉਸ ਸਮੇਂ ਗੁਰੂ ਜੀ ਨੇ ਚਾਰ ਸਾਹਿਬਜ਼ਾਦਿਆਂ ਨਾਲ ਉਨ੍ਹਾਂ ਨੂੰ ਅੰਮ੍ਰਿਤ ਛਕਾਇਆ ਤੇ ਉਨ੍ਹਾਂ ਦਾ ਨਾਂ ਭਾਈ ਜੈਤਾ ਤੋਂ ਬਾਬਾ ਜੀਵਨ ਸਿੰਘ ਰੱਖਿਆ। ਦਲਬੀਰ ਸਿੰਘ ਦੀ ਕਿਤਾਬ 'ਵਰਿਆਮ ਇਕੇਲਾ' ਅਨੁਸਾਰ, ਭਾਈ ਕਲਿਆਣ ਦੇ ਪੁੱਤਰ ਸੁੱਖਭਾਨ ਹੋਏ, ਅੱਗੋਂ ਉਨ੍ਹਾਂ ਦੇ ਪੁੱਤਰ ਜਸਭਾਨ ਹੋਏ ਸਨ। ਉਨ੍ਹਾਂ ਦੇ ਦੋ ਪੁੱਤਰ ਆਗਿਆ ਰਾਮ ਅਤੇ ਭਾਈ ਸਦਾਨੰਦ ਹੋਏ, ਪਰ ਭਾਈ ਸਦਾਨੰਦ ਬਚਪਨ ਤੋਂ ਸਾਧੂ ਸੁਭਾਅ ਦੇ ਹੋਣ ਕਰਕੇ ਗੁਰੂ ਤੇਗ ਬਹਾਦਰ ਜੀ ਦੀ ਸ਼ਰਨ ਵਿੱਚ ਆ ਗਏ ਸਨ। ਜਿੱਥੇ ਨੌਂਵੇਂ ਗੁਰੂ ਤੇਗ ਬਹਾਦਰ ਅਤੇ ਮਾਤਾ ਗੁਜਰ ਕੌਰ ਦੇ ਕਹਿਣ 'ਤੇ ਭਾਈ ਸਦਾਨੰਦ ਦਾ ਵਿਆਹ ਦਿੱਲੀ ਦੇ ਪੰਡਿਤ ਸ਼ਿਵ ਨਰਾਇਣ ਦੀ ਪੁੱਤਰੀ ਬੀਬੀ ਲਾਜਵੰਤੀ ਨਾਲ ਹੋਇਆ। ਗੁਰੂ ਕੇ ਮਹਿਲ ਮਾਤਾ ਨਾਨਕੀ ਅਤੇ ਮਾਤਾ ਗੁਜਰ ਕੌਰ ਨੇ ਲਾਜਵੰਤੀ ਦਾ ਨਾਂ ਪ੍ਰੇਮੋ ਰੱਖਿਆ ਸੀ। ਉਨ੍ਹਾਂ ਦੇ ਦੋ ਪੁੱਤਰ ਜੈਤਾ (ਬਾਬਾ ਜੀਵਨ ਸਿੰਘ) ਅਤੇ ਛੋਟੇ ਪੁੱਤ ਸੰਗਤਾ (ਭਾਈ ਸੰਗਤ ਸਿੰਘ) ਹੋਏ।

ਬਾਬਾ ਜੀਵਨ ਸਿੰਘ ਯੁੱਧ ਵਿੱਦਿਆ ਦੇ ਮਾਹਿਰ, ਰਹਿਤਨਾਮਾਕਾਰ, ਕਵੀ ਅਤੇ ਵਿਦਵਾਨ ਸਨ। ਉਨ੍ਹਾਂ ਦੀ ਲਿਖੀ ਰਚਨਾ 'ਸ਼੍ਰੀ ਗੁਰੂ ਕਥਾ' ਵਿੱਚ ਦਰਜ ਹੈ, 'ਪ੍ਰਭ ਕ੍ਰਿਪਾ ਕਰ ਦੀਜੀਏ ਜੀਵਨ ਸਿੰਘ ਕੋ ਦਾਨ। ਤਨ ਮਨ ਧਨ ਅਰਪਿਤ ਕਰਹੂੰ ਪ੍ਰੀਤੀ ਕੇ ਪ੍ਰਮਾਨ।' ਉਸ ਸਮੇਂ ਦੀ ਇਤਿਹਾਸਿਕ ਜਾਣਕਾਰੀ ਵੀ ਲਿਖੀ ਹੈ ਕਿ ਕਿਵੇਂ ਗੁਰੂ ਤੇਗ ਬਹਾਦਰ ਦੀ ਸ਼ਹੀਦੀ ਦਾ ਸਬੱਬ ਬਣਿਆ, ਔਰੰਗਜ਼ੇਬ ਦੀ ਕੂਟਨੀਤੀ ਕੀ ਸੀ, ਦਸਵੇਂ ਗੁਰੂ ਜੀ ਨਾਲ ਪਹਾੜੀ ਰਾਜਿਆਂ ਵੱਲੋਂ ਕਿਵੇਂ ਅਤੇ ਕਿਸ ਤਰ੍ਹਾਂ ਦਾ ਸਾੜਾ ਕੀਤਾ ਜਾਂਦਾ ਰਿਹਾ, ਸਬੰਧੀ ਗਿਆਨ ਭਰਪੂਰ ਜਾਣਕਾਰੀ ਮਿਲਦੀ ਹੈ। ਨਿਸ਼ਾਨ ਸਿੰਘ ਗੰਡੀਵਿੰਡ ਦੀ ਰਚਿਤ ਕਿਤਾਬ 'ਸ਼ਹੀਦ ਬਾਬਾ ਜੀਵਨ ਸਿੰਘ, ਜੀਵਨ ਰਚਨਾ ਅਤੇ ਵਿਆਖਿਆ' ਨੂੰ ਘੋਖਣ 'ਤੇ ਉਨ੍ਹਾਂ ਦੁਆਰਾ ਰਚਿਤ ਸਾਹਿਤ ਵਿੱਚ ਖ਼ਾਲਸੇ ਦੀ ਸਾਜਨਾ ਦਾ ਜ਼ਿਕਰ ਮਿਲਦਾ ਹੈ, ਦਸਵੇਂ ਗੁਰੂ ਦੀਆਂ ਗਤੀਵਿਧੀਆਂ, ਸੇਵਾ, ਭਗਤੀ, ਕੁਰਬਾਨੀ ਅਤੇ ਆਤਮਿਕ ਸੱਚਾਈਆਂ ਬਾਰੇ ਵੀ ਲਿਖਿਆ ਕੀਤਾ ਗਿਆ ਹੈ। ਨੌਵੇਂ ਗੁਰੂ ਨੂੰ ਜਦੋਂ ਦਿੱਲੀ ਗ੍ਰਿਫ਼ਤਾਰ ਕੀਤਾ ਗਿਆ ਤਾਂ ਮੁਗਲ ਫ਼ੌਜਾਂ ਦੇ ਸਖ਼ਤ ਘੇਰੇ ਵਿੱਚੋਂ ਉਹ ਗੁਰੂ ਜੀ ਵੱਲੋਂ ਦਿੱਤੇ 57 ਸਲੋਕ, ਗੁਰਗੱਦੀ ਲਈ ਸਮੱਗਰੀ, ਪੰਜ ਪੈਸੇ, ਨਾਰੀਅਲ ਲੈ ਕੇ ਆਨੰਦਪੁਰ ਸਾਹਿਬ ਆਏ ਜਿੱਥੇ ਬਾਲ ਗੁਰੂ ਗੋਬਿੰਦ ਰਾਏ (ਗੁਰੂ ਗੋਬਿੰਦ ਸਿੰਘ) ਨੇ ਭਾਈ ਜੈਤਾ ਨੂੰ ਛਾਤੀ ਨਾਲ ਲਗਾ ਕੇ 'ਰੰਘਰੇਟੇ ਗੁਰੂ ਕੇ ਬੇਟੇ'

**ਬਾਕੀ ਸਫ਼ਾ 28 'ਤੇ**

# ਗੁਰੂ ਤੇਗ ਬਹਾਦਰ ਸਾਹਿਬ ਜੀ

**- ਪ੍ਰਮਿੰਦਰ ਸਿੰਘ ਪ੍ਰਵਾਨਾ**

"ਜਉ ਤਉ ਪ੍ਰੇਮ ਖੇਲਣ ਕਾ ਚਾਉ ॥ ਸਿਰੁ ਧਰਿ ਤਲੀ ਗਲੀ ਮੇਰੀ ਆਉ ॥
ਇਤੁ ਮਾਰਗਿ ਪੈਰੁ ਧਰੀਜੈ ॥ ਸਿਰੁ ਦੀਜੈ ਕਾਣਿ ਨ ਕੀਜੈ ॥ (ਪੰਨਾ 1412) ॥"

ਹੇ ਭਾਈ ਜੇ ਤੈਨੂੰ ਪ੍ਰਭ ਪ੍ਰੇਮ ਦੀ ਖੇਡ ਖੇਡਣ ਦਾ ਸ਼ੌਕ ਹੈ ਤਾਂ ਸਿਰ ਤਲੀ 'ਤੇ ਰੱਖ ਕੇ ਮੇਰੀ ਗਲੀ ਵਿਚ ਆ। ਇਸ ਰਸਤੇ 'ਤੇ ਤਦੇ ਹੀ ਪੈਰ ਧਰਿਆ ਜਾ ਸਕਦਾ ਹੈ ਜਦੋਂ ਸਿਰ ਭੇਟਾ ਕੀਤਾ ਜਾਹੇ, ਪਰ ਕੋਈ ਝਿਜਕ ਨਾ ਕੀਤੀ ਜਾਵੇ। ਸਿੱਖ ਧਰਮ ਦੀ ਨੀਂਹ ਸਤ ਅਤੇ ਕੁਰਬਾਨੀ ਤੇ ਰੱਖੀ ਗਈ ਹੈ। ਸਿੱਖ ਧਰਮ ਦਾ ਸੰਕਲਪ ਹੈ ਮਨੁੱਖਤਾ ਦੀ ਪਲਾਈ ਅਤੇ ਮਨੁੱਖ ਦੀ ਮੁਕੰਮਲ ਆਜ਼ਾਦੀ। ਫਿਰ ਇਸ ਵਾਸਤੇ ਕੁਰਬਾਨੀ ਦੀ ਲੋੜੇ ਪਏ ਤਾਂ ਪਿੱਛੇ ਨਾ ਹਟਿਆ ਜਾਵੇ, ਸਿਰ ਧੜ ਦੀ ਬਾਜ਼ੀ ਲਾ ਕੇ ਸ਼ਹੀਦ ਹੋਦਾ ਹੈ। ਸਿੱਖ ਧਰਮ ਵਿਚ ਜੂਝ ਕੇ ਸ਼ਹੀਦ ਹੋਣ ਦੀਆਂ ਬੇਮਿਸਾਲ ਸ਼ਹਾਦਤਾਂ ਦਰਜ ਹਨ। ਗੁਰੂ ਤੇਗ ਬਹਾਦਰ ਸਾਹਿਬ ਨੇ ਧਰਮ ਦੀ ਰੱਖਿਆ ਲਈ ਸ਼ਹਾਦਤ ਦਿੱਤੀ। ਮਨੁੱਖਤਾ ਦੇ ਭਲੇ ਅਤੇ ਰਾਖੀ ਲਈ ਹਮੇਸ਼ਾ ਸਿੰਘਾਂ ਨੇ ਅਜਿਹੀਆਂ ਸ਼ਹਾਦਤਾਂ ਦਿੱਤੀਆਂ ਹਲ ਕਿ ਸ਼ਹਾਦਤਾਂ ਦੀ ਹੱਦ ਹੀ ਮੁਕਾ ਦਿੱਤੀ। ਦੁਨੀਆ ਦੇ ਹਿਤਿਹਾਸ ਵਿਚ ਤਿਆਗ, ਸੇਵਾ, ਤਪ ਸੰਜਮ, ਬਹਾਦਰੀ ਦੀਆਂ ਅਨੇਕਾਂ ਮਿਸਾਲਾਂ ਮਿਲ ਸਕਦੀਆਂ ਹਨ ਪਰ ਸਿੱਖ ਇਤਿਹਾਸ ਵਿਚ ਕਿਸੇ ਆਦਰਸ਼ ਲਈ ਸ਼ਹੀਦ ਹੋਣ ਦੀ ਪ੍ਰੰਪਰਾ ਹੈ। ਉਸੇ ਪ੍ਰੰਪਰਾ ਵਿਚ ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਦੀ ਮਿਸਾਲ ਹੈ। ਗੁਰੂ ਅਰਜਨ ਦੇਵ ਸਾਹਿਬ ਜੀ ਦੀ ਸ਼ਹੀਦੀ ਤੋਂ ਸ਼ਹੀਦੀਆਂ ਦਾ ਸਿਲਸਿਲਾ ਸ਼ੁਰੂ ਹੁੰਦਾ ਹੈ ਜਦੋਂ ਮੁਗਲ ਬਾਦਸ਼ਾਹ ਜਹਾਂਗੀਰ ਨੂੰ ਸਿੱਖਾਂ ਦੀ ਤਾਕਤ ਦਾ ਖਤਰਾ ਹੋ ਗਿਆ ਤਾਂ ਗੁਰੂ ਅਰਜਨ ਦੇਵ ਸਾਹਿਬ ਜੀ ਨੇ ਸਿੱਖ ਧਰਮ ਤੇ ਆਉਣ ਵਾਲਿਆਂ ਖਤਰਿਆਂ ਲਈ ਕੌਮ ਨੂੰ ਤਿਆਰ ਹੋਣ ਲਈ ਸ਼ਹਾਦਤ ਦੀ ਮਿਸਾਲ ਦਿੱਤੀ। ਗੁਰੂ ਤੇਗ ਬਹਾਦਰ ਜੀ ਦਾ ਪ੍ਰਕਾਸ਼ 1 ਅਪ੍ਰੈਲ 1921 ਨੂੰ ਮਾਤਾ ਨਾਨਕੀ ਜੀ ਦੀ ਕੁੱਖੋਂ ਅੰਮ੍ਰਿਤਸਰ ਵਿਖੇ ਹੋਇਆ। ਆਪ ਪੰਜ ਭਰਾਵਾਂ ਅਤੇ ਇਕ ਭੈਣ ਤੋਂ ਛੋਟੇ ਸਲ। ਆਪ ਜੀ ਨੇ 9 ਸਾਲ ਤੱਕ ਦੀ ਉਮਰ ਅੰਮ੍ਰਿਤਸਰ ਵਿਖੇ ਗੁਜ਼ਾਰੀ। ਆਪ ਸੰਤ ਸੁਭਾਅ, ਗੰਭੀਰ ਵਿਚਾਰਾਂ ਵਾਲੇ, ਨਿੱਡਰ ਅਤੇ ਤਿਆਗੀ ਸਨ। ਆਪ ਨੇ ਗੁਰਬਾਣੀ ਅਤੇ ਪ੍ਰਭ ਪਿਆਰ ਵਿਚ ਲੀਨ ਹੋ ਕੇ ਆਪਣੀਆਂ ਖਾਹਿਸ਼ਾਂ ਤੇ ਕਾਬੂ ਪਾ ਲਿਆ ਸੀ। ਗੁਰਮਤਿ ਵਿਦਿਆ ਦੇ ਨਾਲ ਨਾਲ ਸ਼ਸਤਰ ਵਿਦਿਆ ਅਤੇ ਘੋੜ ਸਵਾਰੀ ਵਿਚ ਵੀ ਨਿਪੁੰਨ ਸਨ। ਗੁਰੂ ਹਰਗੋਬਿੰਦ ਜੀ ਵਲੋਂ ਲੜੀ ਕਰਤਾਰਪੁਰ ਦੀ ਜੰਗ ਵਿਚ ਆਪ ਜੀ ਨੇ ਅਜਿਹੇ ਜੌਹਰ ਵਿਖਾਏ ਕਿ ਆਪ ਜੀ ਦਾ ਨਾਂ ਤੇਗ ਬਹਾਦਰ ਹੋ ਗਿਆ। ਗੁਰੂ ਤੇਗ ਬਹਾਦਰ ਜੀ ਦਾ ਵਿਆਹ ਕਰਤਾਰਪੁਰ ਜਲੰਧਰ ਨਿਵਾਸੀ ਲਾਲ ਚੰਦ ਦੀ ਸਪੁੱਤਰੀ ਗੁਜਰੀ ਜੀ ਨਾਲ ਹੋਇਆ ਅਤੇ ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਵਾਸ਼ ਹੋਇਆ। ਗੁਰੂ ਹਰਕ੍ਰਿਸ਼ਨ ਜੀ ਨੇ ਜੋਤੀ ਜੋਤ ਸਮਾਉਣ ਵੇਲੇ ਆਪਣੇ ਤੋਂ ਬਾਅਦ ਗੁਰੂ ਬਾਰੇ 'ਬਾਬਾ ਵਸੇ ਗਰਾਮ ਬਜਲੇ' ਦਾ ਇਸ਼ਾਰਾ ਦਿੱਤਾ। ਇਸ ਨੂੰ ਇਕ ਭੇਦ ਬਣਾ ਕੇ 22 ਗੁਰੂ ਹੋਣ ਦੇ ਦਾਅਵੇਦਾਰ ਬਣ ਬੈਠੇ। ਮੱਖਣ ਸ਼ਾਹ ਲੁਬਾਣਾ ਸਿੱਖ ਨੇ 20 ਮਾਰਚ 1665 ਨੂੰ ਗੁਰੂ ਤੇਗ ਬਹਾਦਰ ਜੀ ਦੇ ਗੁਰੂ ਪ੍ਰਗਟ ਹੋਣ ਦਾ ਭੇਦ ਖੋਲ੍ਹਿਆ। ਆਪ ਜੀ ਨੇ ਪ੍ਰਚਾਰਕ ਦੌਰੇ ਆਰੰਭ ਕੀਤੇ, ਆਨੰਦਪੁਰ ਨਗਰ ਵਸਾਇਆ। ਸਮਕਾਲੀ ਮੁਗਲ ਹਾਕਮ ਔਰੰਗਜੇਬ ਨੇ ਗੈਰ ਮੁਸਲਮਾਨਾਂ ਤੋਂ ਜ਼ਬਰੀ ਧਰਮ ਪਰਿਵਰਤਨ ਦੀ ਖੂਨੀ ਨੀਤੀ ਅਪਣਾਈ ਹੋਈ ਸੀ। ਉਹ ਪਰਜਾ ਤੇ ਮੁਸਲਮਾਨ ਬਣਨ ਲਈ ਤਸ਼ੱਦਦ ਕਰਦਾ ਸੀ। ਇਸ ਵਿਦਰੋਹ ਵਿਚ ਔਰੰਗਜੇਬ ਦੇ ਸਤਾਏ ਹੋਏ ਕਸ਼ਮੀਰੀ ਪੰਡਤ ਕ੍ਰਿਪਾ ਰਾਮ ਦੀ ਅਗਵਾਈ ਹੇਠ ਗੁਰੂ ਜੀ ਦੀ ਸ਼ਰਨ ਵਿਚ ਆ ਕੇ ਫਰਿਆਦ ਕੀਤੀ ਕਿ ਧਰਮ ਦੀ ਰੱਖਿਆ ਕਰੋ। ਸਮਰੱਥ ਗੁਰੂ ਜਾਣ ਗਏ ਕਿ ਔਰੰਗਜੇਬ ਨੇ ਜ਼ੁਲਮਾਂ ਦੀ ਹੱਦ ਮੁਕਾ ਦਿੱਤੀ ਹੈ। ਗੁਰੂ ਜੀ ਨੇ ਦ੍ਰਿੜ ਕਰਵਾਇਆ ਕਿ ਨਾ ਕਿਸੇ ਨੂੰ ਡਰਾਉ, ਨਾ ਕਿਸੇ ਤੋਂ ਡਰੋ। ਔਰੰਗਜੇਬ ਨੇ ਗੁਰੂ ਜੀ ਨੂੰ ਤਲਬ ਕਰ ਲਿਆ। ਗੁਰੂ ਜੀ ਨੂੰ ਆਗਰੇ ਤੋਂ ਗ੍ਰਿਫ਼ਤਾਰ ਕਰ ਲਿਆ ਗਿਆ। ਫੌਜ ਦੀ ਨਿਗਰਾਨੀ ਹੇਠ ਦਿੱਲੀ ਲਿਆਂਦਾ ਗਿਆ। ਗੁਰੂ ਜੀ ਦੇ ਨਾਲ ਦੇ ਸਿੱਖਾਂ ਭਾਈ ਮਤੀ ਦਾਸ, ਭਾਈ ਦਿਆਲਾ ਅਤੇ ਭਾਈ ਸਤੀ ਦਾਸ ਜੀ ਨੂੰ ਵੀ ਕੈਦ ਕਰ ਲਿਆ ਗਿਆ। ਮੁਗਲਈ ਫਿਤਰਤ ਅਨੁਸਾਰ ਪਹਿਲਾਂ ਗੁਰੂ ਜੀ ਨੂੰ ਮੁਸਲਮਾਨ ਬਣਨ ਦੇ ਲਾਲਚ ਦਿੱਤੇ ਗਏ ਫਿਰ ਡਰਾਵੇ ਤੇ ਕਤਲ ਕਰਨ ਦੀ ਧਮਕੀ ਦਿੱਤੀ ਗਈ। ਮੌਤ ਦੀ ਦਹਿਸ਼ਤ ਵਿਖਾ ਕੇ ਭੈਅ ਭੀਤ ਕਰਨ ਲਈ ਭਾਈ ਮਤੀ ਦਾਸ ਜੀ ਨੂੰ ਆਰੇ ਨਾਲ ਚੀਰ ਕੇ ਸ਼ਹੀਦ ਕੀਤਾ। ਭਾਈ ਦਿਆਲਾ ਜੀ ਨੂੰ ਉਬਲਦੀ ਵਲਟੋਹੀ ਵਿਚ ਸ਼ਹੀਦ ਕੀਤਾ। ਭਾਈ ਸਤੀ ਦਾਸ ਜੀ ਨੂੰ ਰੂੰ ਵਿਚ ਲਪੇਟ ਕੇ ਸਾੜਦਿਆਂ ਸ਼ਹੀਦ ਕੀਤੀ। ਗੁਰੂ ਜੀ ਅਡੋਲ ਰਹੇ, ਇਹ ਅਣਮਨੁੱਖੀ ਤਸ਼ੱਦਦ ਵੀ ਗੁਰੂ ਜੀ ਦੇ ਨਿਸ਼ਚੇ ਨੂੰ ਡੇਗ ਨਹੀਂ ਸਕਿਆ।

ਅੰਤ 11 ਨਵੰਬਰ 1976 ਨੂੰ ਚਾਂਦਨੀ ਚੌਕ ਦਿੱਲੀ ਵਿਚ ਸੀਸ ਉਤਾਰ ਕੇ ਸ਼ਹੀਦ ਕੀਤਾ ਗਿਆ। ਜਿੱਥੇ ਗੁਰਦੁਆਰਾ ਸੀਸ ਗੰਜ ਦਿੱਲੀ ਸ਼ੁਸੋਭਿਤ ਹੈ। ਔਰੰਗਜੇਬ ਦਾ ਹੁਕਮ ਸੀ ਕਿ ਗੁਰੂ ਜੀ ਦੇ ਸਰੀਰ ਨੂੰ ਟੁਕੜੇ ਟੁਕੜੇ ਕਰਕੇ ਸ਼ਹਿਰ ਵਿਚ ਥਾਂ ਥਾਂ ਲਟਕਾ ਦਿੱਤਾ ਜਾਵੇ, ਔਰੰਗਜੇਬ ਦੇ ਇਸ ਜ਼ੁਲਮ ਨੂੰ ਵੇਖ ਕੇ ਲੋਕ ਕਰਾਹ ਉਠੇ ਕਿ ਇਕ ਸੰਤ ਨੂੰ ਕਿਵੇਂ ਸ਼ਹੀਦ ਕੀਤਾ ਗਿਆ ਹੈ । ਲੋਕਾਂ ਵਿਚ ਭਗਦੜ ਮਚ ਗਈ। ਸ਼ਰਧਾਲੂ ਸਿੱਖ ਭਾਈ ਜੈਤਾ (ਜੀਵਨ ਸਿੰਘ ਰੰਗਰੇਟਾ) ਨੇ ਗੁਰੂ ਜੀ ਦੇ ਸੀਸ ਨੂੰ ਸਾਂਭ ਦੇ ਆਨੰਦਪੁਰ ਪਹੁੰਚਾਇਆ। ਉਥੇ ਸੀਸ ਦਾ ਸਸਕਾਰ ਕੀਤਾ ਗਿਆ ਜਿਥੇ ਗੁਰਦੁਆਰਾ ਸੀਸ ਗੰਜ ਆਨੰਦਪੁਰ ਸਾਹਿਬ ਹੈ। ਗੁਰੂ ਗੋਬਿੰਦ ਸਿੰਘ ਜੀ ਨੇ ਭਾਈ ਜੈਤਾ ਜੀ ਨੂੰ ਗਲ ਨਾਲ ਲਾ ਕੇ ਕਿਹਾ 'ਰੰਗਰੇਟਾ ਗੁਰੂ ਕਾ ਬੇਟਾ' ਦਾ ਵਰ ਦਿੱਤਾ। ਭਾਈ ਲੱਖੀ ਸ਼ਾਹ ਵਣਜਾਰਾ ਅਤੇ ਭਾਈ ਉਦੈ ਜੀ ਨੇ ਵਿਉਂਤ ਲਗਾ ਕੇ ਗੁਰੂ ਜੀ ਦੇ ਧੜ ਨੂੰ ਇਕ ਰੂੰ ਨਾਲ ਲੱਦੇ ਗੱਡੇ ਵਿਚ ਸੰਭਾਲ ਲਿਆ। ਵਣਜਾਰਾ ਨੇ ਗੁਰੂ ਜੀ ਦੇ ਧੜ ਦਾ ਸਸਕਾਰ ਆਪਣਾ ਘਰ ਸਾੜ ਕੇ ਕੀਤਾ ਤਾਂ ਜੋ ਸਰਕਾਰ ਨੂੰ ਖ਼ਬਰ ਨਾ ਹੋਵੇ। ਉਥੇ ਗੁਰਦੁਆਰਾ ਰਕਾਬ ਗੰਜ ਦਿੱਲੀ ਸ਼ੁਸੋਭਿਤ ਹੈ। ਨਵੰਬਰ 11, 1675 ਨੂੰ ਗੁਰੂ ਗੋਬਿੰਦ ਸਿੰਘ ਜੀ ਨੇ ਦਸਵੇਂ ਗੁਰੂ ਵਜੋਂ ਗੁਰਗੱਦੀ ਦੀ ਜਿੰਮੇਵਾਰੀ ਸੰਭਾਲ ਲਈ।

ਗੁਰੂ ਤੇਗ ਬਹਾਦਰ ਜੀ ਦੀ ਬਾਣੀ ਦਾ ਵਿਚਾਰ : ਗੁਰੂ ਗ੍ਰੰਥ ਸਾਹਿਬ ਜੀ ਵਿਚ ਆਪ ਜੀ ਦੇ 59 ਸ਼ਬਦ ਅਤੇ 57 ਸਲੋਕ 15 ਰਾਗਾਂ ਵਿਚ ਦਰਜ ਹਨ ਕਿ ਇਹ ਰਚਨਾ ਪ੍ਰਮਾਤਮਾ ਦੀ ਰਚੀ ਹੋਈ ਹੈ। ਸਭਨਾਂ ਵਿਚ ਉਹ ਆਪ ਹੀ ਵਸਦਾ ਹੈ। ਆਪ ਜੀ ਦੀ ਬਾਣੀ ਮਾਇਆ ਨਾਲੋਂ ਤੋੜ ਕੇ ਨਾਮ ਨਾਲ ਜੋੜਦੀ ਹੈ।

ਕਾਹੇ ਰੇ ਬਨ ਖੋਜਨ ਜਾਈ ॥
ਸਰਬ ਨਿਵਾਸੀ ਸਦਾ ਅਲੇਪਾ ਤੋਹੀ ਸੰਗਿ ਸਮਾਈ ॥ ਪੰਨਾ 684

ਹੇ ਭਾਈ ਪ੍ਰਮਾਤਮਾ ਨੂੰ ਲੱਭਣ ਵਾਸਤੇ ਤੂੰ ਜੰਗਲਾਂ ਵਿਚ ਕਿਉਂ ਜਾਂਦਾ ਹੈ ? ਪ੍ਰਮਾਤਮਾ ਸਭ ਵਿਚ ਵਸਣ ਵਾਲਾ ਹੈ। ਸਦਾ ਨਿਰਲੇਪ ਰਹਿੰਦਾ ਹੈ। ਉਹ ਪ੍ਰਮਾਤਮਾ ਤੇਰੇ ਨਾਲ ਹੀ ਵਸਦਾ ਹੈ।

ਜਤਨ ਬਹੁਤ ਸੁਖ ਕੇ ਕੀਏ ਦੁਖ ਕੋ ਕੀਓ ਨ ਕੋਇ ॥
ਕਹੁ ਨਾਨਕ ਸੁਨਿ ਰੇ ਮਨਾ ਹਰਿ ਭਾਵੈ ਸੋ ਹੋਇ ॥ ਪੰਨਾ 1428

ਜੀਵ ਭਾਵੇਂ ਸੁੱਖਾਂ ਦੀ ਪ੍ਰਾਪਤੀ ਲਈ ਅਨੇਕਾਂ ਜਤਨ ਕਰਦਾ ਰਹਿੰਦਾ ਹੈ। ਹੇ ਨਾਨਕ ਆਖ-ਹੇ ਮਨ ਜੋ ਕੁਝ ਪ੍ਰਮਾਤਮਾ ਨੂੰ ਚੰਗਾ ਲਗਦਾ ਹੈ ਉਹ ਹੀ ਹੁੰਦਾ ਹੈ। ਸੁੱਖ ਭੀ ਤਦੇ ਹੀ ਮਿਲਦਾ ਹੈ ਜਦੋਂ ਪ੍ਰਭੂ ਦੀ ਰਜ਼ਾ ਹੋਵੇ।

ਮਨੁ ਮਾਇਆ ਮੈ ਫਧਿ ਰਹਿਓ ਬਿਸਰਿਓ ਗੋਬਿੰਦ ਨਾਮੁ ॥
ਕਹੁ ਨਾਨਕ ਬਿਨੁ ਹਰਿ ਭਜਨ ਜੀਵਨ ਕਉਨੇ ਕਾਮ ॥ ਪੰਨਾ 1427-28

ਮਨ ਮਾਇਆ ਵਿਚ ਲੁਪਤ ਰਹਿੰਦਾ ਹੈ। ਮਨੁੱਖ ਨੂੰ ਉਸ ਪ੍ਰਭ ਦਾ ਨਾਮ ਭੁੱਲ ਗਿਆ ਹੈ। ਹੇ ਨਾਨਕ ਪ੍ਰਭ ਦੀ ਭਗਤੀ ਤੋਂ ਬਿਨਾਂ ਇਹ ਜੀਵਨ ਕਿਸ ਕੰਮ ਦਾ ਹੈ।

ਮਦਿ ਮਾਇਆ ਕੈ ਭਇਓ ਬਾਵਰੋ ਹਰਿ ਜਸੁ ਨਹਿ ਉਚਰੈ ॥
ਕਰਿ ਪਰਪੰਚੁ ਜਗਤ ਕਉ ਡਹਕੈ ਅਪਨੋ ਉਦਰੁ ਭਰੈ ॥ ਪੰਨਾ 536

ਹੇ ਭਾਈ ! ਮਾਇਆ ਦੇ ਨਸ਼ੇ ਵਿਚ ਇਹ ਮਨ ਝੱਲਾ ਹੋਇਆ ਪਿਆ ਹੈ। ਕਦੇ ਇਹ ਪ੍ਰਮਾਤਮਾ ਦੀ ਸਿਫ਼ਤ ਸਲਾਹ ਦੀ ਬਾਣੀ ਨਹੀਂ ਉਚਾਰਦਾ, ਵਿਖਾਵਾ ਕਰਕੇ ਦੁਨੀਆ ਨੂੰ ਠੱਗਦਾ ਰਹਿੰਦਾ ਹੈ।

ਅਦਾਰਾ 'ਅੰਮ੍ਰਿਤਸਰ ਟਾਈਮਜ਼' ਵੱਲੋਂ ਆਪਣੇ ਪਾਠਕਾਂ ਲਈ ਸਿੱਖ ਧਰਮ ਦੇ ਬਾਨੀ ਪਹਿਲੀ ਪਾਤਸ਼ਾਹੀ ਸ੍ਰੀ ਗੁਰੂ ਨਾਨਕ ਸਾਹਿਬ ਦੇ 550ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ ਲੇਖ ਲੜੀ ਸ਼ੁਰੂ ਕੀਤੀ ਗਈ ਹੈ। ਇਸ ਲੜੀ ਤਹਿਤ ਹਥਲਾ ਲੇਖ ਪਾਠਕਾਂ ਲਈ ਪੇਸ਼ ਕੀਤਾ ਜਾ ਰਿਹਾ ਹੈ - ਸੰਪਾਦਕ

# ਗੁਰੂ ਨਾਨਕ ਬਾਣੀ ਵਿਚ ਸੱਭਿਆਚਾਰਕ ਚੇਤਨਾ

**ਡਾਕਟਰ ਜਸਵਿੰਦਰ ਸਿੰਘ**



ਗੁਰੂ ਨਾਨਕ ਬਾਣੀ ਵਿਚ ਮਿਲਦੀ ਸੱਭਿਆਚਾਰਕ ਚੇਤਨਾ ਦਾ ਇਕ ਪੱਖ ਇਹ ਵੀ ਹੈ ਕਿ ਗੁਰਬਾਣੀ ਜਨ-ਜੀਵਨ ਦੀ ਭਾਸ਼ਾ ਵਿਚ ਰਚੀ ਗਈ ਹੈ। ਗੁਰੂ ਸਾਹਿਬਾਨ ਨੇ ਆਪਣੀ ਬਾਣੀ ਰਾਹੀਂ ਜਨ-ਭਾਸ਼ਾ ਨੂੰ ਵਿਸ਼ੇਸ਼ ਗੌਰਵ ਪ੍ਰਦਾਨ ਕੀਤਾ। ਜਿਸ ਕੌਮ ਨੂੰ ਆਪਣੀ ਭਾਸ਼ਾ ਉੱਤੇ ਮਾਣ ਨਹੀਂ, ਉਸ ਵਿਚੋਂ ਹੀਣ ਭਾਵਨਾ ਕਦੀ ਖ਼ਤਮ ਨਹੀਂ ਹੋ ਸਕਦੀ। ਉਹ ਲੋਕ ਜੀਵੰਦੇ-ਜਾਗਦੇ ਸੱਭਿਆਚਾਰਕ ਕਦਰਾਂ ਤੋਂ ਸੁੰਨੇ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਗੁਰੂ ਨਾਨਕ ਦੇਵ ਜੀ ਨੇ 'ਘਰਿ ਘਰਿ ਮੀਆ ਸਭਨਾਂ ਜੀਆ ਬੋਲੀ ਅਵਰ ਤੁਮਾਰੀ' ਕਹਿ ਕੇ ਆਪਣੇ ਸੱਭਿਆਚਾਰਕ ਵਿਰਸੇ ਤੋਂ ਟੁੱਟਣ ਵਾਲਿਆਂ 'ਤੇ ਚੋਟ ਕੀਤੀ ਗਈ ਹੈ। ਇਸ ਨੂੰ ਅਧਰਮ ਦੀ ਅਵਸਥਾ ਕਹਿ ਕੇ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਇਸ ਤੋਂ ਮੁਕਤ ਹੋਣ ਲਈ ਪਤਿਤਾਂ ਨੂੰ ਸੰਬੋਧਨ ਕੀਤਾ ਹੈ-

ਖਤ੍ਰੀਆ ਤ ਧਰਮੁ ਛੋਡਿਆ
ਮਲੇਛ ਭਾਖਿਆ ਗਹੀ।
ਸ੍ਰਿਸਟਿ ਸਭ ਇਕ ਵਰਨ
ਹੋਈ ਧਰਮ ਕੀ ਗਤਿ ਰਹੀ॥

ਸੱਭਿਆਚਾਰਕ ਚੇਤਨਾ ਲਿਆਉਣ ਲਈ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਉਸ ਵਕਤ ਪ੍ਰਚਲਿਤ ਸਾਰੀਆਂ ਸਾਧਨਾ-ਪ੍ਰਣਾਲੀਆਂ ਦੇ ਮੁਖੀਆਂ ਨਾਲ ਸੰਵਾਦ ਸ਼ੁਰੂ ਕੀਤਾ। ਇਸ ਸੰਵਾਦ ਲਈ ਉਨ੍ਹਾਂ ਨੂੰ ਪੰਜਾਬ ਤੋਂ ਬਾਹਰ ਸਾਰੇ ਭਾਰਤ ਵਿਚ ਘੁੰਮਣਾ ਪਿਆ। ਭਾਰਤ ਤੋਂ ਬਾਹਰ ਵੀ ਗਏ। ਮਿਹਰਬਾਨ ਦੇ ਨਾਂਅ ਨਾਲ ਸਬੰਧਿਤ ਜਨਮਸਾਖੀ ਦੀ ਤਾਂ ਸਾਰੀ ਉਸਾਰੀ ਹੀ ਸੰਵਾਦਾਂ ਦੇ ਰੂਪ ਵਿਚ ਹੋਈ ਹੈ। ਸਪੱਸ਼ਟ ਹੈ ਕਿ ਸੱਭਿਆਚਾਰਕ ਚੇਤਨਾ ਪੈਦਾ ਕਰਨ ਲਈ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਵਿਚਾਰਧਾਰਕ ਸੰਵਾਦ ਦੀ ਵਿਧੀ ਨੂੰ ਅਪਣਾਇਆ। ਉਨ੍ਹਾਂ ਦੀ ਬਾਣੀ ਅਮਲੋਂ ਸੰਵਾਦ ਅਧਾਰਿਤ ਸੱਭਿਆਚਾਰਕ ਚੇਤਨਾ ਦੀ ਕਾਵਿਕ ਅਭਿਵਿਅਕਤੀ ਹੈ।

ਸੱਭਿਆਚਾਰਕ ਚੇਤਨਾ ਲਈ ਧਾਰਮਿਕ ਏਕਤਾ ਦੀ ਭਾਵਨਾ ਨੂੰ ਵਿਕਸਿਤ ਕਰਨਾ ਬਹੁਤ ਜ਼ਰੂਰੀ ਹੈ ਅਤੇ ਗੁਰੂ ਨਾਨਕ ਬਾਣੀ ਵਿਚ ਇਸ ਦੀ ਵਿਸਥਾਰ ਸਹਿਤ ਚਰਚਾ ਹੋਈ ਹੈ। ਇਥੇ ਧਾਰਮਿਕ ਬਿਰਤੀ ਨੂੰ ਮਾਨਵ-ਧਰਮ ਦਾ ਨਾਂਅ ਦਿੱਤਾ ਜਾ ਸਕਦਾ ਹੈ। ਗੁਰੂ ਨਾਨਕ ਦੇਵ ਜੀ ਨੇ ਵੇਈਂ ਨਦੀ ਵਿਚੋਂ ਪ੍ਰਗਟ ਹੋਣ ਉਪਰੰਤ ਸੱਭਿਆਚਾਰਕ ਚੇਤਨਾ ਦਾ ਸੰਵਾਦ ਕਰਨ ਤੋਂ ਪਹਿਲਾਂ ਜੋ ਘੋਸ਼ਣਾ ਕੀਤੀ 'ਨਾ ਹਮ ਹਿੰਦੂ ਨਾ ਮੁਸਲਮਾਨ', ਉਸ ਤੋਂ ਸਪੱਸ਼ਟ ਹੈ ਕਿ ਸਹੀ ਅਰਥਾਂ ਵਿਚ ਨਾ ਕੋਈ ਹਿੰਦੂ ਹੈ ਅਤੇ ਨਾ ਹੀ ਮੁਸਲਮਾਨ, ਕਿਉਂਕਿ ਇਹ ਦੋਵੇਂ ਵਾਸਤਵਿਕ ਧਰਮ ਮਾਰਗ ਤੋਂ ਪਤਿਤ ਹੋ ਚੁੱਕੇ ਹਨ। ਇਨ੍ਹਾਂ ਦੇ ਪਰਸਪਰ ਦਵੰਦ ਨੂੰ ਖ਼ਤਮ ਕਰਨ ਲਈ ਇਨ੍ਹਾਂ ਵਿਚ ਸਮਨਵਯਾਤਮਕ ਰੁਚੀ ਦਾ ਵਿਨਾਸ ਕਰਨਾ ਬੜਾ ਜ਼ਰੂਰੀ ਸੀ। ਇਸ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਧਾਰਮਿਕ ਏਕਤਾ ਦੀ ਭਾਵਨਾ ਬੜੀ ਉੱਭਰ ਕੇ ਸਾਹਮਣੇ ਆਈ ਹੈ। 'ਏਕੁ ਪਿਤਾ ਏਕਸ ਕੇ ਹਮ ਬਾਰਿਕ' ਕਹਿ ਕੇ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਇਥੇ ਬਿਰਤੀ ਨੂੰ ਵਿਕਸਿਤ ਕੀਤਾ ਹੈ।

ਧਰਮ ਸੁਧਾਰ ਵੇਲੇ ਸਮਾਜ ਨੂੰ ਵੱਖ ਨਹੀਂ ਕੀਤਾ ਜਾ ਸਕਦਾ। ਧਰਮ ਅਤੇ ਸਮਾਜ ਵਿਚ ਬਹੁਤ ਡੂੰਘਾ ਸੰਬੰਧ ਹੈ, ਦੋਵੇਂ ਇਕ-ਦੂਜੇ 'ਤੇ ਆਧਾਰਿਤ ਹੁੰਦੇ ਹਨ। ਇਹੀ ਕਾਰਨ ਹੈ ਕਿ ਜਦੋਂ ਧਰਮ ਅਧੋਮੁਖੀ ਹੁੰਦਾ ਹੈ ਤਾਂ ਸਮਾਜ ਵਿਚ ਵੀ ਵਿਕਾਰ ਪਸਰ ਜਾਂਦੇ ਹਨ। ਵਿਕਾਰਾਂ ਨੂੰ ਦੂਰ ਕਰਨ ਲਈ ਗੁਰੂ ਨਾਨਕ ਬਾਣੀ ਵਿਚ ਬਹੁਤ ਬਲ ਦਿੱਤਾ ਗਿਆ ਹੈ। ਗੁਰੂ ਸਹਿਬਾਨ ਨੇ ਸਮਾਜ ਨੂੰ ਇਸ ਸੰਕਟ 'ਚੋਂ ਕੱਢਣ ਲਈ ਇਕ ਨਵਾਂ ਦ੍ਰਿਸ਼ਟੀਕੋਣ ਦਿੱਤਾ। ਮੱਧਕਾਲ ਦੇ ਲਗਪਗ ਸਾਰੇ ਨਰਗੁਣਵਾਦੀ ਸਾਧਕਾਂ ਨੇ ਭਗਤੀ ਦੇ ਖੇਤਰ ਵਿਚ ਜਾਤਿ ਭੇਦ-ਭਾਵ ਗ਼ੈਰ-ਜ਼ਰੂਰੀ ਸਮਝਿਆ। ਸ੍ਰੀ ਗੁਰੂ ਨਾਨਕ ਦੇਵ ਜੀ ਦੀ ਵਿਸ਼ੇਸ਼ਤਾ ਇਹ ਰਹੀ ਹੈ ਕਿ ਉੱਚ ਕੁਲ ਵਿਚੋਂ ਹੁੰਦੇ ਹੋਇਆਂ ਵੀ ਉਨ੍ਹਾਂ ਦੇ ਵਰਣ ਧਰਮ ਦਾ ਨਿਸੰਗ ਵਿਰੋਧ ਕੀਤਾ। ਉਨ੍ਹਾਂ ਨੇ ਆਪਣੇ-ਆਪ ਨੂੰ ਸਭ ਤੋਂ ਨੀਵਾਂ ਮੰਨ ਕੇ ਨੀਚਾਂ ਦੀ ਸੰਗਤ ਵਿਚ ਰਹਿਣਾ ਉਚਿਤ ਸਮਝਿਆ।

ਨੀਚਾ ਅੰਦਰਿ ਨੀਚ ਜਾਤਿ
ਨੀਚੀ ਹੂ ਅਤਿ ਨੀਚੁ॥
ਨਾਨਕ ਤਿਨ ਕੇ ਸੰਗਿ ਸਾਥਿ
ਵਡਿਆ ਸਿਉ ਕਿਆ ਰੀਸ॥

ਗੁਰੂ ਨਾਨਕ ਬਾਣੀ ਦਾ ਕੇਂਦਰ ਬਿੰਦੂ ਮਨੁੱਖ ਹੈ, ਜਾਤ ਜਾਂ ਲੱਛਣ ਨਹੀਂ। ਇਸ ਲਈ ਸਭ ਵਿਚ ਇਕ ਹੀ ਪਰਮ ਸੱਤਾ ਦੀ ਜੋਤ ਦਾ ਦਰਸ਼ਨ ਕਰਨ ਵਿਚ ਸਮਰੱਥ ਬਾਣੀਕਾਰਾਂ ਨੇ ਜਾਤ ਨੂੰ ਗ਼ੈਰ-ਜ਼ਰੂਰੀ ਹੀ ਦਰਸਾਇਆ ਹੈ। ਜਾਤੀਵਾਦ ਦੇ ਮੂਲ ਸਿਧਾਂਤ ਨੂੰ ਸਪੱਸ਼ਟ ਕਰਦਿਆਂ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਦੱਸਿਆ ਹੈ-

ਸਾ ਜਾਤਿ ਸਾ ਪਤਿ ਹੈ ਜੇਹੇ ਕਰਮ ਕਮਾਇ॥

ਕਿਸੇ ਦੇਸ਼, ਕੌਮ, ਸਮਾਜ ਤੇ ਸੱਭਿਆਚਾਰ ਦੇ ਅਧਿਐਨ ਦੇ ਸਮੇਂ ਉਥੋਂ ਦੀ ਔਰਤ ਦੀ ਦਸ਼ਾ ਸਥਿਤੀ ਤੇ ਸਥਾਨ ਬੜਾ ਹੀ ਮਹੱਤਵਪੂਰਨ ਪਹਿਲੂ ਹੈ। ਗੁਰੂ ਨਾਨਕ ਬਾਣੀ ਵਿਚ ਜੀਵ ਨੂੰ ਚੌਰਾਸੀ ਲੱਖ ਜੂਨੀਆਂ ਤੋਂ ਸਰਬ ਸ੍ਰੇਸ਼ਟ ਸਵੀਕਾਰਦੇ ਅਤੇ ਜੀਵ ਵਿਚ ਔਰਤ, ਮਰਦ ਦੋਵੇਂ ਸ਼ਾਮਿਲ ਹਨ ਪਰ ਗੁਰੂ ਨਾਨਕ ਸਾਹਿਬ ਵਲੋਂ 'ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ' ਦਾ ਫਰਮਾਨ ਸਮਕਾਲੀ ਸੱਭਿਆਚਾਰ ਵਿਚ ਔਰਤ ਦੀ ਦਸ਼ਾ ਬਾਰੇ ਕੋਈ ਭਰਮ-ਭੁਲੇਖਾ ਨਹੀਂ ਰਹਿਣ ਦਿੰਦਾ। ਗੁਰੂ ਨਾਨਕ ਬਾਣੀ ਵਿਚ ਆਸ਼ਰਮ-ਧਰਮ ਦੇ ਰੂਪ ਦੀ ਨਿਖੇਧੀ ਕੀਤੀ ਗਈ ਹੈ। ਅਨੇਕ ਪ੍ਰਕਾਰ ਦੇ ਸਾਧੂਆਂ, ਜੋਗੀਆਂ, ਸੰਨਿਆਸੀਆਂ ਦੀ ਸਥਿਤੀ ਨੂੰ ਬੜੀ ਗੰਭੀਰਤਾ ਨਾਲ ਸਪੱਸ਼ਟ ਕਰਦਿਆਂ ਗ੍ਰਿਹਿਸਥ ਧਰਮ ਨੂੰ ਹੀ ਸ੍ਰੇਸ਼ਟ ਦੱਸਿਆ ਹੈ। ਗ੍ਰਿਹਿਸਥ ਆਸ਼ਰਮ ਦਾ ਰੂਪ ਸੁਖਾਵਾਂ ਤਦ ਹੀ ਬਣਦਾ ਹੈ, ਜੇ ਇਸਤਰੀ ਨੂੰ ਪੂਰਾ ਗੌਰਵ ਦਿੱਤਾ ਜਾਏ। ਅਸਲ ਵਿਚ ਕਿਸੇ ਦੇਸ਼ ਜਾਂ ਕੌਮ ਦੇ ਸੱਭਿਆਚਾਰ ਦਾ ਅਨੁਮਾਨ ਉਸ ਦੀ ਨਾਰੀ ਜਾਤਿ ਦੀ ਸਮਾਜਿਕ ਸਥਿਤੀ ਤੋਂ ਲਗਾਇਆ ਜਾਂਦਾ ਹੈ। ਇਸੇ ਕਾਰਨ ਹੀ ਨਾਰੀ ਦੀ ਸਥਿਤੀ ਸਦਾ ਵਿਚਾਰਸ਼ੀਲ ਸਮਾਜ ਦੀ ਚਿੰਤਾ ਦਾ ਅਵੱਸ਼ਕ ਵਿਸ਼ਾ ਰਿਹਾ ਹੈ। ਮੱਧਕਾਲ ਵਿਚ ਭਾਰਤੀ ਨਾਰੀ ਦਾ ਪੁਰਾਤਨ ਗੌਰਵ ਖ਼ਤਮ ਹੋ ਚੁੱਕਾ ਸੀ। ਉਸ ਨੂੰ ਪਾਪਮਈ ਅਤੇ ਨਾਰਕੀ ਸਮਝਿਆ ਜਾਂਦਾ ਸੀ। ਗੁਰੂ ਜੀ ਨੇ ਇਸ ਸਮਾਜਿਕ ਅਨਿਆਂ ਦਾ ਘੋਰ ਅਤੇ ਕਠੋਰ ਵਿਰੋਧ ਕੀਤਾ ਅਤੇ ਨਾਰੀ ਦੇ ਗੌਰਵ ਨੂੰ ਸਹੀ ਪਰਿਪੇਖ ਵਿਚ ਸਮਝਣ ਲਈ 'ਆਸਾ ਦੀ ਵਾਰ' ਵਿਚ ਉਪਦੇਸ਼ ਦਿੱਤਾ ਹੈ-

ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ॥

ਗ੍ਰਹਿਸਤ ਧਰਮ ਦੀ ਪਾਲਣਾ ਕਰਨਾ ਸ੍ਰੀ ਗੁਰੂ ਨਾਨਕ ਦੇਵ ਜੀ ਅਨੁਸਾਰ ਬਹੁਤ ਜ਼ਰੂਰੀ ਹੈ। ਕਿਰਤ ਕਰਕੇ ਪੇਟ ਭਰਨਾ ਅਤੇ ਦੂਜਿਆਂ ਉੱਤੇ ਨਿਰਭਰ ਨਾ ਕਰਨਾ ਇਕ ਸਮਾਜਿਕ ਜ਼ਿੰਮੇਵਾਰੀ ਹੈ ਅਤੇ ਗੁਰਬਾਣੀ ਮਨੁੱਖ ਨੂੰ ਇਸ ਜ਼ਿੰਮੇਵਾਰੀ ਪ੍ਰਤੀ ਸੁਚੇਤ ਕਰਦੀ ਹੈ। ਗੁਰਮਤਿ ਕਿਰਤ ਕਰਨ, ਵੰਡ ਛਕਣ ਅਤੇ ਨਾਮ ਜਪਣ ਨੂੰ ਅਹਿਮੀਅਤ ਦਿੰਦੀ ਹੈ।

ਘਾਲ ਖਾਇ ਕਿਛੁ ਹਥਹੁ ਦੇਇ॥
ਨਾਨਕ ਰਾਹੁ ਪਛਾਣਹਿ ਸੇਇ॥

ਗੁਰੂ ਨਾਨਕ ਬਾਣੀ ਵਿਚ ਵਹਿਮਾਂ-ਭਰਮਾਂ, ਪਾਖੰਡਾਂ ਆਦਿ ਦਾ ਬੜੀ ਦ੍ਰਿੜ੍ਹਤਾ ਨਾਲ ਖੰਡਨ ਕੀਤਾ ਗਿਆ ਹੈ, ਕਿਉਂਕਿ ਇਹ ਮਨੁੱਖਤਾ ਦੇ ਸੁਖਾਵੇਂ ਵਿਕਾਸ ਵਿਚ ਰੁਕਾਵਟ ਹਨ। ਜੰਜੂ ਪਾਉਣ ਦੀ ਧਰਮੋ-ਸਮਾਜਿਕ ਪ੍ਰਥਾ ਦੇ ਰੂੜ ਰੂਪ ਦਾ ਵਿਰੋਧ ਕਰਦਿਆਂ ਜੰਜੂ ਦੇ ਭਾਵੀਕ੍ਰਿਤ ਰੂਪ ਨੂੰ ਸਪੱਸ਼ਟ ਕੀਤਾ ਗਿਆ ਹੈ-

ਦਇਆ ਕਪਾਹ ਸੰਤੋਖੁ ਸੂਤੁ ਜਤੁ ਗੰਢੀ ਸਤੁ ਵਟੁ॥
ਏਹੁ ਜਨੇਊ ਜੀਅ ਕਾ ਹਈ ਤਾ ਪਾਡੇ ਘਤੁ॥
ਨਾ ਏਹੁ ਤੁਟੈ ਨ ਮਲੁ ਲਗੈ ਨਾ ਏਹੁ ਜਲੈ ਨ ਜਾਇ॥
ਧੰਨ ਸੁ ਮਾਣਸ ਨਾਨਕਾ ਜੋ ਗਲਿ ਚਲੇ ਪਾਇ॥

ਇਸ ਤੋਂ ਇਲਾਵਾ ਗੁਰੂ ਨਾਨਕ ਬਾਣੀ ਵਿਚ ਲੋਕ ਕਾਵਿ ਰੂਪਾਂ, ਲੌਕਿਕ ਬਿੰਬਾਂ ਅਤੇ ਉਪਮਾਨਾਂ ਰਾਹੀਂ ਗੁਰੂ ਸਹਿਬਾਨ ਨੇ ਸਰਬੱਤ੍ਰ ਲੌਕਿਕ ਸੱਭਿਆਚਾਰ ਦਾ ਵਾਤਾਵਰਨ ਸਿਰਜਿਆ ਹੈ। ਆਪਣੇ ਰਹਿਣ-ਸਹਿਣ ਦੇ ਢੰਗਾਂ ਨੂੰ ਤਿਆਗ ਕੇ ਵਿਦੇਸ਼ੀ ਸੱਭਿਆਚਾਰ ਨੂੰ ਅਪਣਾਉਣ ਵਾਲਿਆਂ ਵੱਲ ਵੀ ਗੁਰਬਾਣੀ ਵਿਚ ਸੰਕੇਤ ਮਿਲਦੇ ਹਨ।

ਨੀਲ ਬਸਤ੍ਰ ਲੇ ਕਪੜੇ ਪਹਿਰੇ ਤੁਰਕ ਪਠਾਣੀ ਅਮਲੁ ਕੀਆ॥

ਆਪਣੇ ਸੱਭਿਆਚਾਰ ਨੂੰ ਛੱਡ ਕੇ ਵਿਦੇਸ਼ੀ ਸੱਭਿਆਚਾਰ ਨੂੰ ਅਪਣਾਉਣ ਵਾਲੇ ਗੁਰੂ ਜੀ ਦੇ ਅਨੁਸਾਰ ਭ੍ਰਿਸ਼ਟ ਵਿਅਕਤੀ ਹਨ।

ਸਪੱਸ਼ਟ ਹੈ ਕਿ ਸੱਭਿਆਚਾਰਕ ਚੇਤਨਾ ਦਾ ਮੂਲ ਸਰੋਤ ਗੁਰੂ ਨਾਨਕ ਬਾਣੀ ਹੈ। ਇਸ ਵਿਚ ਧਰਮ-ਸਾਧਨਾ ਦਾ ਅਨੁਭਵ ਸੰਜੋਇਆ ਹੋਇਆ ਹੈ, ਜਿਸ ਨੇ ਯੁੱਗ ਦੀ ਨੁਹਾਰ ਬਦਲੀ ਹੈ ਅਤੇ ਜਿਸ ਨੇ ਸੱਭਿਆਚਾਰਕ ਦੇ ਅਧੋਮੁਖੀ ਰੂਪ ਨੂੰ ਨਵੀਂ ਚੇਤਨਾ ਪ੍ਰਦਾਨ ਕੀਤੀ ਹੈ। ਫਲਸਰੂਪ ਮਨੁੱਖਤਾ ਦਾ ਕਲਿਆਣ-ਮਾਰਗ ਮੋਕਲਾ ਹੋਇਆ ਹੈ। ਅਸਲ ਵਿਚ ਸੱਭਿਆਚਾਰਕ ਚੇਤਨਾ ਮਾਨਵ ਕਲਿਆਣ ਦਾ ਅਹਿਸਾਸ ਪੈਦਾ ਕਰਦੀ ਹੈ ਅਤੇ ਨੈਤਿਕਤਾ ਦਾ ਆਦਰਸ਼ ਸਿਰਜਦੀ ਹੈ।

## 'ਆਓ ਇਤਹਾਸ ਵਾਚੀਏ'

**ਅੰਮ੍ਰਿਤਪਾਲ ਸਿੰਘ ਧੁੰਨ**
+91 8847634854

ਮੇਰੀ ਗੁਜਾਰਿਸ਼ ਹੈ ਨੌਜਵਾਨਾਂ ਨੂੰ,
ਜਹਾਨ ਤੇ ਆਏ ਮਹਿਮਾਨਾਂ ਨੂੰ।
ਛੱਡੋ ਝੂਠੀ ਦੁਨੀਆਂ ਬਣਾਵਟੀ ਨੂੰ,
ਚੱਲੋ ਸੱਚੀ ਦੁਨੀਆਂ ਸਜਾਵਟੀ ਨੂੰ।
ਮਾਨ ਸਨਮਾਨ ਦੇਈਏ ਕਿਤਾਬਾਂ ਨੂੰ ,
ਪੜੀਏ ਇਤਿਹਾਸਿਕ ਨਵਾਬਾਂ ਨੂੰ।
ਜਾਣੀਏ ਰਾਜੇ ਸਿੰਘ ਰਣਜੀਤ ਨੂੰ,
ਉਹਦੇ ਸੋਹਣੇ ਪੰਜਾਬ ਸੁਰਜੀਤ ਨੂੰ।
ਦੇਖੀਏ ਨਲੂਏ ਦੀਆਂ ਜਿੱਤਾਂ ਨੂੰ,
ਵਾਚੀਏ ਪੰਜਾਬ ਦਿਆਂ ਹਿੱਤਾਂ ਨੂੰ।
ਆਪਣਾ ਬਣਾਈਏ ਚੰਗੀਆਂ ਰੂਹਾਂ ਨੂੰ,
ਯਾਦ ਕਰੀਏ ਖ਼ੂਨ ਨਾਲੇ ਭਰੇ ਖੂਹਾਂ ਨੂੰ।
ਕਿਉ ਭੁੱਲੇ ਵਿਛੜੇ ਗੁਰਧਾਮਾਂ ਨੂੰ,
ਕਿਉ ਸੋ ਦਰੁ ਪੜਣੀ ਭੁੱਲੇ ਸਾਮਾਂ ਨੂੰ।
ਕਿਉ ਆਦਰ ਨਹੀ ਮਿਲਦਾ ਧੀਆਂ ਨੂੰ,
ਕਿਉ ਹਲਾਤਾਂ ਖਾ ਲਿਆ ਤੀਆਂ ਨੂੰ।
ਕਾਤੋਂ ਕੁੜੱਤਣ ਚੜੀ ਜੁਬਾਨਾਂ ਨੂੰ,
ਕਾਤੋਂ ਸਾਦਗੀ ਭੁੱਲੀ ਰਕਾਨਾਂ ਨੂੰ।

ਦਾਦੀ ਕਹਾਣੀਆਂ ਸੁਣਾਵੇ ਪੋਤੇ ਨੂੰ,
ਚੂੰਘੀ ਦੀ ਕੀ ਲੋੜ ਪਈ ਸੀ ਬੋਤੇ ਨੂੰ।
ਕਿਸਨੇ ਸਿਰਜਿਆ ਸੀ ਹਰਿਮੰਦਰ ਨੂੰ,
ਕਿਉ ਹਾਰਨਾਂ ਪਿਆਂ ਸਿਕੰਦਰ ਨੂੰ।
ਕਿਹੜੇ ਲੋੜੇ ਆਏ ਸੀ ਸੰਨਤਾਲੀ ਨੂੰ,
ਬਾਬੇ ਹੱਥੀ ਚਲਾਇਆ ਪੰਜਾਲੀ ਨੂੰ ।
ਕਿੰਨੇ ਲਿੱਖਣਾ ਸਿਖਾਇਆ ਬੁੱਲ੍ਹੇ ਨੂੰ,
ਕਿੰਨੇ ਮਾਰਗ ਦਿਖਾਇਆ ਭੁੱਲ੍ਹੇ ਨੂੰ।
ਕਿਸਨੇ ਹੱਸ-ਹੱਸ ਵਾਰਿਆ ਪੁੱਤਾਂ ਨੂੰ,
ਖੁਸ਼ਹਾਲੀ ਦੀਆਂ ਸਭੇ ਰੁੱਤਾਂ ਨੂੰ।
ਕਿਨ੍ਹਾਂ ਪਾਇਆ ਭਾਰਤ ਵੰਡੀਆਂ ਨੂੰ,
ਨਸ਼ਟ ਹੀ ਕਰਤਾ ਉੱਚ ਮੰਡੀਆਂ ਨੂੰ।
ਕਿਨ੍ਹੇ ਸੱਜਣ ਬਣਾਇਆ ਮਰਦਾਨੇ ਨੂੰ,
ਤੇਰਾ-ਤੇਰਾ ਲੁਟਾਇਆ ਮੋਦੀਖਾਨੇ ਨੂੰ ।
ਕਿਨ੍ਹੇ ਬਹਾਦਰ ਬਣਾਇਆ ਮਾਧੋ ਨੂੰ,
ਬਕਾਲੇ ਪੁਕਾਰਿਆ ਗੁਰ ਲਾਧੋ ਨੂੰ।
ਆਓ ਵਾਚੀਏ ਆਪਣੇ ਇਤਹਾਸ ਨੂੰ,
ਜਗਾਈਏ ਦਿੱਲਾਂ ਦੇ ਅਹਿਸਾਸ ਨੂੰ।

## ਸਿੱਖੀ ਨਾਲ ਪਿਆਰ

**-ਯਾਦਵਿੰਦਰ ਸਿੰਘ ਭੁੱਲਰ**

ਖ਼ੂਨ ਦੀਆਂ ਨਦੀਆਂ ਵਹਾਉਣ ਵਾਲਿਓ
ਸਿੱਖੀ ਉੱਤੇ ਜ਼ੁਲਮ ਕਮਾਉਣ ਵਾਲਿਓ
ਏਹ ਸਿੱਖੀ ਬੜੀ ਤਿੱਖੀ, ਬੜੀ ਤਿੱਖੀ ਏਹਦੀ ਧਾਰ
ਸਿੱਖੀ ਨਾਲ ਪਿਆਰ ਸਾਨੂੰ ਸਿੱਖੀ ਨਾਲ ਪਿਆਰ।
ਖੱਲਾਂ ਅਸੀਂ ਪੁੱਠੀਆਂ ਲੁਹਾਈਆਂ ਜ਼ਾਲਮੋਂ
ਸਿੱਖੀ ਲਈ ਆਂਦਰਾਂ ਕਢਾਈਆਂ ਜ਼ਾਲਮੋਂ
ਸਾਡੇ ਬੱਚਿਆਂ ਦੇ ਪਾਏ ਸਾਡੇ ਗਲਾਂ ਵਿੱਚ ਹਾਰ
ਸਿੱਖੀ ਨਾਲ ਪਿਆਰ ਸਾਨੂੰ ਸਿੱਖੀ ਨਾਲ ਪਿਆਰ।
ਤੱਤਾ ਰੇਤਾ ਸੀਸ 'ਤੇ ਪਵਾਇਆ ਵੈਰੀਓ
ਤਵੀਆਂ 'ਤੇ ਸਾਨੂੰ ਸੀ ਬਿਠਾਇਆ ਵੈਰੀਓ
ਦੇਗ 'ਚ ਉਬਾਲੇ ਸਿੱਖ ਗਏ ਜਨਮ ਸਵਾਰ
ਸਿੱਖੀ ਨਾਲ ਪਿਆਰ ਸਾਨੂੰ ਸਿੱਖੀ ਨਾਲ ਪਿਆਰ।
ਸਿਦਕੋਂ ਨੀ ਡੋਲੇ ਦੋ ਨਿੱਕੇ-ਨਿੱਕੇ ਬਾਲ
ਨੀਂਹਾਂ 'ਚ ਚਿਣਾਤੇ ਮਾਤਾ ਗੁਜਰੀ ਦੇ ਲਾਲ
ਵਾਰ ਗਿਆ ਗੋਬਿੰਦ ਸਿੰਘ ਸਾਰਾ ਪਰਿਵਾਰ
ਸਿੱਖੀ ਨਾਲ ਪਿਆਰ ਸਾਨੂੰ ਸਿੱਖੀ ਨਾਲ ਪਿਆਰ।
'ਭੁੱਲਰਾਂ ਦੇ ਯਾਦੂ' ਸਿੱਖੀ ਸਿਦਕੋਂ ਨਾ ਡੋਲਦੀ
ਸੁਣੋ ਚਮਕੌਰ ਸਰਹੰਦ ਬੋਲਦੀ
ਸਿੱਖ ਸੱਚਾ ਸਿਦਕੋਂ ਨਾ ਮੰਨੇ ਕਦੇ ਹਾਰ
ਸਿੱਖੀ ਨਾਲ ਪਿਆਰ ਸਾਨੂੰ ਸਿੱਖੀ ਨਾਲ ਪਿਆਰ।

## ਤਾਇਆ

ਤਾਏ ਦੇ ਪਿੰਡ ਵਿਚ ਖਲਬਲੀ ਮੱਚੀ ਹੋਈ ਸੀ, ਰੋਜ਼ ਰਾਤ ਨੂੰ ਕੋਈ ਖੇਤਾਂ ਵਿਚੋਂ ਪੱਠੇ ਵੱਢ ਕੇ ਲੈ ਜਾਂਦਾ ਸੀ, ਕਦੇ ਹਰਾ ਤੇ ਕਦੇ ਕਾਚਰਾ। ਕਦੇ ਕਦੇ ਤਾਂ ਦੋ ਮਰਲੇ ਥੋਂਹ ਵੀ ਖਾਲੀ ਕੀਤਾ ਹੁੰਦਾ ਸੀ। ਹਰ ਕੋਈ ਫਿਕਰਮੰਦ ਸੀ ਪਰ ਸੁੱਝਦਾ ਕੁੱਝ ਨਹੀਂ ਸੀ। ਤਾਇਆ ਵੀ ਉਹਨੀਂ ਦਿਨੀ ਮੰਡੀ ਕੰਮ ਕਰਨ ਜਾਂਦਾ ਸੀ। ਮੂੰਹ ਛਿੱਪੇ ਘਰ ਪਹੁੰਚਦਾ ਸੀ ਤੇ ਛੇਤੀ ਸੌਂ ਜਾਂਦਾ ਸੀ। ਇਸ ਲਈ ਉਹ ਸਾਰੇ ਕੁਝ ਤੋਂ ਅਣਜਾਣ ਸੀ, ਉਂਝ ਵੀ ਰਾਹ ਵਿਚ ਮਨਮੋਹਣੀ ਲਾਲ ਪਰੀ ਦਾ ਘਰ ਸੀ ਤੇ ਤਾਇਆ ਮੋਹ ਖੋਰਾ ਤਾਂ ਹੈ ਹੀ ਸੀ। ਤਾਈ ਏਸ ਗਲੋਂ ਦੁਖੀ ਸੀ। ਇਕ ਦਿਨ ਤਾਏ ਦੀ ਮੰਡੀ ਆਲੀ ਲਾਰੀ ਖੁੰਝ ਗਈ। ਤਾਇਆ ਪਿੰਡ ਨੂੰ ਪੈਦਲ ਹੀ ਚੱਲ ਪਿਆ। ਜਦ ਉਹ ਪਿੰਡ ਕੋਲ ਪਹੁੰਚਿਆ ਤਾਂ ਕਾਫੀ ਕੁਵੇਲਾ ਹੋ ਚੁੱਕਾ। ਉਹਨੇ ਦੋ ਕੁ ਜਣੇ ਲਾਗੇ ਪੱਠੇ ਵੱਢਦੇ ਦੇਖ ਲਏ। ਦੇਖ ਉਨ੍ਹਾਂ ਨੇ ਵੀ ਤਾਏ ਨੂੰ ਲਿਆ। ਪਰ ਉਹ ਘਾਬਰੇ ਨਹੀਂ, ਉਨ੍ਹਾਂ ਸਿਆਣਪ ਵਰਤੀ ਤੇ ਤਾਏ ਨੂੰ 'ਭਰੀ ਚੁਕਾ ਕੇ ਜਾਈਂ' ਕਹਿ ਰੋਕ ਲਿਆ। ਤਾਏ ਭਾਣੇ ਕੋਈ ਸੀਰੀ ਹੋਣਗੇ, ਜਿਹੜੇ ਕੁਵੇਲੇ ਕੰਮ ਮੁਕਾਣ ਡਏ ਆ। ਉੱਧਰੋਂ ਤਾਈ ਨੂੰ ਫਿਕਰ ਬਈ, ਅੱਜ ਬਾਹਲੀ ਡੱਫ ਲਈ ਹੋਣੀ ਆ। ਲਓ ਜੀ ਉੱਧਰੋਂ ਤਾਈ ਘਰੋਂ ਨਿਕਲ ਪਈ ਬੇਲਣਾ ਲੈ ਕੇ ਤੇ ਇਧਰ ਭਰੀਆਂ ਚੁਕਾਉਂਦਾ ਤਾਇਆ ਉਹਦੇ ਨਜ਼ਰੀਂ ਪੈ ਗਿਆ। ਅੱਖ ਦੇ ਫੋਰ ਵਿਚ ਹੀ ਤਾਈ ਨੇ ਤਾਂ ਤਿੰਨੇ ਧਰ ਲਏ। ਚੀਕ ਚਿਹਾੜਾ ਸੁਣ ਕੇ ਲੋਕ ਆ ਗਏ। ਲੋਕਾਂ ਨੇ ਤਾਇਆ ਤਾਂ ਛੁਡਾ ਲਿਆ ਤੇ ਤਾਈ ਨੂੰ ਵੀ ਸਮਝਾ ਲਿਆ। ਪਰ ਉਦੂੰ ਬਾਅਦ ਕੋਈ ਪੱਠੇ ਵੱਢਣ ਨਹੀਂ ਆਇਆ।

**-ਜਨਮੇਜਾ ਸਿੰਘ ਜੌਹਲ**

# ਦਸਮ ਪਿਤਾ ਗੁਰੂ ਗੋਬਿੰਦ ਸਿੰਘ ਜੀ ਤੇ ਮਾਛੀਵਾੜਾ ਦਾ ਇਤਿਹਾਸ

**ਰਘਬੀਰ ਸਿੰਘ ਭਰਤ**

ਮਾਛੀਵਾੜਾ ਦੀ ਸਭ ਤੋਂ ਮਹੱਤਵਪੂਰਨ ਇਤਿਹਾਸਕ ਘਟਨਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਮਾਛੀਵਾੜਾ ਆਉਣਾ ਹੈ। ਇਹ ਗੱਲ ਦਸੰਬਰ 1704 ਈਸਵੀ ਦੀ ਹੈ, ਜਦੋਂ ਛੇ ਸੱਤ ਪੋਹ ਦੀ ਕੱਕਰਾਲੀ ਤੇ ਕਾਲੀ ਬੋਲੀ ਰਾਤ ਨੂੰ ਚਮਕੌਰ ਸਾਹਿਬ ਵਿਖੇ ਮੁਗ਼ਲਾਂ ਦੀ ਫੌਜ ਨਾਲ ਬਹਾਦਰੀ ਨਾਲ ਟਾਕਰਾ ਕਰਦੇ ਆਪਣੇ ਜਿਗਰ ਦੇ ਟੋਟਿਆਂ ਨੂੰ ਹੱਥੀਂ ਸ਼ਹਾਦਤ ਦਾ ਜਾਮ ਪਿਆ ਕੇ ਆਪਣੇ ਸਿੰਘਾਂ ਦੇ ਕਹਿਣ 'ਤੇ ਅੱਠ ਪੋਹ ਨੂੰ ਇਥੇ ਪੁੱਜੇ ਸਨ। ਚਮਕੌਰ ਦੀ ਗੜ੍ਹੀ ਛੱਡਣ ਸਮੇਂ ਭਾਈ ਦਇਆ ਸਿੰਘ, ਭਾਈ ਮਾਨ ਸਿੰਘ ਤੇ ਭਾਈ ਧਰਮ ਸਿੰਘ ਜੀ ਦੇ ਨਾਲ ਸਨ, ਜੋ ਗੁਰੂ ਸਾਹਿਬ ਤੋਂ ਵਿਛੜ ਗਏ ਸਨ, ਪਰ ਫਿਰ ਪਿੱਛੋਂ ਮਾਛੀਵਾੜਾ ਆ ਕੇ ਗੁਰੂ ਸਾਹਿਬ ਨਾਲ ਮਿਲ ਗਏ ਸਨ। ਗੁਰੂ ਜੀ ਨੇ ਜਿਸ ਬਾਗ ਵਿੱਚ ਖੂਹ ਤੋਂ ਪਾਣੀ ਪੀਤਾ ਤੇ ਟਿੰਡ ਦਾ ਸਰਾਹਣਾ ਲਾ ਕੇ ਜੰਡ ਹੇਠ ਆਰਾਮ ਕੀਤਾ ਸੀ, ਉਥੇ ਅੱਜ-ਕੱਲ੍ਹ ਸ਼ਾਨਦਾਰ ਗੁਰਦੁਆਰਾ ਚਰਨ ਕੰਵਲ ਸਾਹਿਬ ਹੈ। ਇਸ ਗੁਰਦੁਆਰੇ ਨੂੰ ਨਵਾਂ ਰੂਪ ਦਿੱਤਾ ਗਿਆ ਹੈ। ਸਾਰੀ ਇਮਾਰਤ ਨਵੇਂ ਸਿਰਿਓਂ ਉਸਾਰੀ ਗਈ ਹੈ। ਗੁਰਦੁਆਰੇ ਦੇ ਬਾਗਲੇ ਵਿੱਚ ਹੁਣ ਖੁੱਲ੍ਹਾ-ਡੁੱਲ੍ਹਾ ਸਰੋਵਰ, ਲੈਕਚਰ ਹਾਲ, ਲੰਗਰ ਹਾਲ, ਰਿਹਾਇਸ਼ੀ ਕਮਰੇ, ਪ੍ਰਬੰਧਕੀ ਬਲਾਕ ਤੇ ਯਾਤਰੀਆਂ ਲਈ ਸਰਾਇ ਬਣਾਈ ਗਈ ਹੈ। ਡਿਊਢੀ ਦੇ ਨਾਲ ਹੀ ਗੁਰੂ ਗੋਬਿੰਦ ਸਿੰਘ ਮਾਰਗ ਵਾਲਾ ਸਤੰਬ ਬਣਾਇਆ ਗਿਆ ਹੈ, ਜਿਸ 'ਤੇ ਵਿਸ਼ੇਸ਼ ਸ਼ਸਤਰ ਸਜਾਏ ਗਏ ਹਨ। ਗੁਰਦੁਆਰੇ ਦੇ ਨਾਲ ਹੀ ਸਿੱਖ ਇੰਟਰਨੈਸ਼ਨਲ ਅਜਾਇਬਘਰ ਬਣਾਇਆ ਗਿਆ ਹੈ, ਜਿਸ ਦੀ ਉਸਾਰੀ ਵਿੱਚ ਜਗਦੀਸ਼ ਸਿੰਘ ਬਰਾੜ ਚਿੱਤਰਕਾਰ ਨੇ ਅਹਿਮ ਤੇ ਮੁੱਖ ਭੂਮਿਕਾ ਨਿਭਾਈ ਹੈ। ਅਜਾਇਬਘਰ ਵਿੱਚ ਬਰਾੜ ਜੀ ਦੇ ਬਣਾਏ ਚਿੱਤਰ ਸੁਸ਼ੋਭਤ ਹਨ। ਇਸ ਪਵਿੱਤਰ ਅਸਥਾਨ 'ਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਇਹ ਸ਼ਬਦ ਉਚਾਰਿਆ ਸੀ:

ਮਿੱਤਰ ਪਿਆਰੇ ਨੂੰ ਹਾਲ ਮੁਰੀਦਾਂ ਦਾ ਕਹਿਣਾ
ਤੁੱਧ ਬਿਨ ਰੋਗ ਰਜਾਈਆਂ ਦਾ ਓਡਣ
ਨਾਗ ਨਿਵਾਸਾਂ ਦੇ ਰਹਿਣਾ



ਗੁਰਦੁਆਰਾ ਚਰਨ ਕੰਵਲ ਸਾਹਿਬ ਵਿਖੇ ਹਰ ਸਾਲ 22 ਤੋਂ 24 ਦਸੰਬਰ ਨੂੰ ਸਾਲਾਨਾ ਜੋੜ ਮੇਲਾ ਹੁੰਦਾ ਹੈ, ਜਿਸ ਨੂੰ ਸਿੰਘ ਸਭਾ ਵੀ ਕਿਹਾ ਜਾਂਦਾ ਹੈ ਜਾਂ ਸਭਾ ਵੀ ਆਖਿਆ ਜਾਂਦਾ ਹੈ।

ਗੁਰੂ ਸਾਹਿਬ ਦੇ ਪਹੁੰਚਣ ਦੀ ਖ਼ਬਰ ਉਨ੍ਹਾਂ ਦੇ ਹਿਤੈਸ਼ੀ ਤੇ ਸ਼ਰਧਾਲੂ ਮਸੰਦ ਗੁਲਾਬਾ ਤੇ ਗ਼ਨੀ ਖਾਂ, ਨਬੀ ਖਾਂ ਭਰਾਵਾਂ ਨੂੰ ਮਿਲ ਗਈ ਸੀ। ਉਹ ਗੁਰੂ ਸਾਹਿਬ ਨੂੰ ਗੁਲਾਬੇ ਦੇ ਘਰ ਲੈ ਆਏ। ਇਥੇ ਅੱਜ-ਕੱਲ੍ਹ ਗੁਰਦੁਆਰਾ ਚੁਬਾਰਾ ਸਾਹਿਬ ਬਣਿਆ ਹੋਇਆ ਹੈ। ਇਸ ਗੁਰਦੁਆਰੇ ਨੂੰ ਵੀ ਨਵਾਂ ਰੂਪ ਦਿੱਤਾ ਗਿਆ ਹੈ। ਗੁਲਾਬੇ ਦੇ ਘਰ ਗੁਰੂ ਜੀ ਨੇ ਇਕ ਰਾਤ ਗੁਜ਼ਾਰੀ ਸੀ। ਇਥੇ ਹੀ ਮਾਈ ਹਰਦੇਈ ਨੇ ਆਪਣੇ ਹੱਥੀਂ ਤਿਆਰ ਕੀਤਾ ਚਿੱਟਾ ਪੁਸ਼ਾਕਾ ਗੁਰੂ ਸਾਹਿਬ ਨੂੰ ਅਤਿ ਸ਼ਰਧਾ ਤੇ ਪਿਆਰ-ਸਤਿਕਾਰ ਸਹਿਤ ਭੇਟ ਕੀਤਾ ਸੀ। ਗੁਰੂ ਸਾਹਿਬ ਨੇ ਉਸ ਚੋਲੇ ਨੂੰ ਨੀਲਾ ਰੰਗਵਾ ਕੇ ਪਹਿਨ ਲਿਆ ਸੀ। ਜਿਸ ਮੱਟ ਵਿੱਚ ਇਹ ਚੋਲਾ ਰੰਗਿਆ ਗਿਆ ਸੀ, ਉਹ ਮੱਟ ਹੁਣ ਵੀ ਏਸੇ ਗੁਰਦੁਆਰੇ ਵਿੱਚ ਸੁਰੱਖਿਅਤ ਹੈ। ਮਾਤਾ ਹਰਦੇਈ ਦੀ ਯਾਦ ਵਿੱਚ ਹੁਣ ਮਾਤਾ ਹਰਦੇਈ ਸੀਨੀਅਰ ਸੈਕੰਡਰੀ ਸਕੂਲ ਲੜਕੀਆਂ ਨੈਸ਼ਨਲ ਕਾਲਜ ਫਾਰ ਵਿਮੈਨ ਦੇ ਵਿਹੜੇ ਵਿੱਚ ਹੀ ਸ਼ਾਨਦਾਰ ਇਮਾਰਤ ਵਿੱਚ ਚੱਲ ਰਿਹਾ ਹੈ।

ਅਗਲੇ ਦਿਨ ਸ਼ਾਹੀ ਫੌਜਾਂ ਗੁਰੂ ਸਾਹਿਬ ਦਾ ਪਿੱਛਾ ਕਰਦੀਆਂ ਮਾਛੀਵਾੜਾ ਆ ਪੁੱਜੀਆਂ ਸਨ। ਹਾਲਾਤ ਨੂੰ ਵੇਖਦੇ ਹੋਏ ਮਸੰਦ ਗੁਲਾਬਾ, ਗ਼ਨੀ ਖਾਂ ਤੇ ਨਬੀ ਖਾਂ ਗੁਰੂ ਸਾਹਿਬ ਨੂੰ ਗੁਲਾਬੇ ਦੇ ਘਰੋਂ ਆਪਣੇ ਘਰ ਲੈ ਆਏ ਸਨ। ਗ਼ਨੀ ਖਾਂ-ਨਬੀ ਖਾਂ ਦੇ ਘਰ ਵਿੱਚ ਹੁਣ ਗੁਰਦੁਆਰਾ ਗ਼ਨੀ ਖਾਂ-ਨਬੀ ਖਾਂ ਨਵੇਂ ਰੂਪ ਵਿੱਚ ਬਣਾਇਆ ਗਿਆ ਹੈ। ਉਨ੍ਹਾਂ ਦੇ ਮਜ਼ਾਰ ਨੂੰ ਵੀ ਨਵਾਂ ਰੂਪ ਦਿੱਤਾ ਗਿਆ ਹੈ। ਇਸ ਗੁਰਦੁਆਰੇ ਵਿੱਚ ਵੀ ਲੰਗਰ ਦਾ ਵੱਖਰਾ ਪ੍ਰਬੰਧ ਹੈ। ਗੁਰੂ ਸਾਹਿਬ ਦੇ ਠਹਿਰਨ ਵਾਲੇ ਕਮਰੇ ਨੂੰ ਵੀ ਨਵਾਂ ਰੂਪ ਦਿੱਤਾ ਗਿਆ ਹੈ। ਇਹ ਗੁਰਦੁਆਰਾ ਪਠਾਨ ਭਰਾਵਾਂ ਦੀ ਸਦੀਵੀ ਯਾਦਗਾਰ ਹੈ। ਨਬੀ ਖਾਂ-ਗ਼ਨੀ ਖਾਂ ਦੇ ਨਾਂ 'ਤੇ 1971 ਵਿੱਚ ਇਕ ਗੇਟ ਬਣਾਇਆ ਗਿਆ ਹੈ। ਗੁਰੂ ਜੀ ਵੱਲੋਂ ਲਿਖਿਆ 'ਹੁਕਮਨਾਮਾ' ਵੀ ਇਸ ਗੁਰਦੁਆਰੇ ਵਿੱਚ ਸਾਂਭਿਆ ਪਿਆ ਹੈ। ਇਸੇ ਪਵਿੱਤਰ ਥਾਂ 'ਤੇ ਮਸੰਦ ਗੁਲਾਬਾ, ਨਬੀ ਖਾਂ-ਗ਼ਨੀ ਖਾਂ, ਤਿੰਨ ਪਿਆਰੇ ਸਿੰਘਾਂ, ਸੱਯਦ ਪੀਰ ਮੁਹੰਮਦ ਨੂਰਪੁਰੀ ਤੇ ਪੀਰ ਚਿਰਾਗ ਸ਼ਾਹ ਅਜਮੇਰ ਵਾਲਿਆਂ ਨੇ ਗੁਰੂ ਸਾਹਿਬ ਨੂੰ ਉੱਚ ਦਾ ਪੀਰ ਬਣਾਉਣ ਦਾ ਮਤਾ ਪਾਸ ਕੀਤਾ ਸੀ। ਗੁਰੂ ਸਾਹਿਬ ਨੇ ਸਰਬਤ ਦਾ ਫੈਸਲਾ ਸਵੀਕਾਰ ਕਰਦਿਆਂ ਉੱਚ ਦਾ ਪੀਰ ਬਣਨਾ ਕਬੂਲ ਕਰ ਲਿਆ ਸੀ।

ਇਹ ਦੋਵੇਂ ਭਰਾ ਕੋਟਲਾ ਨਿਹੰਗ (ਭੱਠਾ ਸਾਹਿਬ) ਦੇ ਨਿਹੰਗ ਖਾਂ ਪਠਾਨ ਦੀ ਭੂਆ ਦੇ ਪੁੱਤਰ ਭਰਾ ਸਨ ਤੇ ਰਾਏਕੋਟ ਵਾਲਾ ਰਾਏ ਕੱਲਾ, ਜਿਸ ਨੇ ਗੁਰੂ ਸਾਹਿਬ ਨੂੰ ਛੋਟੇ ਸਾਹਿਬਜ਼ਾਦਿਆਂ ਦੀ ਸ਼ਹੀਦੀ ਬਾਰੇ ਪਤਾ ਕਰਕੇ ਦੱਸਿਆ ਸੀ, ਨਿਹੰਗ ਖਾਂ ਦਾ ਕੁੜਮ ਸੀ। ਇਸ ਤਰ੍ਹਾਂ ਇਹ ਤਿੰਨੇ ਪਰਿਵਾਰ ਗੁਰੂ ਸਾਹਿਬ ਦੇ ਹਮਦਰਦ ਤੇ ਪ੍ਰੇਮੀ ਸਨ। ਇਨ੍ਹਾਂ ਨੇ ਆਪਣੀਆਂ ਜਾਨਾਂ ਖਤਰੇ ਵਿੱਚ ਪਾ ਕੇ ਗੁਰੂ ਸਾਹਿਬ ਨਾਲ ਪਿਆਰ ਨਿਭਾਉਂਦਿਆਂ, ਸਿਦਕ ਤੇ ਸਿਰੜ ਪੁਗਾਇਆ ਸੀ।

ਅਗਲੇ ਦਿਨ ਗੁਰੂ ਸਾਹਿਬ ਦਾ ਮਾਛੀਵਾੜਾ ਨੂੰ ਛੱਡ ਜਾਣ ਦਾ ਪ੍ਰੋਗਰਾਮ ਸੀ। ਗੁਰੂ ਜੀ ਉੱਚ ਦੇ ਪੀਰ ਦੇ ਰੂਪ ਵਿੱਚ ਇਕ ਸੁੰਦਰ ਪਲੰਘ 'ਤੇ ਬਿਰਾਜਮਾਨ ਹੋ ਗਏ। ਪਲੰਘ ਨੂੰ ਨਬੀ ਖਾਂ-ਗ਼ਨੀ ਖਾਂ, ਭਾਈ ਧਰਮ ਸਿੰਘ ਤੇ ਭਾਈ ਮਾਨ ਸਿੰਘ ਨੇ ਚੁੱਕਿਆ ਹੋਇਆ ਸੀ। ਭਾਈ ਦਇਆ ਸਿੰਘ ਚੌਰ ਕਰ ਰਹੇ ਸਨ। ਜਦ ਇਹ ਨੇਕ ਤੇ ਦਲੇਰ ਇਨਸਾਨ ਫੌਜੀ ਕੈਂਪ ਕੋਲ ਚਲੇ ਗਏ ਤਾਂ ਉਨ੍ਹਾਂ ਨੂੰ ਰੋਕ ਲਿਆ ਗਿਆ। ਉਸ ਵੇਲੇ ਮਾਛੀਵਾੜਾ ਮੁਗ਼ਲ ਸਿਪਾਹੀਆਂ ਦੀ ਛਾਉਣੀ ਬਣਿਆ ਹੋਇਆ ਸੀ।

ਫੌਜਾਂ ਦਾ ਮੁਖੀ ਦਲਾਵਰ ਖਾਂ ਸੀ। ਉਨ੍ਹਾਂ ਦੀ ਪੇਸ਼ੀ ਹੋਈ। ਗੁਰੂ ਸਾਹਿਬ ਦਾ ਉਸ ਨੂੰ ਭੁਲੇਖਾ ਲੱਗ ਚੁੱਕਾ ਸੀ। ਕੁਝ ਪ੍ਰਸ਼ਨ ਹੋਏ। ਨਿਡਰ ਤੇ ਨਿਧੜਕ ਭਰਾਵਾਂ ਨੇ ਆਖਿਆ ਕਿ ਇਹ ਉਨ੍ਹਾਂ ਦੇ ਪੀਰ ਹੀ ਨਹੀਂ, ਸਗੋਂ ਉੱਚ ਦੇ ਪੀਰ ਹਨ। ਦਲਾਵਰ ਖਾਂ ਜਰਨੈਲ ਨੇ ਸ਼ਨਾਖਤ ਲਈ ਤਿੰਨ ਉੱਘੇ ਮੁਸਲਮਾਨ ਧਾਰਮਿਕ ਆਗੂਆਂ ਕਾਜ਼ੀ ਅਨਾਇਤ ਅਲੀ, ਕਾਜ਼ੀ ਪੀਰ ਮੁਹੰਮਦ ਸਲੋਹ ਵਾਲੇ ਤੇ ਸੱਯਦ ਹਸਨ ਅਲੀ ਮੌਫੂ ਮਾਜਰੀਆ ਨੂੰ ਬੁਲਾਇਆ ਗਿਆ। ਉਨ੍ਹਾਂ ਨੇ ਜ਼ਾਲਮ ਤੇ ਮਜ਼ਲੂਮ ਦੀ ਟੱਕਰ ਵਿਚ ਹੱਕ ਤੇ ਸੱਚ ਦੀ ਪਛਾਣ ਕਰਦਿਆਂ ਜਾਣਬੁੱਝ ਕੇ ਆਖ ਦਿੱਤਾ ਸੀ ਕਿ ਇਹ 'ਉੱਚ ਦੇ ਪੀਰ' ਹਨ।

ਦਲਾਵਰ ਖਾਂ ਦੀ ਤਸੱਲੀ ਨਾ ਹੋਈ। ਫਿਰ ਉਸ ਨੇ ਖਾਣਾ ਖਾਣ ਲਈ ਕਿਹਾ। ਭਾਈ ਦਇਆ ਸਿੰਘ ਨੇ ਕਿਹਾ, "ਪੀਰ ਸਾਹਿਬ, ਰੋਜ਼ੇ 'ਤੇ ਹਨ।" ਦਲਾਵਰ ਖਾਂ ਨੇ ਦੂਜੇ ਸਾਥੀਆਂ ਨੂੰ ਖਾਣੇ ਵਿੱਚ ਸ਼ਰੀਕ ਹੋਣ ਦਾ ਹੁਕਮ ਕੀਤਾ। ਗੁਰੂ ਸਾਹਿਬ ਨੇ ਖਾਣਾ ਖਾਣ ਦੀ ਆਗਿਆ ਦਿੰਦਿਆਂ ਉਨ੍ਹਾਂ ਨੂੰ ਕ੍ਰਿਪਾਨ ਖਾਣੇ ਵਿੱਚ ਫੇਰ ਕੇ ਖਾਣਾ ਛੱਕ ਲੈਣ ਲਈ ਸਲਾਹ ਦਿੱਤੀ। ਸਾਰੇ ਸਾਥੀਆਂ ਨੇ ਖਾਣੇ ਵਿੱਚ ਕ੍ਰਿਪਾਨ ਫੇਰ ਕੇ ਖਾਣਾ ਛੱਕ ਲਿਆ।

"ਖਾਣੇ ਵਿੱਚ ਕਰਦ ਕਿਉਂ ਫੇਰੀ ?" ਕਿਸੇ ਅਫਸਰ ਨੇ ਪੁੱਛਿਆ। "ਸਾਡੇ ਪੀਰ ਦਾ ਹੁਕਮ ਹੈ ਕਿ ਖਾਣਾ ਖਾਣ ਤੋਂ ਪਹਿਲਾਂ ਖਾਣੇ ਵਿੱਚ ਕਰਦ ਫੇਰੋ। ਇਸ ਤਰ੍ਹਾਂ ਖਾਣਾ ਪਾਕ ਹੋ ਜਾਂਦਾ ਹੈ।" ਧਰਮ ਸਿੰਘ ਨੇ ਉਤਰ ਮੋੜਿਆ। ਇਸ ਤਰ੍ਹਾਂ ਦਲਾਵਰ ਖਾਂ ਦੀ ਤਸੱਲੀ ਹੋ ਗਈ। ਉਸ ਨੇ ਉੱਚ ਦੇ ਪੀਰ ਨੂੰ ਅਗਾਂਹ ਜਾਣ ਦੀ ਆਗਿਆ ਦੇ ਦਿੱਤੀ। ਇਸ ਪਰਖ ਵਾਲੀ ਥਾਂ 'ਤੇ ਗੁਰਦੁਆਰਾ ਕ੍ਰਿਪਾਨ ਭੇਟ ਬਣਿਆ ਹੋਇਆ ਹੈ। ਇਸ ਨੂੰ ਨਿਹੰਗਾ ਸਿੰਘਾਂ ਦੀ ਛਾਉਣੀ ਵੀ ਕਿਹਾ ਜਾਂਦਾ ਹੈ। ਗੁਰੂ ਜੀ ਇਥੋਂ ਘੁਲਾਲ, ਕਟਾਣਾ ਸਾਹਿਬ ਨੂੰ ਹੁੰਦੇ ਹੋਏ ਆਲਮਗੀਰ ਪੁੱਜ ਗਏ ਸਨ। ਨਬੀ ਖਾਂ ਤੇ ਗ਼ਨੀ ਖਾਂ ਗੁਰੂ ਜੀ ਨੂੰ ਆਲਮਗੀਰ ਤੱਕ ਛੱਡ ਕੇ ਮੁੜੇ ਸਨ। ਉਥੇ ਅੱਜ-ਕੱਲ੍ਹ ਗੁਰਦੁਆਰਾ ਮੰਜੀ ਸਾਹਿਬ ਹੈ।

ਆਲਮਗੀਰ ਭਾਈ ਨਿਘਾਈਆ ਸਿੰਘ ਨੇ ਆਪ ਜੀ ਨੂੰ ਘੋੜਾ ਪੇਸ਼ ਕੀਤਾ ਸੀ। ਉਥੋਂ ਗੁਰੂ ਜੀ ਰਾਏਕੋਟ ਰਾਏ ਕੱਲਾ ਕੋਲ ਪੁੱਜ ਗਏ। ਉਥੋਂ ਆਪ ਮਾਲਵੇ ਦੀ ਧਰਤੀ ਮੁਕਤਸਰ ਪੁੱਜ ਗਏ, ਜਿੱਥੇ 1705 ਈਸਵੀ ਵਿੱਚ ਗੁਰੂ ਜੀ ਨੂੰ ਮੁਗ਼ਲਾਂ ਨਾਲ ਫੈਸਲਾਕੁਨ ਯੁੱਧ ਕਰਨਾ ਪਿਆ। ਮਾਛੀਵਾੜਾ ਤੋਂ ਹੀ ਗੁਰੂ ਜੀ ਨੇ ਔਰੰਗਜ਼ੇਬ ਨੂੰ ਫਤਹਿਨਾਮਾ ਪੱਤਰ ਲਿਖਿਆ ਸੀ। ਇਥੇ ਹੀ ਉਨ੍ਹਾਂ ਨੇ ਗ਼ਨੀ ਖਾਂ-ਨਬੀ ਖਾਂ ਨੂੰ ਜਿਹੜਾ ਹੁਕਮਨਾਮਾ ਲਿਖਿਆ ਸੀ, ਉਹ ਇਸ ਤਰ੍ਹਾਂ ਹੈ:-

"ਹੁਕਮਨਾਮਾ ਪਾਤਸ਼ਾਹੀ ੧੦, ੧ੴ ਸਤਿਗੁਰ ਪ੍ਰਸਾਦਿ ਨਿਸ਼ਾਨ ਪਾਤਸ਼ਾਹੀ ੧੦-ਸ੍ਰੀ ਵਾਹਿਗੁਰੂ ਜੀ ਦੀ ਆਗਿਆ ਹੈ ਸਰਬਤ ਸੰਗਤਿ ਉਪ੍ਰਿ ਮੇਰਾ ਹੁਕਮ ਹੈ ਗ਼ਨੀ ਖਾਂ-ਨਬੀ ਖਾਂ ਏਹ ਹੈ ਜੋ ਹੈ ਕਿ ਮੇਰੇ ਫਰਜੰਦਾਂ ਸੈ ਬਿਹਜ ਹੈਨਿ। ਮੇਰੇ ਕੰਮ ਆਏ ਹਨ। ਜੋ ਸਿਖਿ ਇਨਿ ਕੀ ਖਿਜਮਤਿ ਅੰਦਰਿ ਰਜੂ ਰਹੇਗਾ, ਸੋ ਨਿਹਾਲ ਹੋਗੁ। ਉਨ੍ਹਾਂ ਉਪਰਿ ਮੇਰੀ ਖੁਸ਼ੀ ਹੋਗੀ। ਉਸ ਉਪਰ ਮੇਰਾ ਹਥੁ ਹੋਗੁ। ਏਹ ਜੋ ਹੈਨਿ ਸੋ ਮੇਰੇ ਹੈਨਿ। ਜੋ ਸਿਖਿ ਇਨ ਕੀ ਸੇਵਾ ਕਰੇਗਾ ਸੋ ਮੇਰੀ ਕਰੇਗਾ।"

(ਨਿਸ਼ਾਨ ਤੇ ਹੁਕਮਨਾਮੇ ਸਿੱਖ: ਇ. ਰਿ: ਬੋਰਡ ਅੰਮ੍ਰਿਤਸਰ ਦੇ ਧੰਨਵਾਦ ਸਹਿਤ)

ਗ਼ਨੀ ਖਾਂ ਤੇ ਨਬੀ ਖਾਂ ਦੀ ਔਲਾਦ ਅੱਜ-ਕੱਲ੍ਹ ਲਾਹੌਰ ਬਾਜ਼ਾਰ ਹਕੀਮਾਂ (ਪਾਕਿਸਤਾਨ) ਵਿੱਚ ਰਹਿ ਰਹੀ ਹੈ। ਮਾਛੀਵਾੜਾ ਵਿੱਚ ਪਠਾਨ ਭਰਾਵਾਂ ਦੀ ਯਾਦ ਵਿੱਚ 1970 ਵਿੱਚ ਗੇਟ ਤੇ ਸਰਕਾਰੀ ਹਸਪਤਾਲ ਦਾ ਨਾਂ ਗ਼ਨੀ ਖਾਂ-ਨਬੀ ਖਾਂ ਹਸਪਤਾਲ 1982 ਵਿੱਚ ਰੱਖਿਆ ਗਿਆ ਸੀ।

# ਸਾਕਾ ਕੌਮਾਗਾਟਾ ਮਾਰੂ ਤੇ ਗੁਰਦੁਆਰਾ ਸੁਧਾਰ ਲਹਿਰ ਦਾ ਯੋਧਾ ਭਾਈ ਦਲਜੀਤ ਸਿੰਘ

**ਗੁਰਲਾਲ ਸਿੰਘ ਬਰਾੜ**

ਭਾਈ ਦਲਜੀਤ ਸਿੰਘ ਉਰਫ਼ ਭਾਈ ਰਾਏ ਸਿੰਘ ਅਜਿਹਾ ਹੀ ਇੱਕ ਅਣਗੌਲਿਆ ਦੇਸ਼-ਭਗਤ ਹੈ। ਭਾਰਤ ਦੀ ਆਜ਼ਾਦੀ ਦੇ ਇਤਿਹਾਸ ਦੀ ਇੱਕ ਅਹਿਮ ਘਟਨਾ 'ਸਾਕਾ ਕਾਮਾਗਾਟਾਮਾਰੂ' ਅਤੇ 1919 ਤੋਂ 1926 ਤੱਕ ਪੰਜਾਬ ਵਿੱਚ ਚੱਲੀ ਗੁਰਦੁਆਰਾ ਸੁਧਾਰ ਲਹਿਰ ਵਿੱਚ ਇੱਕ ਜ਼ਿਕਰਯੋਗ ਕੁਰਬਾਨੀ ਦੇ ਬਾਵਜੂਦ ਸਮੇਂ ਦੀਆਂ ਸਰਕਾਰਾਂ ਅਤੇ ਸਾਡੇ ਇਤਿਹਾਸਕਾਰਾਂ ਵੱਲੋਂ ਇਸ ਜੁਝਾਰੂ ਦੇਸ਼-ਭਗਤ ਯੋਧੇ ਨੂੰ ਬਣਦਾ ਸਨਮਾਨ ਨਹੀਂ ਦਿੱਤਾ ਗਿਆ।

ਉਨ੍ਹਾਂ ਦਾ ਜਨਮ 1893 ਵਿੱਚ ਜ਼ਿਲ੍ਹਾ ਫ਼ਿਰੋਜ਼ਪੁਰ ਦੇ ਪਿੰਡ ਕਾਉਣੀ (ਵਰਤਮਾਨ ਜ਼ਿਲ੍ਹਾ ਮੁਕਤਸਰ ਸਾਹਿਬ) ਵਿੱਚ ਮਲੂਕ ਸਿੰਘ ਦੇ ਘਰ ਹੋਇਆ। ਨਾਲ਼ ਦੇ ਪਿੰਡ ਦੋਦਾ ਤੋਂ ਪ੍ਰਾਇਮਰੀ ਪਾਸ ਕਰਨ ਉਪਰੰਤ ਉਨ੍ਹਾਂ ਨੂੰ ਖ਼ਾਲਸਾ ਕਾਲਜੀਏਟ ਸਕੂਲ, ਅੰਮ੍ਰਿਤਸਰ ਵਿੱਚ ਦਾਖ਼ਲ ਕਰਵਾ ਦਿੱਤਾ ਗਿਆ। 1911 ਵਿੱਚ ਇੱਥੋਂ ਦਸਵੀਂ ਪਾਸ ਕਰਨ ਤੋਂ ਬਾਅਦ ਉਹ ਸਿੱਖ ਵਿਦਵਾਨ ਅਤੇ ਮਿਸ਼ਨਰੀ ਭਾਈ ਤਖ਼ਤ ਸਿੰਘ ਕੋਲ ਚਲੇ ਗਏ ਤੇ ਰਸਾਲਾ 'ਪੰਜਾਬੀ ਭੈਣ' ਦੇ ਸਹਾਇਕ ਐਡੀਟਰ ਲੱਗ ਗਏ। 20ਵੀਂ ਸਦੀ ਦੇ ਸ਼ੁਰੂਆਤੀ ਸਾਲਾਂ ਦੌਰਾਨ ਪੰਜਾਬੀਆਂ ਵਿੱਚ ਰੋਜ਼ੀ-ਰੋਟੀ ਲਈ ਵਿਦੇਸ਼ਾਂ ਵਿੱਚ ਜਾਣ ਦਾ ਰੁਝਾਨ ਸ਼ੁਰੂ ਹੋਇਆ। ਕੈਨੇਡਾ ਦੀ ਸਰਕਾਰ ਨੇ ਇਸ ਪਰਵਾਸ ਨੂੰ ਰੋਕਣ ਲਈ ਸਖ਼ਤ ਕਾਨੂੰਨ ਪਾਸ ਕਰ ਦਿੱਤੇ। ਕੈਨੇਡਾ ਰਹਿ ਰਹੇ ਪੰਜਾਬੀਆਂ ਲਈ ਇਹ ਵੱਡੀ ਸਮੱਸਿਆ ਬਣ ਗਏ। ਹੋਰ ਯਤਨਾਂ ਦੇ ਅਸਫ਼ਲ ਰਹਿਣ ਤੋਂ ਬਾਅਦ 31 ਅਗਸਤ 1913 ਨੂੰ ਫਿਰੋਜ਼ਪੁਰ ਵਿੱਚ ਹੋਏ ਜਲਸੇ ਦੌਰਾਨ ਭਾਈ ਬਲਵੰਤ ਸਿੰਘ ਖੁਰਦਪੁਰ ਨੇ ਭਾਈ ਤਖ਼ਤ ਸਿੰਘ ਨਾਲ਼ ਕਲਕੱਤੇ ਤੋਂ ਕੈਨੇਡਾ ਤੱਕ ਸਿੱਧਾ ਆਪਣਾ ਜਹਾਜ਼ ਚਲਾਉਣ ਦੀ ਸਕੀਮ 'ਤੇ ਵਿਚਾਰ-ਵਟਾਂਦਰਾ ਕੀਤਾ। ਭਾਈ ਤਖ਼ਤ ਸਿੰਘ ਨੇ ਛੇਤੀ ਹੀ ਸਿੰਘਾਪੁਰ ਰਹਿੰਦੇ ਬਾਬਾ ਗੁਰਦਿੱਤ ਸਿੰਘ ਸਰਹਾਲੀ ਨੂੰ 'ਆਪਣਾ ਜਹਾਜ਼' ਚਲਾਉਣ ਦੇ ਪ੍ਰੋਜੈਕਟ ਨੂੰ ਆਪਣੇ ਹੱਥ ਵਿੱਚ ਲੈਣ ਲਈ ਰਾਜ਼ੀ ਕਰ ਲਿਆ। ਫਿਰ ਭਾਈ ਦਲਜੀਤ ਸਿੰਘ ਨੂੰ ਤਿਆਰ ਕੀਤਾ ਕਿਉਂਕਿ ਉਹ ਪੜ੍ਹਿਆ-ਲਿਖਿਆ ਸੀ ਅਤੇ ਉਸ ਨੂੰ ਅੰਗਰੇਜ਼ੀ ਜ਼ੁਬਾਨ ਵਿੱਚ ਗੱਲਬਾਤ ਕਰਨ ਵਿੱਚ ਮੁਹਾਰਤ ਹਾਸਲ ਸੀ। ਦਸੰਬਰ 1913 ਦੇ ਅਖੀਰਲੇ ਹਫ਼ਤੇ ਭਾਈ ਦਲਜੀਤ ਸਿੰਘ ਆਪਣੇ ਇੱਕ ਹੋਰ ਸਾਥੀ ਭਾਈ ਵੀਰ ਸਿੰਘ ਨੂੰ ਨਾਲ਼ ਲੈ ਕੇ ਹਾਂਗਕਾਂਗ ਪਹੁੰਚ ਗਿਆ।

5 ਜਨਵਰੀ 1914 ਨੂੰ ਬਾਬਾ ਗੁਰਦਿੱਤ ਸਿੰਘ ਵੀ ਹਾਂਗਕਾਂਗ ਪੁੱਜ ਗਏ ਤੇ ਗੁਰਦੁਆਰੇ ਵਿੱਚ ਵਿਚਾਰ-ਵਟਾਂਦਰਾ ਕੀਤਾ। ਭਾਈ ਦਲਜੀਤ ਸਿੰਘ ਨੂੰ ਕੈਨੇਡਾ ਵਿਚਲੇ ਆਗੂਆਂ ਨਾਲ਼ ਰਾਬਤਾ ਬਣਾਉਣ ਅਤੇ ਕੁਝ ਫੰਡ ਇਕੱਠਾ ਕਰਨ ਦੀਆਂ ਹਦਾਇਤਾਂ ਦੇ ਕੇ ਬਾਬਾ ਗੁਰਦਿੱਤ ਸਿੰਘ ਵਾਪਸ ਸਿੰਘਾਪੁਰ ਚਲੇ ਗਏ। ਮਾਰਚ 1914 ਵਿੱਚ ਬਾਬਾ ਜੀ ਫਿਰ ਹਾਂਗਕਾਂਗ ਆਏ ਅਤੇ ਇੱਕ ਜਪਾਨੀ ਕੰਪਨੀ ਤੋਂ 'ਐੱਸ.ਐੱਸ. ਕਾਮਾਗਾਟਾਮਾਰੂ' ਨਾਂ ਦਾ ਸਮੁੰਦਰੀ ਜਹਾਜ਼ ਛੇ ਮਹੀਨਿਆਂ ਲਈ 11,000 ਡਾਲਰ ਪ੍ਰਤੀ ਮਹੀਨਾ ਭਾੜੇ ਦੇ ਹਿਸਾਬ ਨਾਲ਼ ਕਿਰਾਏ 'ਤੇ ਲੈ ਲਿਆ। ਕਾਫ਼ੀ ਕਾਨੂੰਨੀ ਅੜਚਣਾ ਤੋਂ ਬਾਅਦ 4 ਅਪਰੈਲ 1914 ਨੂੰ ਕਾਮਾਗਾਟਾਮਾਰੂ ਜਹਾਜ਼ ਹਾਂਗਕਾਂਗ ਤੋਂ 165 ਮੁਸਾਫ਼ਰ ਲੈ ਕੇ ਤੁਰਿਆ। ਸ਼ੰਘਾਈ, ਮੋਜ਼ੀ, ਯੋਕੋਹਾਮਾ ਆਦਿ ਬੰਦਰਗਾਹਾਂ ਤੋਂ ਕੁਝ ਹੋਰ ਮੁਸਾਫ਼ਰ ਲੈਂਦਾ ਹੋਇਆ ਕਾਮਾਗਾਟਾਮਾਰੂ ਕੁੱਲ 376 ਮੁਸਾਫ਼ਰ ਲੈ ਕੇ 18 ਮਈ ਨੂੰ ਵਿਕਟੋਰੀਆ ਅਤੇ 21 ਮਈ 1914 ਨੂੰ ਵੈਨਕੂਵਰ ਬੰਦਰਗਾਹ 'ਤੇ ਪਹੁੰਚ ਗਿਆ ਪਰ ਜਹਾਜ਼ ਨੂੰ ਘਾਟ 'ਤੇ ਨਾ ਲੱਗਣ ਦਿੱਤਾ ਗਿਆ। ਜਹਾਜ਼ ਦੋ ਮਹੀਨੇ ਬੰਦਰਗਾਹ 'ਤੇ ਖੜ੍ਹਾ ਰਿਹਾ। ਇਸ ਸਮੇਂ ਦੌਰਾਨ ਕੈਨੇਡਾ ਦੇ ਪਰਵਾਸ ਮਹਿਕਮੇ ਦੇ ਅਧਿਕਾਰੀਆਂ ਨਾਲ਼ ਜੋ ਵੀ ਪੱਤਰ-ਵਿਹਾਰ ਹੋਇਆ, ਉਹ ਭਾਈ ਦਲਜੀਤ ਸਿੰਘ ਨੇ ਕੀਤਾ। ਅਖੀਰ 20 ਜੁਲਾਈ 1914 ਨੂੰ 'ਕਾਮਾਗਾਟਾਮਾਰੂ ਜਹਾਜ਼' ਨੂੰ ਵਾਪਸ ਮੋੜ ਦਿੱਤਾ ਗਿਆ। 28 ਸਤੰਬਰ 1914 ਨੂੰ ਬਜਬਜ ਘਾਟ 'ਤੇ ਪਹੁੰਚਣ ਸਮੇਂ ਪੁਲਿਸ ਵੱਲੋਂ ਚਲਾਈ ਗਈ ਗੋਲੀ ਦੌਰਾਨ ਲਗਪਗ 19 ਮੁਸਾਫ਼ਰ ਮਾਰੇ ਗਏ ਅਤੇ ਬਾਕੀ ਰਾਤ ਦੇ ਹਨੇਰੇ ਦਾ ਫਾਇਦਾ ਉਠਾ ਕੇ ਇੱਧਰ-ਉੱਧਰ ਦੌੜ ਗਏ। ਭਾਈ ਦਲਜੀਤ ਸਿੰਘ ਵੀ ਰਾਤ ਦੇ ਹਨੇਰੇ ਵਿੱਚ ਬਚ ਕੇ ਨਿਕਲ ਗਏ। ਤਿੰਨ ਮਹੀਨੇ ਬਾਅਦ ਉਹ ਪੰਜਾਬ ਆ ਗਏ ਤੇ ਕਰੀਬ 7 ਸਾਲ ਗੁਪਤਵਾਸ ਜ਼ਿੰਦਗੀ ਬਿਤਾਈ। ਅੰਬਾਲੇ ਰਹਿੰਦਿਆਂ ਉਨ੍ਹਾਂ ਸਿੱਖ ਧਰਮ ਅਤੇ ਰਾਜਨੀਤਿਕ ਜਾਗ੍ਰਿਤੀ ਦੇ ਪ੍ਰਚਾਰ-ਪ੍ਰਸਾਰ ਲਈ 'ਦਲਜੀਤ ਜਥਾ' ਕਾਇਮ ਕੀਤਾ।

ਅਖੀਰ ਉਨ੍ਹਾਂ ਅੰਮ੍ਰਿਤਸਰ ਨੂੰ ਆਪਣਾ ਟਿਕਾਣਾ ਬਣਾ ਲਿਆ ਅਤੇ ਰਾਏ ਸਿੰਘ ਨਾਂ ਹੇਠ ਵਿਚਰਨ



ਲੱਗੇ। 1919 ਵਿੱਚ ਉਹ ਸੈਂਟਰਲ ਸਿੱਖ ਲੀਗ ਦਾ ਮੈਂਬਰ ਬਣ ਗਏ। 1920 ਵਿੱਚ ਮਾਸਟਰ ਸੁੰਦਰ ਸਿੰਘ ਲਾਇਲਪੁਰੀ, ਹਰਚੰਦ ਸਿੰਘ ਲਾਇਲਪੁਰੀ ਅਤੇ ਮੰਗਲ ਸਿੰਘ ਆਦਿ ਸਿੱਖ ਆਗੂਆਂ ਦੇ ਸੰਪਰਕ ਵਿੱਚ ਆ ਕੇ 'ਰੋਜ਼ਾਨਾ ਅਕਾਲੀ' ਅਖ਼ਬਾਰ ਲਈ ਪੱਤਰਕਾਰੀ ਕਰਨ ਲੱਗੇ। 15 ਨਵੰਬਰ 1920 ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਪਹਿਲੀ ਚੋਣ ਸਮੇਂ ਜ਼ਿਲ੍ਹਾ ਫਿਰੋਜ਼ਪੁਰ ਵੱਲੋਂ ਮੈਂਬਰ ਚੁਣੇ ਗਏ ਤੇ ਕਮੇਟੀ ਦੇ ਦਫ਼ਤਰ ਵਿੱਚ ਹੈੱਡ-ਕਲਰਕ ਵਜੋਂ ਸੇਵਾ ਕਰਨ ਲੱਗੇ। 20 ਫਰਵਰੀ 1922 ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਗੁਰਦੁਆਰਾ ਮੁਕਤਸਰ ਸਾਹਿਬ ਨੂੰ ਪੁਜਾਰੀਆਂ ਦੇ ਕਬਜ਼ੇ 'ਚੋਂ ਛੁਡਵਾਇਆ ਪਹਿਲਾ ਮੈਨੇਜਰ ਰਾਏ ਸਿੰਘ ਨੂੰ ਲਗਾਇਆ ਗਿਆ। ਮੀਆਂਵਾਲੀ ਜ਼ੇਲ੍ਹ ਵਿੱਚ ਬਾਬਾ ਗੁਰਦਿੱਤ ਸਿੰਘ ਨੇ ਕਾਮਾਗਾਟਾਮਾਰੂ ਦੀ ਸਾਰੀ ਕਹਾਣੀ ਆਪਣੇ ਜ਼ੇਲ੍ਹ-ਸਾਥੀਆਂ ਨੂੰ ਸੁਣਾਈ ਜਿਸ ਨੂੰ ਭਾਈ ਅਰਜਨ ਸਿੰਘ ਗੜਗੱਜ ਨੇ ਕਲਮਬੰਦ ਕੀਤਾ ਰਾਏ ਸਿੰਘ ਨੂੰ ਭੇਜ ਦਿੱਤਾ। ਉਨ੍ਹਾਂ ਇਸ ਨੂੰ ਪੁਸਤਕ ਰੂਪ ਵਿੱਚ 'ਜ਼ੁਲਮੀ ਕਥਾ' ਸਿਰਲੇਖ ਹੇਠ 1922 'ਚ ਪ੍ਰਕਾਸ਼ਿਤ ਕਰਵਾਇਆ। 1922 ਵਿੱਚ ਹੀ ਗੁਰੂ ਕੇ ਬਾਗ਼ ਦੇ ਮੋਰਚੇ ਦੌਰਾਨ ਰਾਏ ਸਿੰਘ ਨੇ 6 ਨਵੰਬਰ 1922 ਨੂੰ ਆਪਣੇ 78 ਸਾਥੀਆਂ ਸਣੇ ਗ੍ਰਿਫ਼ਤਾਰੀ ਦਿੱਤੀ।

ਜੁਲਾਈ 1923 ਵਿੱਚ ਮਹਾਰਾਜਾ ਰਿਪੁਦਮਨ ਸਿੰਘ ਨਾਭਾ ਨੂੰ ਜ਼ਬਰਦਸਤੀ ਗੱਦੀ ਤੋਂ ਲਾਹੁਣ ਖ਼ਿਲਾਫ਼ ਜੈਤੋ ਮੰਡੀ ਵਿੱਚ ਇੱਕ ਦੀਵਾਨ ਰੱਖਿਆ ਗਿਆ। ਤੇਜਾ ਸਿੰਘ ਸਮੁੰਦਰੀ ਨੇ ਰਾਏ ਸਿੰਘ ਨੂੰ ਦੀਵਾਨ ਦਾ ਮੁੱਖ ਪ੍ਰਬੰਧਕ ਨਿਯੁਕਤ ਕਰਕੇ ਭੇਜਿਆ ਪਰ 3 ਸਤੰਬਰ 1923 ਨੂੰ ਉਨ੍ਹਾਂ ਨੂੰ ਜੈਤੋ ਤੋਂ ਗ੍ਰਿਫ਼ਤਾਰ ਕਰਕੇ ਨਾਭਾ ਜ਼ੇਲ੍ਹ ਵਿੱਚ ਭੇਜ ਦਿੱਤਾ ਗਿਆ।

ਅੰਗਰੇਜ਼ ਹਕੂਮਤ ਨੇ ਜੈਤੋ ਦੇ ਮੋਰਚੇ ਨੂੰ ਫੇਲ੍ਹ ਕਰਨ ਲਈ ਚੋਟੀ ਦੇ ਸਿੱਖ ਆਗੂਆਂ ਨੂੰ ਗ੍ਰਿਫ਼ਤਾਰ ਕਰ ਲਿਆ ਅਤੇ ਸਾਰਿਆਂ ਨੂੰ ਕੇਂਦਰੀ ਜੇਲ੍ਹ ਅੰਮ੍ਰਿਤਸਰ ਵਿੱਚ ਇਕੱਠੇ ਕਰਕੇ ਦੇਸ਼-ਧ੍ਰੋਹ ਦਾ ਮੁਕੱਦਮਾ ਚਲਾ ਦਿੱਤਾ। ਰਾਏ ਸਿੰਘ ਨੂੰ ਵੀ 9 ਨਵੰਬਰ 1923 ਨੂੰ ਨਾਭੇ ਤੋਂ ਅੰਮ੍ਰਿਤਸਰ ਜੇਲ੍ਹ ਵਿੱਚ ਤਬਦੀਲ ਕਰਕੇ ਮੁਕੱਦਮੇ ਵਿੱਚ ਸ਼ਾਮਲ ਕਰ ਲਿਆ ਗਿਆ। 'ਅਕਾਲੀ ਆਗੂ ਸਾਜ਼ਿਸ਼ ਕੇਸ' ਦੇ ਨਾਂ ਨਾਲ਼ ਮਸ਼ਹੂਰ ਇਹ ਇਤਿਹਾਸਕ ਮੁਕੱਦਮਾ ਲਗਪਗ ਤਿੰਨ ਸਾਲ ਚੱਲਿਆ। ਇਸ ਦੌਰਾਨ ਸਾਰੇ ਸਿੱਖ ਆਗੂਆਂ ਨੂੰ ਅੰਮ੍ਰਿਤਸਰ ਤੋਂ ਕਿਲ੍ਹਾ ਜੇਲ੍ਹ ਲਾਹੌਰ ਵਿੱਚ ਤਬਦੀਲ ਕਰ ਦਿੱਤਾ ਗਿਆ। ਅਖ਼ੀਰ 9 ਜੁਲਾਈ 1925 ਨੂੰ ਗੁਰਦੁਆਰਾ ਐਕਟ ਪਾਸ ਹੋ ਜਾਣ ਨਾਲ਼ ਅਤੇ ਸਰਦਾਰ ਬਹਾਦਰ ਮਹਿਤਾਬ ਸਿੰਘ ਸਣੇ 20 ਸਿੱਖ ਆਗੂਆਂ ਦੇ ਹਕੂਮਤ ਦੀਆਂ ਸ਼ਰਤਾਂ ਮੰਨ ਕੇ ਰਿਹਾਅ ਹੋ ਜਾਣ ਨਾਲ਼ ਇਹ ਮੁਕੱਦਮਾ ਕਮਜ਼ੋਰ ਹੋ ਗਿਆ ਅਤੇ ਅੰਗਰੇਜ਼ ਹਕੂਮਤ ਨੇ 27 ਸਤੰਬਰ 1926 ਨੂੰ ਰਾਏ ਸਿੰਘ ਅਤੇ ਬਾਕੀ ਸਿੱਖ ਆਗੂਆਂ ਨੂੰ ਵੀ ਰਿਹਾਅ ਕਰ ਦਿੱਤਾ।

ਰਿਹਾਈ ਤੋਂ ਬਾਅਦ ਦਸੰਬਰ 1926 ਵਿੱਚ ਰਾਏ ਸਿੰਘ ਸ਼੍ਰੋਮਣੀ ਅਕਾਲੀ ਦਲ ਦਾ ਮੀਤ ਪ੍ਰਧਾਨ ਬਣਿਆ। ਇਸ ਤੋਂ ਇਲਾਵਾ ਦੇਸ਼-ਭਗਤ ਪਰਿਵਾਰ ਸਹਾਇਕ ਕਮੇਟੀ, ਮਾਲਵਾ ਪ੍ਰਤੀਨਿਧ ਖ਼ਾਲਸਾ ਦੀਵਾਨ ਅਤੇ ਪ੍ਰਦੇਸੀ ਖ਼ਾਲਸਾ ਦੀਵਾਨ ਵਰਗੀਆਂ ਇਤਿਹਾਸਕ ਸੰਸਥਾਵਾਂ ਦੇ ਜਨਰਲ ਸਕੱਤਰ ਜਿਹੇ ਅਹਿਮ ਅਹੁਦਿਆਂ 'ਤੇ ਕੰਮ ਕੀਤਾ। ਰਾਏ ਸਿੰਘ ਅਤੇ ਸੇਵਾ ਸਿੰਘ ਠੀਕਰੀਵਾਲ਼ਾ ਆਦਿ ਆਗੂਆਂ ਨੇ ਮਾਲਵੇ ਵਿੱਚ ਸਿੱਖੀ ਅਤੇ ਰਾਜਸੀ ਚੇਤਨਾ ਦੇ ਪ੍ਰਸਾਰ ਲਈ ਮਾਲਵਾ ਪ੍ਰਤੀਨਿਧ ਖ਼ਾਲਸਾ ਦੀਵਾਨ ਵੱਲੋਂ 1923 ਵਿੱਚ 'ਕੌਮੀ ਦਰਦ' ਨਾਂ ਦਾ ਇੱਕ ਰੋਜ਼ਾਨਾ ਅਖ਼ਬਾਰ ਸ਼ੁਰੂ ਕੀਤਾ ਗਿਆ ਸੀ ਪਰ ਰਾਏ ਸਿੰਘ ਹੋਰਾਂ ਦੇ ਜੇਲ੍ਹ ਜਾਣ ਤੋਂ ਬਾਅਦ ਇਹ ਅਖ਼ਬਾਰ ਗਿਆਨੀ ਸ਼ੇਰ ਸਿੰਘ ਧੜੇ ਦੇ ਹੱਥਾਂ ਵਿੱਚ ਆ ਗਿਆ ਅਤੇ ਆਪਣੇ ਮਕਸਦ ਤੋਂ ਭਟਕ ਗਿਆ। ਇਸ ਕਰਕੇ ਰਾਏ ਸਿੰਘ ਅਤੇ ਉਨ੍ਹਾਂ ਦੇ ਸਾਥੀਆਂ ਨੇ 1928 ਵਿੱਚ 'ਦੇਸ਼ ਦਰਦੀ' ਨਾਂ ਦਾ ਇੱਕ ਨਵਾਂ ਅਖ਼ਬਾਰ ਸ਼ੁਰੂ ਕੀਤਾ। 1929 ਵਿੱਚ ਸ਼੍ਰੋਮਣੀ ਕਮੇਟੀ ਵੱਲੋਂ ਉਸ ਨੂੰ ਗੁਰਦੁਆਰਾ ਮੁਕਤਸਰ ਸਾਹਿਬ ਦਾ ਦੂਜੀ ਵਾਰ ਮੈਨੇਜਰ ਲਗਾਇਆ ਗਿਆ। ਅੱਜ-ਕੱਲ੍ਹ ਗੁਰਦੁਆਰਾ ਟਿੱਬੀ ਸਾਹਿਬ ਅਤੇ ਉਸ ਦੇ ਆਸ-ਪਾਸ ਦੀ ਜੋ ਜ਼ਮੀਨ ਸ਼੍ਰੋਮਣੀ ਕਮੇਟੀ ਦੇ ਕੋਲ਼ ਹੈ ਇਹ ਸਾਰੀ ਜ਼ਮੀਨ ਰਾਏ ਸਿੰਘ ਦੀ ਸਿਆਣਪ ਨਾਲ਼ ਹੀ ਕਮੇਟੀ ਨੂੰ ਮਿਲ ਸਕੀ ਸੀ।

ਭਾਈ ਤਖ਼ਤ ਸਿੰਘ ਫ਼ਿਰੋਜ਼ਪੁਰ ਦੀ ਵਿਚਾਰਧਾਰਾ ਤੋਂ ਪ੍ਰਭਾਵਿਤ ਰਾਏ ਸਿੰਘ ਸ਼ੁਰੂ ਤੋਂ ਹੀ ਸਿੱਖ ਸਮਾਜ ਵਿੱਚ ਇਸਤਰੀ-ਸਿੱਖਿਆ ਲਈ ਯਤਨਸ਼ੀਲ ਸੀ। ਇਸ ਉਦੇਸ਼ ਦੀ ਪੂਰਤੀ ਲਈ ਉਸ ਨੇ ਆਪਣੇ ਪਿੰਡ ਵਿੱਚ ਵੀ ਕੰਨਿਆ ਵਿਦਿਆਲਾ ਖੋਲ੍ਹਿਆ। ਇਸ ਵਿਦਿਆਲੇ ਨੂੰ 1970 ਵਿੱਚ ਸਰਕਾਰੀ ਪ੍ਰਾਇਮਰੀ ਸਕੂਲ ਵਿੱਚ ਤਬਦੀਲ ਕਰ ਦਿੱਤਾ ਗਿਆ ਅਤੇ ਇਹ ਸਕੂਲ ਅੱਜ ਵੀ ਪਿੰਡ ਦੇ ਬੱਚਿਆਂ ਨੂੰ ਗਿਆਨ ਦਾ ਚਾਨਣ ਵੰਡ ਰਿਹਾ ਹੈ। ਸਾਲ 1937 ਦੇ ਚੜ੍ਹਦੇ ਸਿਆਲ਼ ਹੀ ਰਾਏ ਸਿੰਘ ਨੂੰ ਠੰਢ ਲੱਗ ਗਈ ਅਤੇ ਨਮੂਨੀਆ ਹੋ ਗਿਆ। ਸਵਾ ਕੁ ਮਹੀਨੇ ਦੀ ਸੰਖੇਪ ਜਿਹੀ ਬਿਮਾਰੀ ਤੋਂ ਬਾਅਦ 8 ਦਸੰਬਰ 1937 ਨੂੰ ਦੇਸ਼ ਦੀ ਆਜ਼ਾਦੀ ਦੇ ਸੰਘਰਸ਼ ਅਤੇ ਅਕਾਲੀ ਲਹਿਰ ਦਾ ਇਹ ਜੁਝਾਰੂ ਯੋਧਾ ਸਾਡੇ ਤੋਂ ਸਦਾ ਲਈ ਵਿੱਛੜ ਗਿਆ।


Sir Speedy Tustin
Printers to the Community
SUBWAY eat fresh.
OPEN 24 HOURS
DRY CLEANER
LIQUOR
PIZZA
Outdoor 3'x11' Promo Flag
Only $29/-
Pole & Spike $55/-
GURU NANAK SIKH TEMPLE
FAIRFIELD
Visit Our Website:
www.FairfieldGurudwara.com
Outdoor 3'x6' Durable Banner
All weather, durable to sunlight, rain and wear & tear. Text only.
Only $69/-
Baltimore Sikh Society Inc.
Receipt Books
Customized with your information and design. 2 part carbonless with numbering and perforation.
Call for Price
LOVE
Cartier
Retractable 33"x 80" Banner
Includes stand and carry bag. Hi-res imaging, durable and Brilliant colors!
Only $225/-
ELEVEN
OPEN 24 HOURS
OPEN HOUSE!
Welcome
Century 21
Call Toll Free: 855 360-HOME
All Weather 18"x24" Yard Signs
Includes H-stakes. Single sided, durable to sunlight and rain. Reusable!
$49/- for 4
ਲੱਖ ਲੱਖ ਵਧਾਈ
11" Printed Balloons
Printed with your logo and info. One color, one location. Min. qty 1000
19¢ each
YOUR LOGO OR MESSAGE PRINTED HERE
White T-Shirts, 1 color screen printing in 1 position. Min Qty. 100
Your Printed T-Shirts
Only $4.99
YOUR LOGO HERE
1 color in 1 position. Min Qty. 100
Your Printed Caps
Only $4.99
DAILY TRIP ENVELOPE
Trip Envelopes Qty 1000
Only $199/-
What we can do for you today?
• Printing & Copying
• Creative Services
• Mailing Services
• Mailing List Aquisition
• Signs Posters & Banners
• Promotional Product
• Website design and development
1045 East Main Street, Tustin, CA 92780
Call 562-881-7430
Fax: 714-731-8931
E-mail: sirspeedy_tustin@yahoo.com
www.sirspeedy.com/tustin
Jagjit Singh Bains
CUSTOMIZED SWEET BOXES
Thank You
South Asian Wedding Cards
CALL NOW




# ਪਾਠਕਾਂ ਦਾ ਨਜ਼ਰੀਆ

## ਨਸ਼ਿਆਂ ਦੇ ਸੰਤਾਪ ਨੇ ਪੰਜਾਬੀਆਂ ਨੂੰ ਝੰਬ ਦਿੱਤਾ

ਨਸ਼ਿਆਂ ਦੇ ਮਾਰੂ ਸੰਤਾਪ ਨੇ ਪੰਜਾਬੀਆਂ ਨੂੰ ਝੰਬ ਕੇ ਰੱਖ ਦਿੱਤਾ ਹੈ। ਭੁੱਕੀ, ਅਫ਼ੀਮ ਅਤੇ ਸ਼ਰਾਬ ਜਿਹੇ ਰਵਾਇਤੀ ਨਸ਼ਿਆਂ ਨੇ ਜਿੱਥੇ ਘਰ ਦੀ ਬਰਕਤ ਖੋਹ ਲਈ ਹੈ, ਉੱਥੇ ਹੀ 'ਚਿੱਟੇ' ਵਰਗੇ ਮਹਿੰਗੇ ਅਤੇ ਜਾਨਲੇਵਾ ਨਸ਼ੇ ਨੇ ਚਿੱਟੀਆਂ ਚੁੰਨੀਆਂ ਵਿਚ ਵਾਧਾ ਕਰਨ ਦੇ ਨਾਲ-ਨਾਲ ਸਿਵਿਆਂ ਦੀਆਂ ਲਾਟਾਂ ਨੂੰ ਵੀ ਪ੍ਰਚੰਡ ਕੀਤਾ ਹੈ। ਘਰਾਂ ਅੰਦਰ ਵਿਛੇ ਸੱਥਰਾਂ ਉੱਪਰ ਸਵਾਲ ਧੁਖ ਰਹੇ ਹਨ ਕਿ ਇਹ ਕਿਹੋ ਜਿਹਾ ਵਿਕਾਸ ਹੈ, ਜਿਸ ਨੇ ਰੰਗਲੇ ਪੰਜਾਬ ਵਿਚ ਲੁੱਟਾਂ-ਖੋਹਾਂ, ਮਾਰ-ਧਾੜ, ਠੱਗੀਆਂ, ਨਜ਼ਾਇਜ਼ ਕਬਜ਼ਿਆਂ, ਜਬਰ ਜਨਾਹ ਅਤੇ ਭਾੜੇ ਦੇ ਕਾਤਲਾਂ ਵਿਚ ਢੇਰ ਵਾਧਾ ਕਰਨ ਨਾਲ-ਨਾਲ ਨਸ਼ਿਆਂ ਦੀ ਦਲਦਲ ਵਿਚ ਧੱਸੇ ਇਕਲੌਤੇ ਪੁੱਤਾਂ ਨੂੰ ਸਿਵਿਆਂ ਦੇ ਰਾਹ ਤੋਰ ਦਿੱਤਾ ਹੈ ?

ਪਿਛਲੇ ਦਿਨੀਂ ਨਸ਼ਈ ਪੁੱਤ ਦੀਆਂ ਕਮੀਨੀਆਂ ਹਰਕਤਾਂ, ਨਸ਼ਾ ਕਰ ਕੇ ਰੋਜ਼ ਕੋਈ ਨਾ ਕੋਈ ਉਧ-ਮੂਲ ਖੜ੍ਹਾ ਕਰਨ ਕਰਕੇ ਘਰ ਵਿਚ ਆ ਰਹੇ ਉਲਾਂਭੇ, ਨਸ਼ੇ ਦੀ ਪੂਰਤੀ ਲਈ ਪੈਸਾ ਲੈਣ ਵਾਸਤੇ ਪਤਨੀ ਦੀ ਕੁੱਟ-ਮਾਰ, ਮਾਂ ਜਿਹੇ ਪਵਿੱਤਰ ਰਿਸ਼ਤੇ ਨੂੰ ਕਲੰਕਤ ਕਰ ਕੇ ਉਸ ਪ੍ਰਤੀ ਭੈੜੇ ਸ਼ਬਦਾਂ ਦੀ ਵਰਖਾ ਅਤੇ ਘਰ ਵਿਚੋਂ ਚੀਕ-ਚਿਹਾੜੇ ਦੀਆਂ ਆਵਾਜ਼ਾਂ ਦੇ ਸ਼ੋਰ ਕਾਰਨ ਆਂਢੀ-ਗੁਆਂਢੀ ਵੀ ਅੰਤਾਂ ਦੇ ਦੁਖੀ ਸਨ। ਅਜਿਹੇ ਸੋਗੀ ਮਾਹੌਲ ਵਿਚ ਹੀ ਜਦੋਂ ਸਵੇਰੇ-ਸਵੇਰੇ ਨਸ਼ਈ ਪੁੱਤ ਨੇ ਰੋਅਬ ਨਾਲ ਨਸ਼ੇ ਦਾ ਝੱਸ ਪੂਰਾ ਕਰਨ ਲਈ ਬਾਪ ਵੱਲ ਅੱਖਾਂ ਕੱਢ ਕੇ ਪੈਸਿਆਂ ਦੀ ਮੰਗ ਕੀਤੀ ਤਾਂ ਬਾਪ ਤੋਂ ਬਰਦਾਸ਼ਤ ਨਹੀਂ ਹੋਇਆ। ਉਹ ਆਪੇ ਤੋਂ ਬਾਹਰ ਹੋ ਗਿਆ। ਉਸ ਨੇ ਰਫ਼ਲ ਕੱਢੀ ਅਤੇ ਇਕਲੌਤੇ ਪੁੱਤ 'ਤੇ ਗੋਲੀ ਚਲਾ ਦਿੱਤੀ। ਗੋਲੀ ਅਤੇ ਚੀਕ-ਚਿਹਾੜੇ ਦੀ ਆਵਾਜ਼ ਨਾਲ ਆਂਢੀ-ਗੁਆਂਢੀ ਭੱਜ ਕੇ ਆ ਗਏ। ਵਿਹੜੇ ਵਿਚ ਜ਼ਖ਼ਮੀ ਹੋਇਆ ਨਸ਼ਈ ਪੁੱਤ ਬੇਹੋਸ਼ੀ ਦੀ ਹਾਲਤ ਵਿਚ ਪਿਆ ਸੀ। ਪੱਟ ਵਿਚ ਗੋਲੀ ਲੱਗਣ ਕਾਰਨ ਉਸ ਦੀ ਜਾਨ ਬੱਚ ਗਈ ਸੀ। ਮਾਂ, ਪਤਨੀ ਅਤੇ ਬੱਚੇ ਵਿਲਕ ਰਹੇ ਸਨ। ਬਾਪ ਇਕ ਪਾਸੇ ਗੁੰਮ-ਸੁੰਮ ਪੱਥਰ ਜਿਹਾ ਬਣਿਆ ਖੜ੍ਹਾ ਸੀ। ਜ਼ਖ਼ਮੀ ਮੁੰਡੇ ਨੂੰ ਕੁਝ ਹਮਦਰਦ ਲੋਕ ਹਸਪਤਾਲ ਲੈ ਗਏ। ਪੁਲਿਸ ਕੋਲ ਵੀ ਇਤਲਾਹ ਪਹੁੰਚ ਗਈ ਅਤੇ ਥਾਣੇਦਾਰ 2-3 ਸਿਪਾਹੀਆਂ ਨਾਲ ਪਿੰਡ ਪਹੁੰਚ ਗਿਆ। ਪੁਲਿਸ ਪਾਰਟੀ ਬਾਪ ਨੂੰ ਹੱਥਕੜੀ ਲਾ ਕੇ ਪੁੱਤ ਦੇ ਬਿਆਨ ਕਲਮਬੰਦ ਕਰਨ ਲਈ ਹਸਪਤਾਲ ਵੱਲ ਚੱਲ ਪਈ। ਪਿੰਡ ਦਾ ਸਰਪੰਚ, ਕੁਝ ਹੋਰ ਵਿਅਕਤੀ ਅਤੇ ਰਿਸ਼ਤੇਦਾਰਾਂ ਦੇ ਇਕੱਠ ਵਿਚ ਇਸ ਦਿਲ ਕੰਬਾਊ ਘਟਨਾ ਦਾ ਜ਼ਿਕਰ ਸਾਂਝਾ ਕਰਦਿਆਂ ਘੁਸਰ-ਮੁਸਰ ਹੋ ਰਹੀ ਸੀ ਕਿ ਭਲਾ ਕਿਹੜੇ ਬਾਪ ਦਾ ਦਿਲ ਕਰਦਾ ਹੈ ਕਿ ਉਹ ਰੀਝਾਂ ਨਾਲ ਪਾਲੇ ਪੁੱਤ 'ਤੇ ਮਾਰੂ ਹਮਲਾ ਕਰੇ ? ਅਜਿਹੀ ਅਣਹੋਣੀ ਘਟਨਾ ਲਈ ਬਾਪ ਕਿੰਨਾ ਕੁ ਜ਼ਿੰਮੇਵਾਰ ਹੈ ? ਕਿਉਂ ਗੋਲੀ ਚਲਾਉਣੀ ਪਈ ਉਸ ਨੂੰ ਆਪਣੇ ਇਕਲੌਤੇ ਪੁੱਤ 'ਤੇ ? ਅਜਿਹੀਆਂ ਚਿੰਤਾਜਨਕ ਗੱਲਾਂ ਸਾਂਝੀਆਂ ਕਰਦਿਆਂ ਨਸ਼ਈ ਮੁੰਡੇ ਦੀ ਆਰਥਿਕ ਤੌਰ 'ਤੇ ਕੀਤੀ ਬਰਬਾਦੀ ਦੇ ਨਾਲ-ਨਾਲ ਸਮੁੱਚੇ ਪਰਿਵਾਰ ਨੂੰ ਮਾਨਸਿਕ ਤੌਰ 'ਤੇ ਰੋਗੀ ਬਣਾਉਣ ਲਈ ਮੁੰਡੇ ਨੂੰ ਕਸੂਰਵਾਰ ਸਮਝਿਆ ਜਾ ਰਿਹਾ ਸੀ। ਥੋੜ੍ਹੀ ਦੇਰ ਬਾਅਦ ਪੁਲਿਸ ਪਾਰਟੀ ਨਾਲ ਹੱਥਕੜੀਆਂ ਵਿਚ ਜਕੜਿਆ ਬਾਪ ਵੀ ਜ਼ਖ਼ਮੀ ਪੁੱਤ ਦੇ ਕੋਲ ਪਹੁੰਚ ਗਿਆ। ਉਦਾਸੀ ਦਾ ਬੁੱਤ ਬਣਿਆ ਪਹਿਲਾਂ ਉਹ ਬਿਟਰ-ਬਿਟਰ ਬੇਹੋਸ਼ੀ ਦੀ ਹਾਲਤ ਵਿਚ ਪਏ ਪੁੱਤ ਵੱਲ ਵਿਹੰਦਾ ਰਿਹਾ ਅਤੇ ਫਿਰ ਉਸ ਦੀਆਂ ਅੱਖਾਂ ਵਿਚੋਂ ਪਰਲ-ਪਰਲ ਹੰਝੂ ਵਹਿਣ ਲੱਗ ਪਏ।

'ਜਵਾਨ ਪੁੱਤ ਦੇ ਗੋਲੀ ਮਾਰ ਕੇ ਹੁਣ ਰੋਣ ਦਾ ਡਰਾਮਾ ਕਿਉਂ ਕਰਦੈਂ। ਇਹ ਤਾਂ ਸੁੱਖ ਰਹਿ ਗਈ ਬਈ ਮੁੰਡੇ ਦੇ ਗੋਲੀ ਪੱਟ ਵਿਚ ਲੱਗੀ ਹੈ। ਜੇ ਭਲਾਂ ਛਾਤੀ ਵਿਚ ਗੋਲੀ ਲੱਗਦੀ, ਫਿਰ ਤਾਂ ਮਾਰ ਦੇਣਾ ਸੀ ਨਾ ਮੁੰਡਾ' ਥਾਣੇਦਾਰ ਨੇ ਘੂਰ ਕੇ ਬਾਪ ਵੱਲ ਵਿਹੰਦਿਆਂ ਕਿਹਾ।

ਬਾਪ ਨੇ ਹੱਥਕੜੀਆਂ ਨਾਲ ਜਕੜੇ ਦੋਵੇਂ ਹੱਥ ਥਾਣੇਦਾਰ ਵੱਲ ਜੋੜਦਿਆਂ ਕਿਹਾ, 'ਇਹ ਤਾਂ ਜੀ ਇਕ ਵਾਰ ਮਰਦਾ, ਪਰ ਇਹਦੇ ਕਾਰਨ ਸਾਰਾ ਟੱਬਰ ਤਿੱਲ-ਤਿੱਲ ਕਰ ਕੇ ਰੋਜ਼ ਮਰ ਰਿਹਾ ਹੈ। ਅਸੀਂ ਕਿੱਧਰ ਨੂੰ ਜਾਈਏ ?' ਪੀੜਾਂ ਨਾਲ ਵਿੰਨ੍ਹੇ ਬਾਪ ਦੇ ਬੋਲ ਅਤੇ ਨੈਣਾਂ ਦੇ ਕੋਇਆਂ 'ਚੋਂ ਵਹਿੰਦੇ ਅੱਥਰੂਆਂ ਕਾਰਨ ਆਲੇ-ਦੁਆਲੇ ਸੋਗੀ ਸੰਨਾਟਾ ਪਸਰ ਗਿਆ ਸੀ।

**-ਮੋਹਨ ਸ਼ਰਮਾ**

**ਪ੍ਰੋਜੈਕਟ ਡਾਇਰੈਕਟਰ, ਨਸ਼ਾ ਛੁਡਾਊ ਕੇਂਦਰ, ਸੰਗਰੂਰ**

## ਸੰਘਰਸ਼ ਕਾਰਨ ਸੁਰਖ਼ੀਆਂ ਵਿਚ ਜੇਐੱਨਯੂ, ਦੇ ਵਿਦਿਆਰਥੀ

ਮੁਲਕ ਦੀ ਵੱਕਾਰੀ ਵਿਦਿਅਕ ਸੰਸਥਾ ਜੇਐੱਨਯੂ, ਨਵੀਂ ਦਿੱਲੀ ਇਸ ਵਕਤ ਵਿਦਿਆਰਥੀ ਸੰਘਰਸ਼ ਕਾਰਨ ਸੁਰਖ਼ੀਆਂ ਵਿਚ ਹੈ। ਸੱਤਾ ਧਿਰ ਅਨੁਸਾਰ ਇਹ ਦੇਸ਼ਧ੍ਰੋਹੀ 'ਟੁਕੜੇ ਟੁਕੜੇ ਗੈਂਗ' ਦਾ ਖ਼ਤਰਨਾਕ ਅੱਡਾ ਹੈ। ਪਹਿਲਾਂ ਫਰਵਰੀ 2016 ਵਿਚ ਸੈਮੀਨਾਰ ਦੇ ਬਹਾਨੇ ਕੱਟੜਪੰਥੀ ਬ੍ਰਿਗੇਡ ਵੱਲੋਂ ਯੂਨੀਵਰਸਿਟੀ ਦੇ ਸ੍ਰੇਸ਼ਟ ਅਕਾਦਮਿਕ ਮਾਹੌਲ ਉੱਪਰ ਕੀਤੇ ਹਮਲੇ ਅਤੇ ਤਿੰਨ ਜ਼ਹੀਨ ਵਿਦਿਆਰਥੀ ਆਗੂਆਂ ਦੀ ਗ੍ਰਿਫ਼ਤਾਰੀ ਨਾਲ ਇਹ ਸੰਸਥਾ ਚਰਚਾ ਵਿਚ ਆਈ ਸੀ। ਉਦੋਂ ਜੇਐੱਨਯੂ ਦੇ ਰੌਸ਼ਨ-ਖ਼ਿਆਲ ਵਿਦਿਆਰਥੀਆਂ-ਅਧਿਆਪਕਾਂ ਨੇ ਤਿੱਖੇ ਸੰਵਾਦ ਦਾ ਮੋਰਚਾ ਖੋਲ੍ਹ ਕੇ ਸੱਤਾ ਨੂੰ ਲਾਜਵਾਬ ਕੀਤਾ ਅਤੇ 'ਦੇਸ਼ਭਗਤੀ' ਦੇ ਮਨਘੜਤ ਬਿਰਤਾਂਤ ਤੇ ਇਸ ਬਿਰਤਾਂਤ ਉੱਪਰ ਆਧਾਰਿਤ ਹਮਲੇ ਨੂੰ ਪਛਾੜ ਦਿੱਤਾ। ਦਰਅਸਲ, ਇਸ ਹਮਲੇ ਪਿੱਛੇ ਵਿਚਾਰਾਂ ਦੀ ਆਜ਼ਾਦੀ ਤੇ ਵੰਨ-ਸਵੰਨਤਾ ਕੁਚਲਣ ਅਤੇ ਅਕਾਦਮਿਕ ਸੰਸਥਾਵਾਂ ਦੇ ਰਚਨਾਤਮਕ ਤੇ ਆਲੋਚਨਾਤਮਕ ਮਾਹੌਲ ਨੂੰ ਖ਼ਤਮ ਕਰਨ ਦਾ ਖ਼ਾਸ ਮਨੋਰਥ ਕੰਮ ਕਰ ਰਿਹਾ ਸੀ।

ਹੁਣ ਅਵਾਮ ਨੂੰ ਗਿਆਨ ਤੋਂ ਵਾਂਝੇ ਕਰਨ ਲਈ ਕੰਨਾਂ ਵਿਚ ਸਿੱਕਾ ਢਾਲ ਕੇ ਪਾਉਣ ਦੇ ਕੁੱਢਰ ਬ੍ਰਾਹਮਣਵਾਦੀ ਜ਼ੁਲਮਾਂ ਦਾ 'ਪੁਰਾਤਨ ਸੁਨਹਿਰੀ ਯੁਗ' ਨਹੀਂ, ਹੁਣ ਅਦਿੱਖ ਸੂਖ਼ਮ ਤਕਨੀਕ ਈਜਾਦ ਕਰ ਲਈ ਗਈ ਹੈ। ਜੇਐੱਨਯੂ ਦੇ ਵਿਦਿਆਰਥੀ ਇਸ ਹਮਲੇ ਪਿਛਲੇ ਮਨੋਰਥ ਨੂੰ ਬਾਖ਼ੂਬੀ ਸਮਝਦੇ ਹਨ; ਇਸੇ ਲਈ ਉਨ੍ਹਾਂ ਅੰਸ਼ਕ ਰਾਹਤ ਦੀ ਪੇਸ਼ਕਸ਼ ਸਵੀਕਾਰ ਨਹੀਂ ਕੀਤੀ। ਉਹ ਨਵਾਂ ਹੋਸਟਲ ਮੈਨੂਅਲ ਪੂਰੀ ਤਰ੍ਹਾਂ ਰੱਦ ਕਰਾਉਣ ਅਤੇ ਸਾਰਿਆਂ ਦੀ ਪਹੁੰਚ ਵਿਚ ਸਸਤੀ ਵਿਦਿਆ ਮੁਹੱਈਆ ਕਰਵਾਏ ਜਾਣ ਦੀ ਮੰਗ ਉੱਪਰ ਦ੍ਰਿੜ ਹਨ।

ਇਹ ਸੰਘਰਸ਼ ਵਰਤਮਾਨ ਲਈ ਨਹੀਂ, ਮੁਲਕ ਦੇ ਭਵਿੱਖ ਲਈ ਲੜਿਆ ਰਿਹਾ ਹੈ। ਇਸੇ ਕਾਰਨ ਪਾਰਲੀਮੈਂਟ ਵੱਲ ਮਹਾਂ ਮਾਰਚਾਂ ਵਿਚ ਹੋਰ ਯੂਨੀਵਰਸਿਟੀਆਂ ਦੇ ਵਿਦਿਆਰਥੀਆਂ ਤੇ ਅਧਿਆਪਕਾਂ ਦੇ ਨਾਲ ਨਾਲ ਸਿਵਲ ਸੁਸਾਇਟੀ ਦੇ ਲੋਕ ਵੀ ਸ਼ਾਮਲ ਹੋ ਰਹੇ ਹਨ। ਨਵੀਂ ਕੌਮੀ ਸਿੱਖਿਆ ਨੀਤੀ ਰਾਹੀਂ ਵਿਦੇਸ਼ੀ ਯੂਨੀਵਰਸਿਟੀਆਂ ਖੋਲ੍ਹਣ ਦੀ ਸਿਫ਼ਾਰਸ਼ ਅਤੇ ਕਾਰਪੋਰੇਟ ਯੂਨੀਵਰਸਿਟੀਆਂ ਦੇ ਕਾਰੋਬਾਰੀ ਹਿਤ ਲਈ ਸਰਕਾਰੀ ਸਰਪ੍ਰਸਤੀ ਵਾਲੇ ਉੱਚ ਵਿਦਿਅਕ ਢਾਂਚੇ ਨੂੰ ਖ਼ਤਮ ਕਰਨ ਦੀ ਤਿਆਰੀ ਆਦਿ ਵੱਡੇ ਮੁੱਦਿਆਂ ਦੀ ਚਰਚਾ ਜੇਐੱਨਯੂ ਦੇ ਮੁੱਦਿਆਂ ਜ਼ਰੀਏ ਬਾਖ਼ੂਬੀ ਹੋ ਰਹੀ ਹੈ।

ਇਹ ਸੰਘਰਸ਼ ਇਸ ਲਈ ਹੈ ਕਿ ਵਿਦਿਅਕ ਸੰਸਥਾਵਾਂ ਦੇ ਨਾਂ ਹੇਠ ਕਾਰਪੋਰੇਟ ਦੁਕਾਨਾਂ ਖੋਲ੍ਹਣ ਅਤੇ ਵਾਂਝੇ ਹਿੱਸਿਆਂ ਨੂੰ ਐਜੂਕੇਸ਼ਨ ਲੋਨ ਦੀ 'ਸਹੂਲਤ' ਦੇਣ ਵਾਲੇ ਸਿੱਖਿਆ ਮਾਡਲ ਦੀਆਂ ਪੈਰੋਕਾਰ ਤਾਕਤਾਂ ਆਪਣੀ ਜੇਐੱਨਯੂ ਦੇ ਸਸਤੀ ਵਿਦਿਆ ਦੇ ਮਾਡਲ ਨੂੰ ਤਬਾਹ ਕਰਨ ਦੀ ਸੋਚ ਨੂੰ ਅੰਜਾਮ ਦੇਣ ਵਿਚ ਕਾਮਯਾਬ ਨਾ ਹੋ ਜਾਣ। ਉਨ੍ਹਾਂ ਦੀ ਸਥਾਨਕ ਜਾਪਦੀ ਮੰਗ ਦਾ ਘੇਰਾ ਸਿੱਖਿਆ ਦੇ ਬੁਨਿਆਦੀ ਹੱਕ ਦੀ ਅਮਲਦਾਰੀ ਯਕੀਨੀ ਬਣਾਉਣ ਅਤੇ ਸਦੀਵੀ ਵਾਂਝੇਪਣ ਤੋਂ ਪੀੜਤ ਹਿੱਸਿਆਂ ਨੂੰ ਸਮਾਜੀ ਨਿਆਂ ਦੇਣ ਲਈ ਹਰ ਸੂਬੇ ਵਿਚ ਜੇਐੱਨਯੂ ਤਰਜ਼ 'ਤੇ ਸਸਤੀ ਵਿਦਿਆ ਦੇਣ ਦੀ ਮੰਗ ਤਕ ਵਿਸ਼ਾਲ ਹੈ।

ਪੰਜ ਸਾਲਾਂ ਵਿਚ ਪ੍ਰਧਾਨ ਮੰਤਰੀ ਦੇ ਵਿਦੇਸ਼ ਦੌਰਿਆਂ ਉੱਪਰ 66 ਅਰਬ ਰੁਪਏ ਖ਼ਰਚਣ ਵਾਲੀ ਸੱਤਾ ਧਿਰ ਅਗਰ ਜੇਐੱਨਯੂ ਦੀ ਸਸਤੀ ਪੜ੍ਹਾਈ ਨੂੰ ਸਰਕਾਰੀ ਫੰਡਾਂ ਦੀ ਬਰਬਾਦੀ ਦੱਸ ਰਹੀ ਹੈ ਤਾਂ ਉਨ੍ਹਾਂ ਦੇ ਵਿਰੋਧ ਦੇ ਕਾਰਨਾਂ ਨੂੰ ਸਮਝਣਾ ਮੁਸ਼ਕਿਲ ਨਹੀਂ। ਇਸ ਧਿਰ ਨੂੰ ਅਸਲ ਔਖ ਨਾਗਰਿਕਾਂ ਦੇ ਟੈਕਸਾਂ ਦੇ ਪੈਸੇ ਦੀ ਵਰਤੋਂ ਨੂੰ ਲੈ ਕੇ ਨਹੀਂ ਸਗੋਂ ਸਥਾਪਤੀ ਦੀ ਫਿਰਕੂ ਵਿਚਾਰਧਾਰਾ ਨੂੰ ਬੌਧਿਕ ਚੁਣੌਤੀ ਦੇਣ ਅਤੇ ਸਵਾਲ ਕਰਨ ਦੀ ਜਾਚ ਤੇ ਜਿਊਣ ਦਾ ਸਲੀਕਾ ਸਿਖਾਉਣ ਵਾਲੇ ਅਕਾਦਮਿਕ ਮਾਹੌਲ ਤੋਂ ਹੈ।

ਜੇਐੱਨਯੂ ਸੱਤਾ ਧਿਰ ਨੂੰ ਇਸ ਕਰਕੇ ਵੀ ਜ਼ਿਆਦਾ ਚੁਭਦੀ ਹੈ ਕਿਉਂਕਿ ਉੱਥੋਂ ਦੇ ਨਿਆਰੇ ਬੌਧਿਕ ਅਤੇ ਖ਼ਰੇ ਜਮਹੂਰੀ ਮਾਹੌਲ ਅੰਦਰ ਪੈਸੇ ਅਤੇ ਸੱਤਾ ਦੇ ਜ਼ੋਰ ਵਿਦਿਆਰਥੀ ਚੋਣਾਂ ਨੂੰ ਅਗਵਾ ਕਰ ਲੈਣ ਦੀ ਇਜਾਜ਼ਤ ਨਹੀਂ ਹੈ ਜਿਸ ਦੇ ਕਾਰਨ ਉਨ੍ਹਾਂ ਦੇ ਕਥਿਤ ਵਿਦਿਆਰਥੀ ਵਿੰਗ ਨੂੰ ਚੋਣਾਂ ਵਿਚ ਵਾਰ ਵਾਰ ਨਮੋਸ਼ੀ ਭਰੀ ਹਾਰ ਦਾ ਸਾਹਮਣਾ ਕਰਨਾ ਪੈ ਰਿਹਾ ਹੈ।

ਸ੍ਰੀ ਸ੍ਰੀ ਰਵੀਸ਼ੰਕਰ ਅਤੇ ਰਾਮਦੇਵ ਵਰਗੇ ਕਾਰੋਬਾਰੀ ਸਾਧ ਸਰਕਾਰੀ ਵਿਦਿਅਕ ਸੰਸਥਾਵਾਂ ਨੂੰ ਨਕਸਲਵਾਦ ਦੀ ਜੰਮਣ-ਭੋਇੰ ਕਰਾਰ ਦੇ ਕੇ ਆਪਣੀ ਨਫ਼ਰਤ ਦੀ ਖੁੱਲ੍ਹੀ ਨੁਮਾਇਸ਼ ਲਗਾਉਂਦੇ ਦੇਖੇ ਜਾ ਸਕਦੇ ਹਨ।

ਨੌਜਵਾਨਾਂ ਲਈ ਸਮਾਜਿਕ ਵਿਕਾਸ ਵਿਚ ਆਪਣੀ ਭੂਮਿਕਾ ਨਿਭਾਉਣਾ ਤਦ ਹੀ ਸੰਭਵ ਹੈ, ਜੇ ਉਹ ਸਮਾਜੀ ਸਰੋਕਾਰਾਂ ਨਾਲ ਵਾਬਸਤਾ ਅਤੇ ਸਿਆਸੀ ਤੌਰ 'ਤੇ ਸੁਚੇਤ ਹਨ। ਜੇਐੱਨਯੂ ਦੇ ਵਿਦਿਆਰਥੀ ਅਕਸਰ ਹੀ ਸਥਾਨਕ ਮੁੱਦਿਆਂ ਤੋਂ ਲੈ ਕੇ ਸੰਸਾਰ ਸਿਆਸਤ ਤਕ ਸੰਵਾਦ ਰਚਾਉਂਦੇ ਅਤੇ ਸੰਘਰਸ਼ ਵਿਚ ਜੁਟੇ ਦੇਖੇ ਜਾ ਸਕਦੇ ਹਨ। ਹਿੰਦੂਤਵੀ ਤਾਕਤਾਂ ਪੜ੍ਹਾਈ ਅਤੇ ਖੋਜ ਦੇ ਆਜ਼ਾਦ ਸੱਭਿਆਚਾਰ ਨੂੰ ਖ਼ਤਮ ਕਰਨਾ ਚਾਹੁੰਦੀਆਂ ਹਨ। ਇਸੇ ਲਈ ਜੇਐੱਨਯੂ ਘਿਨਾਉਣੇ ਲੱਚਰ ਬਿਰਤਾਂਤ ਦੇ ਮੁੱਖ ਨਿਸ਼ਾਨੇ ਤੇ ਹੈ।

ਇਤਿਹਾਸ ਗਵਾਹ ਹੈ ਕਿ ਫਾਸ਼ੀਵਾਦੀ ਤਾਕਤਾਂ ਹਮੇਸ਼ਾ ਦੇਸ਼ਭਗਤੀ ਦਾ ਮਖੌਟਾ ਪਾ ਕੇ ਜਮਹੂਰੀ ਸਪੇਸ ਅਤੇ ਬੌਧਿਕ ਸੰਵਾਦ ਕੁਚਲਦੀਆਂ ਹਨ, ਆਪਣੀ ਤਰਕਹੀਣ ਵਿਚਾਰਧਾਰਾ ਸਮਾਜ ਉੱਪਰ ਥੋਪਦੀਆਂ ਹਨ। ਜੇਐੱਨਯੂ ਅਤੇ ਹੋਰ ਉੱਚ ਵਿਦਿਅਕ ਸੰਸਥਾਵਾਂ ਦੀ ਸੰਵਾਦ ਦੀ ਜਮਹੂਰੀ ਸਪੇਸ ਫਾਸ਼ੀਵਾਦੀਆਂ ਨੂੰ ਚੁਭਦੀ ਹੈ ਅਤੇ ਉਹ ਲੰਮੇ ਸਮੇਂ ਤੋਂ ਇਸ ਨੂੰ ਖ਼ਤਮ ਕਰਨ ਲਈ ਜ਼ਮੀਨ ਤਿਆਰ ਕਰ ਰਹੇ ਹਨ।

**-ਬੂਟਾ ਸਿੰਘ**

## ਚੰਗਾਲੀਵਾਲਾ ਕਾਂਡ ਦਲਿਤ ਦੁਖਾਂਤ

ਸੰਗਰੂਰ ਦੇ ਲਹਿਰਾਗਾਗਾ ਬਲਾਕ ਦੇ ਪਿੰਡ ਚੰਗਾਲੀਵਾਲਾ ਦੇ ਇਕ ਦਲਿਤ ਜਗਮੇਲ ਸਿੰਘ ਉਰਫ਼ ਜੱਗੂ ਨੂੰ ਪਿੰਡ ਦੇ ਇਕ ਧਨਾਢ ਚੌਧਰੀ ਨੇ ਆਪਣੇ ਸਾਥੀ ਸਮੇਤ ਇਸ ਤਰ੍ਹਾਂ ਤਸੀਹੇ ਦੇ ਕੇ ਮਰਨ ਜੋਗਾ ਕਰ ਦਿੱਤਾ ਕਿ ਉਸਦੀ ਪੀ.ਜੀ.ਆਈ. ਚੰਡੀਗੜ੍ਹ ਵਿਖੇ ਮੌਤ ਹੋ ਗਈ। ਜਗਮੇਲ ਦਾ ਅਮਰਜੀਤ ਤੇ ਉਸਦੇ ਬੇਟੇ ਰਿੰਕੂ ਨਾਲ ਕਿਸੇ ਮਾਮੂਲੀ ਗੱਲ ਤੋਂ ਬੋਲ-ਬੁਲਾਰਾ ਹੋ ਗਿਆ ਸੀ, ਪਰ ਇਸਦਾ ਸਮਝੌਤਾ ਹੋ ਗਿਆ। ਅਰਸੇ ਬਾਅਦ ਉਨ੍ਹਾਂ ਜਗਮੇਲ ਨੂੰ ਬੁਲਾਇਆ ਤੇ ਬੇਰਹਿਮੀ ਨਾਲ ਉਸਦੀ ਕੁੱਟਮਾਰ ਕੀਤੀ। ਥਮਲੇ ਨਾਲ ਬੰਨ੍ਹ ਕੇ ਜਮੂਰਾਂ ਨਾਲ ਉਸਦਾ ਮਾਸ ਨੋਚਿਆ ਗਿਆ। ਉਸ ਦੀਆਂ ਲੱਤਾਂ 'ਤੇ ਤੇਜ਼ਾਬ ਪਾ ਦਿੱਤਾ। ਉਸਨੇ ਪੀਣ ਲਈ ਪਾਣੀ ਮੰਗਿਆ ਤਾਂ ਉਸਨੂੰ ਪੇਸ਼ਾਬ ਪੀਣ ਲਈ ਮਜਬੂਰ ਕੀਤਾ ਗਿਆ। ਉਹ ਹਸਪਤਾਲ ਗਿਆ ਤਾਂ ਡਾਕਟਰਾਂ ਨੇ ਕੋਈ ਗੰਭੀਰਤਾ ਨਹੀਂ ਦਿਖਾਈ। ਪੁਲੀਸ ਨੇ ਐੱਫ.ਆਈ.ਆਰ. ਤਕ ਦਰਜ ਨਹੀਂ ਕੀਤੀ। ਅੰਤ ਉਸਨੂੰ ਚੰਡੀਗੜ੍ਹ ਪੀ.ਜੀ.ਆਈ. 'ਚ ਇਲਾਜ ਲਈ ਲਿਜਾਇਆ ਗਿਆ, ਜਿੱਥੇ ਉਸਦੀ ਮੌਤ ਹੋ ਗਈ। ਇਹ ਵਾਕਿਆ ਪੜ੍ਹ ਸੁਣ ਕੇ ਕਿਸੇ ਵੀ ਸੰਵੇਦਨਸ਼ੀਲ ਵਿਅਕਤੀ ਦੀ ਰੂਹ ਕੰਬ ਜਾਂਦੀ ਹੈ।

ਪਰ ਇਹ ਕੋਈ ਪਹਿਲਾਂ ਅਤੇ ਵਿਕਲੋਤਰਾ ਵਰਤਾਰਾ ਨਹੀਂ ਹੈ। ਇਸੇ ਜ਼ਿਲ੍ਹੇ ਅਤੇ ਇਸ ਹੀ ਬਲਾਕ ਦੇ ਪਿੰਡ ਜਲੂਰ ਵਿਚ ਧਨਾਢ ਚੌਧਰੀਆਂ ਨੇ ਜਾਤੀ ਭਾਵਨਾਵਾਂ ਭੜਕਾਅ ਕੇ ਜਾਤ ਆਧਾਰਿਤ ਲਾਮਬੰਦੀ ਕਰਕੇ ਦਲਿਤ ਵਿਹੜੇ 'ਤੇ ਇਕ ਗਿਣੀ ਮਿੱਥੀ ਯੋਜਨਾ ਤਹਿਤ ਹਮਲਾ ਕਰ ਦਿੱਤਾ। ਜ਼ਮੀਨ ਪ੍ਰਾਪਤੀ ਸੰਘਰਸ਼ ਕਮੇਟੀ ਦੇ ਪਿੰਡ ਦੇ ਆਗੂ ਬਲਵਿੰਦਰ ਸਿੰਘ, ਬਲਬੀਰ ਸਿੰਘ ਅਤੇ ਗੁਰਦਾਸ ਸਿੰਘ ਆਦਿ ਦੇ ਘਰਾਂ ਨੂੰ ਨਿਸ਼ਾਨਾ ਬਣਾਇਆ ਗਿਆ। ਉਨ੍ਹਾਂ ਦੇ ਘਰਾਂ ਦਾ ਸਾਮਾਨ ਭੰਨ-ਤੋੜ ਸੁੱਟਿਆ। ਬਲਵਿੰਦਰ ਸਿੰਘ-ਬਲਵੀਰ ਸਿੰਘ ਦੀ ਬਜ਼ੁਰਗ ਮਾਤਾ ਗੁਰਦੇਵ ਕੌਰ ਦੀ ਲੱਤ ਤੋੜ ਦਿੱਤੀ ਅਤੇ ਬਾਅਦ ਵਿਚ ਪੀ.ਜੀ.ਆਈ. ਜਾ ਕੇ ਉਸਦੀ ਮੌਤ ਹੋ ਗਈ। ਪਿੰਡ ਵਿਚ ਕਿਸੇ ਵੀ ਦਲਿਤ ਨੂੰ ਬਖ਼ਸ਼ਿਆ ਨਾ ਗਿਆ। ਔਰਤਾਂ ਸਾਹਮਣੇ ਨੰਗੇ ਹੋ ਕੇ ਨੱਚਿਆ ਗਿਆ। ਇਲਾਜ ਲਈ ਹਸਪਤਾਲ ਗਏ ਜ਼ਖ਼ਮੀ ਦਲਿਤਾਂ ਨੂੰ ਪੁਲੀਸ ਨੇ ਗ੍ਰਿਫ਼ਤਾਰ ਕਰ ਲਿਆ। ਇਸੇ ਤਰ੍ਹਾਂ ਜ਼ਿਲ੍ਹਾ ਮੁਕਤਸਰ ਦੇ ਜਵਾਹਰੇਵਾਲਾ ਪਿੰਡ ਵਿਚ ਮਾਮੂਲੀ ਜਿਹੀ ਤਕਰਾਰ ਤੋਂ ਚੌਧਰੀਆਂ ਨੇ ਇਕ ਦਲਿਤ ਮਰਦ ਅਤੇ ਇਕ ਦਲਿਤ ਔਰਤ ਨੂੰ ਸ਼ਰੇਆਮ ਗੋਲੀਆਂ ਮਾਰ ਕੇ ਮਾਰ ਦਿੱਤਾ। ਦੋਸ਼ੀਆਂ ਨੂੰ ਸਜ਼ਾ ਦਿਵਾਉਣ ਲਈ ਜੱਥੇਬੰਦੀਆਂ ਨੂੰ ਲੰਮਾ ਸੰਘਰਸ਼ ਲੜਨਾ ਪਿਆ। ਇਸੇ ਤਰ੍ਹਾਂ ਜ਼ਿਲ੍ਹਾ ਫਾਜ਼ਿਲਕਾ ਵਿਚ ਇਕ ਦਲਿਤ ਭੀਮ ਟਾਂਕ ਨੂੰ ਸ਼ਰਾਬ ਦੇ ਠੇਕੇਦਾਰਾਂ ਵੱਲੋਂ ਕਤਲ ਕਰ ਦਿੱਤਾ ਗਿਆ।

ਚੰਗਾਲੀਵਾਲਾ ਘਟਨਾ ਤੋਂ ਬਾਅਦ ਸਾਰੀ ਰਾਜਨੀਤਕ ਜਮਾਤ ਹਰਕਤ ਵਿਚ ਆਈ ਹੈ। ਜਲੂਰ ਕਾਂਡ ਦੇ ਦੋਸ਼ੀਆਂ ਦੀ ਸਰਗਰਮ ਹਮਾਇਤ ਕਰਨ ਵਾਲੇ ਸ਼੍ਰੋਮਣੀ ਅਕਾਲੀ ਦਲ ਨੇ ਇਸ ਘਟਨਾ ਦੀ ਨਿਖੇਧੀ ਕਰਦਿਆਂ ਬਿਆਨ ਦਿੱਤਾ ਹੈ। ਕਾਂਗਰਸ ਸਰਕਾਰ ਵੀ ਹਰਕਤ ਵਿਚ ਆਈ ਹੈ। ਬਸਪਾ ਪ੍ਰਧਾਨ ਚੰਡੀਗੜ੍ਹ ਪਰਿਵਾਰ ਨੂੰ ਮਿਲਿਆ। ਆਮ ਆਦਮੀ ਪਾਰਟੀ ਦਾ ਸਥਾਨਕ ਵਿਧਾਇਕ ਅਮਨ ਅਰੋੜਾ, ਜਨਤਕ ਜੱਥੇਬੰਦੀਆਂ ਵੱਲੋਂ ਹਾਈਵੇਅ ਰੋਕ ਕੇ ਲਾਏ ਮੋਰਚੇ ਵਿਚ ਸ਼ਾਮਲ ਹੋਇਆ। ਸੰਗਰੂਰ ਤੋਂ ਆਮ ਆਦਮੀ ਪਾਰਟੀ ਦੇ ਸੰਸਦ ਮੈਂਬਰ ਭਗਵੰਤ ਮਾਨ ਨੇ ਲੋਕ ਸਭਾ ਵਿਚ ਚੰਗਾਲੀਵਾਲਾ ਦਾ ਮੁੱਦਾ ਉਠਾਇਆ ਹੈ।

ਹਕੀਕਤ ਇਹ ਹੈ ਕਿ ਸਟੇਟ ਮਸ਼ੀਨਰੀ ਦੇ ਹਰੇਕ ਪੁਰਜੇ ਵਿਚ ਦਲਿਤਾਂ ਪ੍ਰਤੀ ਨਫ਼ਰਤ ਕੁੱਟ-ਕੁੱਟ ਕੇ ਭਰੀ ਪਈ ਹੈ। ਇਸ ਸਟੇਟ ਮਸ਼ੀਨ ਦਾ ਕਿਰਦਾਰ ਹੀ ਅਜਿਹਾ ਹੈ ਕਿ ਜਿਹੜੇ ਕੁਝ ਦਲਿਤ ਰਾਖਵੇਂਕਰਨ ਸਦਕਾ ਉੱਚੀਆਂ ਪਦਵੀਆਂ 'ਤੇ ਪਹੁੰਚ ਜਾਂਦੇ ਹਨ, ਉਹ ਵੀ ਆਪਣੇ ਦਲਿਤ ਭਾਈਚਾਰੇ ਲਈ ਕੁਝ ਖ਼ਾਸ ਨਹੀਂ ਕਰ ਪਾਉਂਦੇ। ਇਹ ਸਾਰੀਆਂ ਪਾਰਟੀਆਂ ਇਸ ਸਟੇਟ ਮਸ਼ੀਨਰੀ ਦੀਆਂ ਝਲਕਾਂ ਹੀ ਹਨ। ਇਸ ਕਰਕੇ ਜਗਮੇਲ ਲਈ ਵਹਾਏ ਇਨ੍ਹਾਂ ਦੇ ਹੰਝੂ, ਮਗਰਮੱਛ ਦੇ ਹੰਝੂਆਂ ਤੋਂ ਬਿਨਾਂ ਕੁਝ ਨਹੀਂ ਹਨ।

ਚੰਗਾਲੀਵਾਲਾ ਦਲਿਤ ਵਿਰੋਧੀ ਨਾ ਤਾਂ ਪਹਿਲਾਂ ਕਾਂਡ ਹੈ ਅਤੇ ਨਾ ਹੀ ਆਖਰੀ ਹੈ। ਇਸ ਕਰਕੇ ਸਮੱਸਿਆ ਦੀ ਜੜ ਨੂੰ ਫੜਨ ਦੀ ਲੋੜ ਹੈ। ਇਹ ਜਾਤ-ਪਾਤੀ ਪ੍ਰਬੰਧ ਅਤੇ ਇਸ 'ਚੋਂ ਉਪਜੀ ਮਾਨਸਿਕਤਾ ਦਾ ਅਟੱਲ ਹਿੱਸਾ ਹੈ। ਇਸ ਪ੍ਰਬੰਧ ਵਿਰੁੱਧ ਸਮੁੱਚੀ ਭਗਤੀ ਲਹਿਰ ਦੇ ਵਿਚਾਰਕ ਬਾਬਾ ਨਾਨਕ, ਭਗਤ ਕਬੀਰ, ਰਵਿਦਾਸ ਅਤੇ ਨਾਮਦੇਵ ਆਦਿ ਨੇ ਆਵਾਜ਼ ਉਠਾਈ, ਸਾਰੀ ਉਮਰ ਬ੍ਰਾਹਮਣਵਾਦੀ ਪ੍ਰਬੰਧ ਵਿਚ ਜੂਝੇ, ਪਰ ਇਨ੍ਹਾਂ ਦੇ ਪੈਰੋਕਾਰ ਕਹਾਉਣ ਵਾਲੇ ਆਪ ਬੁਰੀ ਤਰ੍ਹਾਂ ਉਸੇ ਬ੍ਰਾਹਮਣਵਾਦੀ ਪ੍ਰਬੰਧ ਵਿਚ ਹਨ। ਡਾਕਟਰ ਅੰਬੇਡਕਰ ਨੇ ਵੀ ਇਸ ਜਾਤ-ਪਾਤ ਨੂੰ ਉੱਚ-ਉਸਾਰ ਦਾ ਵਰਤਾਰਾ ਮੰਨਦਿਆਂ ਧਰਮ ਪਰਿਵਰਤਨ ਨੂੰ ਇਸਦਾ ਹੱਲ ਦੱਸਿਆ। ਪੰਜਾਬ ਵਿਚ ਦਲਿਤਾਂ ਦਾ ਇਕ ਹਿੱਸਾ ਇਸਾਈ ਅਤੇ ਇਕ ਹਿੱਸਾ ਸਿੱਖ ਬਣ ਗਿਆ, ਪਰ ਉਹ ਸਿੱਖ ਨਹੀਂ ਬਣ ਸਕਿਆ, ਬਲਕਿ ਮਜ਼੍ਹਬੀ ਸਿੱਖ ਦਾ ਅਰਥ ਦਲਿਤ ਹੋ ਗਿਆ। ਅਜਿਹਾ ਕਿਉਂ ਵਾਪਰਿਆ ? ਕਿਉਂਕਿ ਸਮਾਜ ਵਿਚ ਮੌਜੂਦ ਇਸ ਜਾਤੀਵਾਦ ਦੇ ਪਦਾਰਥਕ ਆਧਾਰ ਨੂੰ ਖ਼ਤਮ ਨਹੀਂ ਕੀਤਾ ਗਿਆ।

ਕੀ ਹੈ ਉਹ ਪਦਾਰਥਕ ਆਧਾਰ ? ਇਹ ਹੈ ਦਲਿਤਾਂ ਦਾ ਪੈਦਾਵਾਰ ਦੇ ਸਾਧਨਾਂ ਤੋਂ ਵਿਰਵੇ ਹੋਣਾ ਅਤੇ ਜਾਤ ਅੰਦਰ ਹੀ ਵਿਆਹ ਹੋਣਾ। ਖੇਤੀਬਾੜੀ ਦੇ ਖੇਤਰ ਵਿਚ ਪੈਦਾਵਾਰ ਦਾ ਮੁੱਖ ਸਾਧਨ ਜ਼ਮੀਨ ਹੈ, ਇਸ ਦਾ ਅਰਥ ਹੈ ਦਲਿਤਾਂ ਦਾ ਬੇ-ਜ਼ਮੀਨੇ ਹੋਣਾ। ਜਾਤ-ਪਾਤ ਨੂੰ ਖ਼ਤਮ ਕਰਨ ਲਈ ਪੈਦਾਵਾਰੀ ਸਾਧਨਾਂ ਦੀ ਮੁੜ-ਵੰਡ ਅਤੇ ਅੰਤਰਜਾਤੀ ਵਿਆਹ ਜ਼ਰੂਰੀ ਹਨ। ਪੰਜਾਬ ਸਰਕਾਰ ਅਤੇ ਨਜ਼ੂਲ ਜ਼ਮੀਨ, ਪੰਚਾਇਤੀ ਜ਼ਮੀਨ ਦਾ ਤੀਜਾ ਹਿੱਸਾ ਦਲਿਤਾਂ ਨੂੰ ਪੱਕੇ ਤੌਰ 'ਤੇ ਦਿੱਤਾ ਜਾਣਾ ਚਾਹੀਦਾ ਹੈ। ਇਸ ਤੋਂ ਬਿਨਾਂ 17 ਏਕੜ ਮਾਲਕੀ ਦੀ ਹੱਦ ਨੂੰ ਸਖ਼ਤੀ ਨਾਲ ਲਾਗੂ ਕੀਤਾ ਜਾਣਾ ਚਾਹੀਦਾ ਹੈ ਅਤੇ ਵਾਫਰ ਜ਼ਮੀਨ ਦਲਿਤਾਂ ਅਤੇ ਗ਼ਰੀਬ ਕਿਸਾਨਾਂ ਵਿਚ ਵੰਡੀ ਜਾਣੀ ਚਾਹੀਦੀ ਹੈ।

**-ਸਰਦਾਰਾ ਸਿੰਘ 'ਮਾਹਿਲ'**

## 'ਵਿਭਿੰਨਤਾ ਵਿਚ ਏਕਤਾ' ਦੀ ਪਰਿਭਾਸ਼ਾ ਨੂੰ ਖਾਲਸਾਈ ਨਜ਼ਰੀਏ ਤੋਂ ਪੇਸ਼ ਕੀਤਾ ਜਾਵੇ

"ਵਿਭਿੰਨਤਾ ਵਿਚ ਏਕਤਾ" (unity in diversity) ਦੇ ਨਿਯਮ ਨੂੰ "ਸਿੱਖ ਨਜ਼ਰੀਏ" ਤੋਂ ਸਮਝਣ ,ਮਹਿਸੂਸ ਕਰਨ ਅਤੇ ਵੱਡੀ ਪੱਧਰ ਤੇ ਪ੍ਰਚਾਰਨ ਦੀ ਲੋੜ ਹੈ ।

ਜੇ ਅਸੀਂ ਇਸ ਨਿਯਮ ਨੂੰ ਭਾਰਤੀ ਰਾਜ ਪ੍ਰਣਾਲੀ ਦੀ ਰੌਸ਼ਨੀ ਵਿੱਚ ਸਮਝਾਂਗੇ ਤਾਂ ਸਾਡਾ ਰੁਲਣਾ ਖੁੱਲਣਾ ਯਕੀਨੀ ਹੈ । ਅਸੀਂ ਕਿਸੇ ਪਾਸੇ ਦੇ ਨਹੀਂ ਰਹਾਂਗੇ ।ਲਾਈਲੱਗ ਜਾਂ ਪਿਛਲੱਗ ਬਣਨ ਤੋਂ ਸਾਵਧਾਨ ਰਿਹਾ ਜਾਵੇ ।ਪਹਿਲਾਂ ਹੀ ਬਹੁਤ ਨੁਕਸਾਨ ਹੋ ਚੁੱਕਾ ਹੈ।

ਦਿਲਚਸਪ ਹਕੀਕਤ ਇਹ ਹੈ ਕੇ ਵਿਭਿੰਨਤਾ ਵਿਚ ਏਕਤਾ ਦੀ ਗੱਲ ਇੱਕ ਫੈਸ਼ਨ ਵੀ ਬਣ ਗਈ ਹੈ। ਪਹਿਲਾਂ ਇਸ ਨਿਯਮ ਉੱਤੇ ਖੱਬੇ ਪੱਖੀਆਂ ਅਤੇ ਉਨ੍ਹਾਂ ਦੇ ਦੂਰ ਨੇੜੇ ਦੇ ਹਮਦਰਦਾਂ ਦਾ ਕਬਜ਼ਾ ਸੀ ਅਤੇ ਹੁਣ ਹਿੰਦੂ ਰਾਸ਼ਟਰਵਾਦ ਵੀ ਇਸੇ ਨਿਯਮ ਦਾ ਪ੍ਰਚਾਰ ਕਰਦਾ ਰਹਿੰਦਾ ਹੈ।

ਜਦੋਂ ਸਿੱਖਾਂ ਨੂੰ ਲੱਗਦਾ ਹੈ ਕਿ ਹਿੰਦੂ ਰਾਸ਼ਟਰਵਾਦ ਸਿੱਖਾਂ ਨੂੰ ਵੀ ਆਪਣੇ ਜੱਫੇ ਵਿੱਚ ਲੈ ਰਿਹਾ ਹੈ ਤਾਂ ਸਿੱਖਾਂ ਦੇ ਸੁਚੇਤ ਅਤੇ ਬੌਧਿਕ ਵਰਗ ਹਿੰਦੋਸਤਾਨ ਨੂੰ ਵੱਖ ਵੱਖ ਕੌਮਾਂ ਅਤੇ ਕੌਮੀਅਤਾਂ ਦਾ ਦੇਸ਼ ਕਹਿ ਕੇ ਹਿੰਦੂ ਰਾਸ਼ਟਰਵਾਦ ਨੂੰ ਚੁਣੌਤੀ ਤਾਂ ਦਿੰਦੇ ਹਨ ਪਰ ਉਹ ਇੱਕ ਤਰ੍ਹਾਂ ਨਾਲ ਅਜਿਹਾ ਕਰਕੇ ਖੱਬੇ ਪੱਖੀਆਂ ਤੇ ਹੋਰ ਉਦਾਰਵਾਦ ਤਾਕਤਾਂ ਦੀਆਂ ਪੁਜ਼ੀਸ਼ਨਾਂ ਨਾਲ ਹੀ ਜਾ ਖਲੋਂਦੇ ਹਨ।ਇਸ ਪੈਂਤੜੇ ਵਿੱਚ ਸਿੱਖ ਕੌਮ ਦਾ ਆਪਣਾ ਵਜੂਦ ਇੱਕ ਤਰ੍ਹਾਂ ਨਾਲ ਗੁੰਮ ਹੋ ਜਾਂਦਾ ਹੈ ,ਗਵਾਚ ਜਾਂਦਾ ਹੈ ਅਤੇ ਹੋਰਨਾਂ ਵਿੱਚ ਹੀ ਰਲ ਮਿਲ ਜਾਂਦਾ ਹੈ।

ਪਰ ਸਵਾਲ ਇਹ ਹੈ ਕਿ ਕੀ ਅਜਿਹੇ ਪੈਂਤੜੇ ਵਿੱਚ ਸਿਖਾਂ ਦੀ ਆਪਣੀ ਕੋਈ ਨਿਆਰੀ , ਅਲੌਕਿਕ ਅਤੇ ਵਖਰੀ ਪੁਜ਼ੀਸ਼ਨ ਹੁੰਦੀ ਹੈ ਜਿਸ ਤੋਂ ਉਨ੍ਹਾਂ ਦੀ ਹੋਰਨਾਂ ਨਾਲੋਂ ਵੱਖਰੀ, ਆਜ਼ਾਦ ਹਸਤੀ ਉੱਭਰ ਕੇ ਸਾਹਮਣੇ ਆਉਂਦੀ ਹੋਵੇ ?ਜੇ ਗੁਰਬਾਣੀ, ਇਤਿਹਾਸ ਅਤੇ ਬੀਤੇ ਵਿੱਚ ਹੋਏ ਕੌੜੇ ਤਜਰਬਿਆਂ ਨੂੰ ਸਾਹਮਣੇ ਰੱਖ ਲਿਆ ਜਾਵੇ ਤਾਂ ਇਸ ਦਾ ਜਵਾਬ "ਵਡੀ ਨਾਂਹ" ਵਿੱਚ ਹੀ ਮਿਲੇਗਾ ।

ਸਵਾਲ ਇਹ ਹੈ ਕਿ ਹੋਰਨਾਂ ਨਾਲ ਰਲ ਕੇ ਸਾਂਝੇ ਫਰੰਟ ਵਿੱਚ ਸ਼ਾਮਲ ਹੋਣਾ ਇੱਕ ਹੋਰ ਗੱਲ ਹੈ ਜਦਕਿ ਇਸ ਮੇਲ ਮਿਲਾਪ ਵਿੱਚ ਆਪਣੀ ਨਿਆਰੀ ਹਸਤੀ ਅਤੇ ਹੋਂਦ ਦੇ ਅਰਥਾਂ ਦੀ ਰਾਖੀ ਕਰਨਾ ਅਸਲੋਂ ਹੀ ਵੱਖਰੀ ਤੇ ਅਹਿਮ ਗੱਲ ਹੈ, ਜਿਸ ਨੂੰ ਸਿੱਖ ਲੀਡਰਾਂ ਨੇ ਸਦਾ ਹੀ ਨਜ਼ਰ ਅੰਦਾਜ਼ ਕੀਤਾ ਹੈ।

ਅੱਜ ਲੋੜ ਇਸ ਗੱਲ ਦੀ ਹੈ ਕਿ "ਵਿਭਿੰਨਤਾ ਵਿਚ ਏਕਤਾ" ਦੀ ਪਰਿਭਾਸ਼ਾ ਨੂੰ ਖਾਲਸਾਈ ਨਜ਼ਰੀਏ ਤੋਂ ਪੇਸ਼ ਕੀਤਾ ਜਾਵੇ। ਇਸ ਦਿਸ਼ਾ ਵਿੱਚ ਰਾਜਨੀਤਕ ਅਤੇ ਧਾਰਮਿਕ ਤੌਰ ਤੇ ਜਾਗਦੇ ਦਾਨਿਸ਼ਵਰਾਂ ਨੂੰ ਮੈਦਾਨ ਵਿਚ ਉਤਰਣ ਦੀ ਉਡੀਕ ਹੈ।

**-ਕਰਮਜੀਤ ਸਿੰਘ ਸੀਨੀਅਰ ਪੱਤਰਕਾਰ**

# ਰੰਗਮੰਚ ਤੋਂ ਫ਼ਿਲਮਾਂ ਵੱਲ ਆਈ ਜੋਤ ਅਰੋੜਾ

– ਸੁਰਜੀਤ ਜੱਸਲ



ਪੰਜਾਬੀ ਰੰਗਮੰਚ ਤੋਂ ਫ਼ਿਲਮਾਂ ਵੱਲ ਆਈ ਜੋਤ ਅਰੋੜਾ ਚੰਗੇ ਕਿਰਦਾਰਾਂ ਨਾਲ ਸਾਂਝ ਪਾਉਣ ਵਾਲੀ ਉਹ ਅਦਾਕਾਰਾ ਹੈ ਜਿਸਨੂੰ ਪਰਿਵਾਰਕ ਮਾਹੌਲ 'ਚੋਂ ਮਿਲੀ ਕਲਾ ਗੁੜ੍ਹਤੀ ਨੇ ਰੰਗਮੰਚ ਨਾਲ ਜੁੜਨ ਲਈ ਪ੍ਰੇਰਿਤ ਕੀਤਾ। ਸਿੱਧੇ ਫ਼ਿਲਮਾਂ ਵੱਲ ਆਉਣ ਦੇ ਉਸ ਕੋਲ ਅਨੇਕਾਂ ਮੌਕੇ ਸੀ, ਪਰ ਉਸਨੇ ਹਮੇਸ਼ਾਂ ਸਿੱਖਣ ਨੂੰ ਪਹਿਲ ਦਿੱਤੀ। ਉਸਨੇ ਜਿੱਥੇ ਰੰਗਮੰਚ ਲਈ ਆਪਣਾ ਭਰਵਾਂ ਯੋਗਦਾਨ ਪਾਇਆ, ਉੱਥੇ ਵੱਖ ਵੱਖ ਚੈਨਲਾਂ ਦੇ ਸੀਰੀਅਲਾਂ ਅਤੇ ਪੰਜਾਬੀ-ਹਿੰਦੀ ਫ਼ਿਲਮਾਂ ਵਿਚ ਵੀ ਯਾਦਗਾਰੀ ਕਿਰਦਾਰ ਨਿਭਾਏ। ਅੰਮ੍ਰਿਤਸਰ ਦੀ ਜੰਮਪਲ ਜੋਤ ਅਰੋੜਾ ਪੰਜਾਬੀ ਫ਼ਿਲਮ ਅਤੇ ਸੰਗੀਤਕਲਾ ਨਾਲ ਜੁੜੇ ਉੱਘੇ ਲੇਖਕ ਤੇ ਅਦਾਕਾਰ ਦਲਜੀਤ ਸਿੰਘ ਅਰੋੜਾ ਦੀ ਪੁੱਤਰੀ ਹੈ। ਕਲਾ ਦੇ ਮਾਹੌਲ 'ਚ ਵਿਚਰਦਿਆਂ ਹੀ ਉਸ ਅੰਦਰ ਕਲਾ ਦਾ ਬੀਜ ਫੁੱਟਿਆ ਤੇ ਉਹ ਰੰਗਮੰਚ ਨੂੰ ਸਮਰਪਿਤ ਹੋ ਗਈ। ਭਾਵੇਂ ਕਾਲਜ ਸਮੇਂ ਦੀਆਂ ਸਰਗਰਮੀਆਂ ਤੋਂ ਹੀ ਉਸਨੇ ਆਪਣੀ ਕਲਾ ਦਾ ਆਗਾਜ਼ ਕਰ ਦਿੱਤਾ ਸੀ, ਪਰ ਆਪਣੇ ਆਪ ਨੂੰ ਹੋਰ ਪਰਿਪੱਕ ਕਰਨ ਲਈ ਉਸਨੇ ਬੌਲੀਵੁੱਡ ਸਟਾਰ ਪਦਮਨੀ ਕੋਹਲਾਪੁਰੀ ਦੇ ਐਕਟਿੰਗ ਸਕੂਲ ਤੋਂ ਬਾਕਾਇਦਾ ਸਿਖਲਾਈ ਹਾਸਲ ਕੀਤੀ। ਪੰਜਾਬੀ ਰੰਗਮੰਚ ਨਾਲ ਜੁੜਦਿਆਂ ਉਸਨੇ ਕੇਵਲ ਧਾਲੀਵਾਲ, ਜਗਦੀਸ਼ ਸਚਦੇਵਾ ਵਰਗੇ ਨਾਮਵਰ ਨਾਟਕਕਾਰਾਂ ਦੀ ਨਿਰਦੇਸ਼ਨਾਂ ਹੇਠ ਤਕਰੀਬਨ ਸੱਤ ਸਾਲ ਵੱਖ ਵੱਖ ਨਾਟਕਾਂ ਵਿਚ ਯਾਦਗਾਰੀ ਕਿਰਦਾਰ ਨਿਭਾਏ। ਉਸਨੇ ਦੂਰਦਰਸ਼ਨ ਤੋਂ 'ਨਸ਼ਾ ਇਕ ਸਜ਼ਾ', ਵੀ-ਚੈਨਲ ਤੋਂ 'ਸਾਡਾ ਹੱਕ', ਐਂਡ-ਟੀਵੀ ਤੋਂ 'ਗੰਗਾ' ਅਤੇ ਲਾਈਫ ਓਕੇ ਤੋਂ 'ਸਾਵਧਾਨ ਇੰਡੀਆ' ਸੀਰੀਅਲਾਂ ਵਿਚ ਅਹਿਮ ਕਿਰਦਾਰ ਨਿਭਾਏ। ਇਸ ਤੋਂ ਇਲਾਵਾ ਦੋ ਹਿੰਦੀ ਫ਼ਿਲਮਾਂ 'ਵੀਰੇ ਦੀ ਵੈਡਿੰਗ' ਅਤੇ 'ਪ੍ਰੇਸ਼ਾਨਪੁਰ' ਵਿਚ ਵੀ ਕੰਮ ਕੀਤਾ। ਪੰਜਾਬੀ ਫ਼ਿਲਮਾਂ 'ਆਸੀਸ', 'ਸਲਿਊਟ' ਅਤੇ 'ਜਮਰੌਦ' ਵਿਚ ਵੀ ਅਹਿਮ ਕਿਰਦਾਰ ਨਿਭਾਏ। ਉਹ ਜਿੱਥੇ 'ਸਿੰਘ ਕੌਰ' ਫ਼ਿਲਮ ਵਿਚ ਗਿੱਪੀ ਗਰੇਵਾਲ ਨਾਲ ਨਜ਼ਰ ਆਈ, ਉੱਥੇ ਬੌਲੀਵੁੱਡ ਫ਼ਿਲਮ 'ਵੀਰੇ ਦੀ ਵੈਡਿੰਗ' ਵਿਚ ਜਿੰਮੀ ਸ਼ੇਰਗਿੱਲ ਨਾਲ ਵੀ ਕੰਮ ਕਰਨ ਦਾ ਮੌਕਾ ਮਿਲਿਆ। ਜੋਤ ਦਾ ਕਹਿਣਾ ਹੈ ਕਿ ਉਸਨੇ ਸੀਨੀਅਰ ਕਲਾਕਾਰਾਂ ਨਾਲ ਕੰਮ ਕਰਦਿਆਂ ਬਹੁਤ ਕੁਝ ਸਿੱਖਿਆ ਹੈ। ਉਹ ਲੰਮੇ ਕਿਰਦਾਰਾਂ ਦੀ ਬਜਾਏ ਚੰਗੇ ਕਿਰਦਾਰਾਂ ਨੂੰ ਵਧੇਰੇ ਤਰਜੀਹ ਦਿੰਦੀ ਹੈ ਜਿਸ ਦੀ ਸਿੱਧੀ ਦਰਸ਼ਕਾਂ ਦੇ ਦਿਲਾਂ ਤਕ ਪਹੁੰਚ ਹੋਵੇ। ਉਸਦਾ ਕਹਿਣਾ ਹੈ ਕਿ ਨਵੀਂ ਫ਼ਿਲਮ 'ਜਮਰੌਦ' ਉਸਦੀ ਕਲਾ ਪੇਸ਼ਕਾਰੀ ਦਾ ਨਵਾਂ ਰੰਗ ਹੋਵੇਗੀ।

# ਪੰਜਾਬੀ ਸਿਨੇਮਾ ਦਾ ਸਰਦਾਰ ਸੋਹੀ

***ਇਸ ਕਲਾਕਾਰ ਦਾ ਕਹਿਣਾ ਹੈ ਅਦਾਕਾਰੀ ਉਸਦਾ ਇਸ਼ਟ ਹੈ ਜਿਸਨੇ ਉਸਨੂੰ ਦੁਨੀਆਂ ਭਰ ਵਿਚ ਬੈਠੇ ਪੰਜਾਬੀਆਂ ਕੋਲੋਂ ਪਿਆਰ ਤੇ ਸਤਿਕਾਰ ਦਿਵਾਇਆ। ਉਸਦੀ ਇੱਛਾ ਹੈ ਕਿ ਉਹ ਜ਼ਿੰਦਗੀ ਦਾ ਹਰ ਪਲ ਪੰਜਾਬੀ ਸਿਨੇਮਾ ਦੇ ਵਿਹੜੇ ਵਿਚ ਇਸਦੇ ਪਰਿਵਾਰ ਨਾਲ ਬਿਤਾਏ ਤੇ ਪੰਜਾਬੀ ਸਿਨੇਮਾ ਲਈ ਹਰ ਵਕਤ ਕੁਝ ਨਵਾਂ ਕਰਦਾ ਰਹੇ।***

ਜਗਰੂਪ ਸਿੰਘ ਮਾਨ



ਜੇ ਪੰਜਾਬੀ ਸਿਨੇਮਾ ਦੇ ਅਤੀਤ ਤੇ ਵਰਤਮਾਨ ਦੀ ਗੱਲ ਕਰਨੀ ਹੈ ਤਾਂ ਉਸ ਵਿਚੋਂ ਸਰਦਾਰ ਸੋਹੀ ਕਦੇ ਵੀ ਮਨਫ਼ੀ ਨਹੀਂ ਹੋਏਗਾ। ਜੇ ਕੋਈ ਜਾਣ ਬੁੱਝ ਕੇ ਇਸ ਸ਼ਖ਼ਸੀਅਤ ਨੂੰ ਅਣਗੌਲਿਆਂ ਕਰਨ ਦੀ ਕੋਸ਼ਿਸ਼ ਵੀ ਕਰੇਗਾ ਤਾਂ ਉਹ ਕਾਰਜ ਅਧੂਰਾ ਹੋਵੇਗਾ। ਬੀਤੇ ਸਮੇਂ ਦੀ ਸਭ ਤੋਂ ਹਿੱਟ ਪੰਜਾਬੀ ਫ਼ਿਲਮ 'ਲੌਂਗ ਦਾ ਲਿਸ਼ਕਾਰਾ' ਤੋਂ ਆਪਣਾ ਫ਼ਿਲਮੀ ਸਫ਼ਰ ਸ਼ੁਰੂ ਕਰਨ ਵਾਲਾ ਇਹ ਜੱਟਾਂ ਦਾ ਮੁੰਡਾ ਇਕ ਦਿਨ ਪੰਜਾਬੀ ਸਿਨਮਾ ਦੀ ਗੀੜ੍ਹ ਦੀ ਹੱਡੀ ਬਣ ਕੇ ਤਰੱਕੀ ਦੀਆਂ ਬੁਲੰਦੀਆਂ ਛੂਹੇਗਾ, ਇਹ ਕਿਸੇ ਨੇ ਸੋਚਿਆ ਵੀ ਨਹੀਂ ਸੀ। ਸ਼ਾਇਦ ਸੋਹੀ ਸਾਹਿਬ ਨੇ ਖ਼ੁਦ ਵੀ ਨਹੀਂ।

ਜਿਵੇਂ ਪੰਜਾਬੀ ਸਿਨੇਮਾ ਨੇ ਬੜੇ ਉਤਰਾਅ-ਚੜ੍ਹਾਅ ਵੇਖੇ ਹਨ, ਉਵੇਂ ਹੀ ਸਰਦਾਰ ਸੋਹੀ ਪੰਜਾਬੀ ਸਿਨਮਾ ਦੀ ਜਿੱਤ ਹਾਰ ਦਾ ਸਾਥੀ ਬਣਦਾ ਰਿਹਾ ਹੈ। ਉਹ ਆਜ਼ਾਦੀ ਤੋਂ ਬਾਅਦ ਦੇ ਪੰਜਾਬੀ ਸਿਨਮਾ ਦਾ ਲੰਬੇ ਸਮੇਂ ਦਾ ਸਾਥੀ ਹੈ। ਉਹ ਪੰਜਾਬੀ ਸਿਨਮਾ ਦਾ ਇਕਲੌਤਾ ਅਜਿਹਾ ਕਲਾਕਾਰ ਹੈ ਜਿਹੜਾ ਆਪਣੇ ਆਪ ਨੂੰ ਅਦਾਕਾਰੀ ਦੇ ਹਰ ਰੰਗ ਵਿਚ ਰੰਗ ਕੇ ਜਿੱਥੇ ਵੇਖਣ ਵਾਲਿਆਂ ਦਾ ਮਨੋਰੰਜਨ ਕਰਦਾ ਹੈ,



ਉੱਥੇ ਆਪਣੇ ਹੀ ਲਿਖੇ ਸੰਵਾਦਾਂ ਰਾਹੀਂ ਦਿੱਤੇ ਸੁਨੇਹੇ ਨਾਲ ਲੋਕਾਂ ਨੂੰ ਸੋਚਣ ਲਈ ਮਜਬੂਰ ਕਰ ਦਿੰਦਾ ਹੈ। ਜ਼ਿੰਦਗੀ ਦੇ ਲਗਪਗ ਸਾਢੇ ਸੱਤ ਦਹਾਕੇ ਲੰਘਾ ਚੁੱਕਾ ਇਹ ਕਲਾਕਾਰ ਇਕ ਸਮੇਂ ਵਿਚ ਹੀ ਤਿੰਨ ਪੀੜ੍ਹੀਆਂ ਦਾ ਚਹੇਤਾ ਕਲਾਕਾਰ ਹੈ। ਉਸਦੀ ਨੈਸ਼ਨਲ ਐਵਾਰਡ ਜੇਤੂ ਪੰਜਾਬੀ ਫ਼ਿਲਮ 'ਬਾਗੀ' ਵਿਚ ਅਦਾਕਾਰੀ ਕਮਾਲ ਦੀ ਸੀ, ਉੱਥੇ 'ਅੰਗਰੇਜ਼' ਫ਼ਿਲਮ ਵਿਚਲੀ ਉਸਦੀ ਅਦਾਕਾਰੀ ਲੂੰ-ਕੰਡੇ ਖੜ੍ਹੇ ਕਰ ਦਿੰਦੀ ਹੈ। ਮੇਰੀ ਜਾਚੇ 'ਅੰਗਰੇਜ਼' ਵਾਲਾ ਰੋਲ ਸਰਦਾਰ ਸੋਹੀ ਲਈ ਹੀ ਬਣਿਆ ਸੀ।

ਉਸਦੀ ਅਦਾਕਾਰੀ ਨਾਲ ਸਜੀਆਂ ਫ਼ਿਲਮਾਂ ਦੀ ਸੂਚੀ ਬਹੁਤ ਲੰਬੀ ਹੈ, ਜਿਨ੍ਹਾਂ ਵਿਚ ਉਸਨੇ ਆਪਣੀ ਦਮਦਾਰ ਅਦਾਕਾਰੀ ਨਾਲ ਕਿਸੇ ਨੂੰ ਰੁਆਇਆ ਤੇ ਕਿਸੇ ਨੂੰ ਹਸਾਇਆ ਹੈ। ਫ਼ਿਲਮ 'ਦੁੱਲਾ ਭੱਟੀ', 'ਅਰਦਾਸ' ਦੇ ਦੋਵੇਂ ਭਾਗ, 'ਕੈਰੀ ਔਨ ਜੱਟਾ', ਰਵਿੰਦਰ ਗਰੇਵਾਲ ਦੀਆਂ 'ਜੈਲੀ ਡੰਗਰ ਡਾਕਟਰ', 'ਪੁੱਤ ਜੱਟਾਂ ਦੇ ਜੱਟ ਬੌਇਜ਼', 'ਪਤਾ ਨਹੀਂ ਰੱਬ ਕਿਹੜਿਆਂ ਰੰਗਾਂ ਵਿਚ ਰਾਜੀ', 'ਬੰਬੂਕਾਟ' ਤੇ ਹੋਰ ਦਰਜਨਾਂ ਪੰਜਾਬੀ ਫ਼ਿਲਮਾਂ ਉਸਦੀ ਪਛਾਣ ਨੂੰ ਦਰਸਾਉਂਦੀਆਂ ਹਨ। ਸਰਦਾਰ ਸੋਹੀ ਪੰਜਾਬੀ ਸਿਨੇਮਾ ਦੇ ਸਭ ਤੋਂ ਲੰਮੀ ਪਾਰੀ ਖੇਡਣ ਵਾਲੇ ਕਲਾਕਾਰਾਂ 'ਚੋਂ ਮੋਹਰੀ ਹੈ ਤੇ ਅੱਜ ਵੀ ਉਹ ਸਭ ਤੋਂ ਵੱਧ ਰੁਝੇਵਿਆਂ ਵਾਲੇ ਕਲਾਕਾਰਾਂ ਦੀ ਗਿਣਤੀ ਵਿਚ ਸ਼ਾਮਲ ਹੈ। ਅਦਾਕਾਰੀ ਦੇ ਨਾਲ ਨਾਲ ਉਸਨੇ ਪੰਜਾਬੀ ਸਿਨੇਮਾ ਵਿਚ ਕਲਮ ਜ਼ਰੀਏ ਵੀ ਵੱਡਾ ਯੋਗਦਾਨ ਪਾਇਆ ਹੈ। ਦਰਜਨਾਂ ਫ਼ਿਲਮਾਂ ਦੇ ਸੰਵਾਦ ਸਰਦਾਰ ਸੋਹੀ ਨੇ ਲਿਖੇ ਹਨ, ਪਰ ਆਮ ਲੋਕਾਂ ਵਿਚ ਉਸਦੀ ਪ੍ਰਸਿੱਧੀ ਇਕ ਧੜੱਲੇਦਾਰ ਕਲਾਕਾਰ ਵਜੋਂ ਹੀ ਬਣੀ ਹੋਈ ਹੈ। ਇਸ ਕਲਾਕਾਰ ਦਾ ਕਹਿਣਾ ਹੈ ਅਦਾਕਾਰੀ ਉਸਦਾ ਇਸ਼ਟ ਹੈ ਜਿਸਨੇ ਉਸਨੂੰ ਦੁਨੀਆਂ ਭਰ ਵਿਚ ਬੈਠੇ ਪੰਜਾਬੀਆਂ ਕੋਲੋਂ ਪਿਆਰ ਤੇ ਸਤਿਕਾਰ ਦਿਵਾਇਆ। ਉਸਦੀ ਇੱਛਾ ਹੈ ਕਿ ਉਹ ਜ਼ਿੰਦਗੀ ਦਾ ਹਰ ਪਲ ਪੰਜਾਬੀ ਸਿਨੇਮਾ ਦੇ ਵਿਹੜੇ ਵਿਚ ਇਸਦੇ ਪਰਿਵਾਰ ਨਾਲ ਬਿਤਾਏ ਤੇ ਪੰਜਾਬੀ ਸਿਨੇਮਾ ਲਈ ਹਰ ਵਕਤ ਕੁਝ ਨਵਾਂ ਕਰਦਾ ਰਹੇ। ਸੱਚਮੁੱਚ ਸਰਦਾਰ ਸੋਹੀ ਪੰਜਾਬੀ ਸਿਨੇਮਾ ਦਾ ਉਹ ਹੀਰਾ ਹੈ ਜਿਸਦੀ ਚਮਕ ਨਾਲ ਪੰਜਾਬੀ ਸਿਨੇਮਾ ਵੀ ਅੱਜ ਅੱਗੇ ਵਧ ਰਿਹਾ ਹੈ ਤੇ ਪੂਰੀ ਦੁਨੀਆਂ ਵਿਚ ਆਪਣੀ ਮਹਿਕ ਬਿਖੇਰ ਰਿਹਾ ਹੈ।

# ਹਰਮਨ ਪਿਆਰਾ ਪੰਜਾਬੀ ਗਾਇਕ ਆਸਾ ਸਿੰਘ ਮਸਤਾਨਾ

ਅਵਤਾਰ ਸਿੰਘ ਆਨੰਦ

ਪੰਜਾਬੀ ਸੰਗੀਤ ਜਗਤ ਦੀ ਜੇ ਗੱਲ ਕੀਤੀ ਜਾਵੇ ਕਿ ਕਿਸ ਗਾਇਕ ਨੇ ਰੂਹ, ਠਹਿਰਾਓ ਅਤੇ ਸੰਜਮ ਨਾਲ ਗਾਇਆ ਹੈ ਤਾਂ ਸਭ ਤੋਂ ਪਹਿਲਾ ਨਾਮ ਪ੍ਰਸਿੱਧ ਗਾਇਕ ਆਸਾ ਸਿੰਘ ਮਸਤਾਨਾ ਦਾ ਆਵੇਗਾ। ਆਸਾ ਸਿੰਘ ਮਸਤਾਨਾ ਹਰ ਵਰਗ ਦਾ ਪਸੰਦੀਦਾ ਗਾਇਕ ਸੀ। ਦਰਮਿਆਨਾ ਕੱਦ, ਮਾਵੇ ਵਾਲੀ ਪੱਗ, ਚੂੜੀਦਾਰ ਪਜਾਮੀ, ਜਾਲੀ ਡੋਰੀ ਨਾਲ ਬੰਨ੍ਹੀ ਦਾੜ੍ਹੀ, ਦੂਰੋਂ ਕਿਸੇ ਫ਼ੌਜੀ ਅਫ਼ਸਰ ਵਾਲੀ ਦਿੱਖ ਦੇ ਮਾਲਕ ਆਸਾ ਸਿੰਘ ਮਸਤਾਨਾ ਦੇ ਗੀਤਾਂ ਵਿਚ ਪੰਜਾਬ ਦਾ ਹਰ ਰੰਗ ਵੇਖਣ ਨੂੰ ਮਿਲਦਾ ਹੈ। ਉਹ ਸਿਰਫ਼ ਪੰਜਾਬੀ ਗਾਇਕ ਹੀ ਨਹੀਂ ਬਲਕਿ ਪੰਜਾਬੀ ਲੋਕ ਗਾਇਕੀ ਦਾ ਇਕ ਯੁੱਗ ਸੀ। ਉਸਦੀ ਆਵਾਜ਼ ਵਿਚ ਵੱਖਰੀ ਕਿਸਮ ਦੀ ਕਸ਼ਿਸ਼ ਸੀ ਜਿਸਦਾ ਇਕ ਗੀਤ ਸੁਣਨ ਤੋਂ ਬਾਅਦ ਅਗਲੇ ਗੀਤ ਲਈ ਫਿਰ ਖਿੱਚ ਪੈਦਾ ਹੁੰਦੀ ਸੀ। ਜਿਸ ਤਰ੍ਹਾਂ ਉਸਦੀ ਗਾਇਕੀ ਵਿਚ ਮਿਆਰ ਤੇ ਸਾਦਗੀ ਸੀ, ਉਸੇ ਤਰ੍ਹਾਂ ਅਸਲ ਜ਼ਿੰਦਗੀ ਵਿਚ ਵੀ ਉਹ ਸਾਦਗੀ ਪਸੰਦ ਇਨਸਾਨ ਸੀ। ਆਸਾ ਸਿੰਘ ਮਸਤਾਨਾ ਦਾ ਜਨਮ ਪਾਕਿਸਤਾਨ ਦੇ ਬਾਰ ਦੇ ਇਲਾਕੇ ਜ਼ਿਲ੍ਹਾ ਸ਼ੇਖ਼ੂਪੁਰਾ ਵਿਚ 22 ਅਗਸਤ, 1927 ਨੂੰ ਪਿਤਾ ਪ੍ਰੀਤਮ ਸਿੰਘ ਅਤੇ ਮਾਤਾ ਅੰਮ੍ਰਿਤ ਕੌਰ ਦੇ ਘਰ ਹੋਇਆ। ਸਕੂਲ ਪੜ੍ਹਦਿਆਂ ਉਹ ਸ਼ਰਾਰਤੀ ਸੀ। ਇਕ ਦਿਨ ਬੈਠਾ ਉਹ ਵੱਖ ਵੱਖ ਤਰ੍ਹਾਂ ਦੀਆਂ ਆਵਾਜ਼ਾਂ ਕੱਢ ਰਿਹਾ ਸੀ ਕਿ ਮਾਸਟਰ ਨੇ ਦੇਖ ਲਿਆ ਤੇ ਕਿਹਾ, 'ਉਏ ਆਸਿਆ ਬੜੀਆਂ ਮਸਤਾਨੀਆਂ ਕਰਨ ਲੱਗ ਪਿਆ।' ਉਸੇ ਦਿਨ ਤੋਂ ਆਸਾ ਮਸਤਾਨਾ ਬਣ ਗਿਆ। ਸੰਤਾਲੀ ਤੋਂ ਪਹਿਲਾਂ ਹੀ ਉਹ ਬੀਏ ਕਰ ਚੁੱਕਾ ਸੀ। ਲਾਹੌਰ ਪੜ੍ਹਦਿਆਂ 1944 ਵਿਚ ਹੀ ਉਸਨੇ ਪੰਡਤ ਦੁਰਗਾ ਪ੍ਰਸਾਦ ਨੂੰ ਉਸਤਾਦ ਧਾਰ ਲਿਆ। ਉਂਜ ਸੁਰ-ਗਿਆਨ ਤੇ ਆਵਾਜ਼ ਵਿਚਲੀ ਮਿਠਾਸ, ਚੰਗੀ ਸ਼ਾਇਰੀ ਦੀ ਚੋਣ ਉਸਨੂੰ ਕੁਦਰਤੀ ਦੇਣ ਸੀ। ਤੀਖਣ ਬੁੱਧੀ ਦੇ ਮਾਲਕ ਮਸਤਾਨਾ ਨੇ ਪੰਜਾਬੀ ਸੰਗੀਤ ਜਗਤ ਨੂੰ ਇਕ ਤੋਂ ਬਾਅਦ ਇਕ ਅਨੇਕਾਂ ਹਿੱਟ ਗੀਤ ਦਿੱਤੇ।

ਉਹ ਉੱਚੇ ਸੁਰ ਲਾਉਣ ਦੀ ਥਾਂ ਹੌਲੀ-ਹੌਲੀ ਤੇ ਮੱਠਾ-ਮੱਠਾ ਜਿਹਾ ਗਾਉਣ ਵਾਲਾ ਗਵੱਈਆ ਸੀ। ਉਸਨੇ ਜਿੰਨਾ ਚਿਰ ਗਾਇਆ ਓਨਾ ਚਿਰ ਤਕ ਉਸਦੇ ਸਾਹਮਣੇ ਕੋਈ ਕਲਾਕਾਰ ਟਿਕ ਨਹੀਂ ਸਕਿਆ। ਉਹ ਪੰਜਾਬੀ ਸਾਹਿਤ ਦਾ ਬੜਾ ਮੁਰੀਦ ਸੀ। ਉਸਦੀ ਆਵਾਜ਼ ਵਿਚ ਸ਼ਿਵ ਕੁਮਾਰ ਬਟਾਲਵੀ ਦਾ ਗੀਤ 'ਜਦੋਂ ਮੇਰੀ ਅਰਥੀ ਉਠਾ ਕੇ ਚੱਲਣਗੇ' ਅਤੇ ਨੰਦ ਲਾਲ ਨੂਰਪੁਰੀ ਦਾ ਗੀਤ 'ਬੱਲੇ ਨੀਂ ਪੰਜਾਬ ਦੀਏ ਸ਼ੇਰ ਬੱਚੀਏ' ਕਾਫ਼ੀ ਚਰਚਿਤ ਰਿਹਾ। ਅੱਜ ਵੀ ਰੇਡੀਓ 'ਤੇ ਲੋਕ ਇਨ੍ਹਾਂ ਗੀਤਾਂ ਦੀ ਵਾਰ-ਵਾਰ ਫਰਮਾਇਸ਼ ਕਰਦੇ ਹਨ। ਉਸਦੀ ਗਾਇਕੀ ਦੀ ਇਕ ਹੋਰ ਵਿਸ਼ੇਸ਼ਤਾ ਰਹੀ ਕਿ ਉਸਨੇ ਆਪਣੀ ਗਾਇਕੀ ਰਾਹੀਂ ਕਾਮੇਡੀ ਭਰਪੂਰ ਗੀਤਾਂ ਦੀ ਪੇਸ਼ਕਾਰੀ ਕੀਤੀ। ਮਿਸਾਲ ਵਜੋਂ 'ਮੈਨੂੰ ਲੋਕਾਂ ਦਿੱਤੀ ਵਧਾਈ, ਕਾਕਾ ਜੰਮ ਪਿਆ' ਜਾਂ ਫਿਰ ਸੁਰਿੰਦਰ ਕੌਰ ਨਾਲ 'ਤੇਰਾ ਮੁੰਡਾ ਨਿਰਾ ਸ਼ਨਿਚਰੀ' ਬਹੁਤ ਮਕਬੂਲ ਹੋਏ।

1949 ਵਿਚ ਲਾਹੌਰ ਵਿਖੇ ਪਹਿਲੀ ਵਾਰ ਰੇਡੀਓ 'ਤੇ 'ਤੱਤੀਏ ਹਵਾਏ, ਕਿਹੜੇ ਪਾਸਿਉਂ ਤੂੰ ਆਈ ਏਂ' ਨਾਮੀ ਗੀਤ ਗਾ ਕੇ ਉਸਨੇ ਬੜੀ ਸ਼ੋਹਰਤ ਖੱਟੀ। ਉਸਦੇ ਗਾਏ ਕਈ ਸੁਪਰਹਿੱਟ ਗੀਤ ਅੱਜ ਵੀ ਸੰਗੀਤ ਪ੍ਰੇਮੀਆਂ ਦੇ ਦਿਲਾਂ ਵਿਚ ਤਰੋ-ਤਾਜ਼ਾ ਹਨ। 'ਕਾਲੀ ਤੇਰੀ ਗੁੱਤ ਤੇ ਪਰਾਂਦਾ ਤੇਰਾ ਲਾਲ ਨੀਂ', 'ਮੁਟਿਆਰੇ ਜਾਣਾ ਦੂਰ ਪਿਆ' ਅਤੇ 'ਮੈਨੂੰ ਤੇਰਾ ਸ਼ਬਾਬ ਲੈ ਬੈਠਾ' ਆਦਿ ਗੀਤ ਤਾਂ ਉਸ ਦੀ ਗਾਇਕੀ ਦਾ ਸਿਖਰ ਮੰਨੇ ਜਾ ਸਕਦੇ ਹਨ। 'ਜਦੋਂ ਮੇਰੀ ਅਰਥੀ ਉਠਾ ਕੇ ਚੱਲਣਗੇ, ਮੇਰੇ ਯਾਰ ਸਭ ਹੁਮ-ਹੁਮਾ ਕੇ ਚੱਲਣਗੇ' ਨਾਮਕ ਗੀਤ ਤਾਂ ਉਸ ਨੇ ਏਨੀ ਸ਼ਿੱਦਤ ਨਾਲ ਗਾਇਆ ਕਿ ਅੱਜ ਵੀ ਇਸ ਨੂੰ ਸੁਣਨ ਵਾਲੇ ਦੀਆਂ ਅੱਖਾਂ ਭਰ ਆਉਂਦੀਆਂ ਹਨ। ਆਸਾ ਸਿੰਘ ਮਸਤਾਨਾ ਦੇ ਗੀਤਾਂ ਵਿਚੋਂ ਪੰਜਾਬ ਦੀ ਤਸਵੀਰ ਨਜ਼ਰ ਆਉਂਦੀ ਹੈ। ਉਹ ਪੰਜਾਬੀ ਦਾ ਅਜਿਹਾ ਗਾਇਕ ਸੀ ਜਿਸਨੂੰ ਸੰਗੀਤ-ਨਾਟਿਆ ਅਕਾਦਮੀ ਵੱਲੋਂ 1986 'ਚ ਸਨਮਾਨਤ ਕੀਤਾ ਗਿਆ ਤੇ ਨਾਲ ਹੀ 1985 ਵਿਚ ਪਦਮਸ੍ਰੀ ਵਰਗੇ ਕੌਮੀ ਐਵਾਰਡ ਨਾਲ ਵੀ ਸਨਮਾਨਤ ਕੀਤਾ ਗਿਆ।

ਉਸਨੇ ਭਾਵੇਂ ਦੋਗਾਣੇ ਵੀ ਬਹੁਤ ਗਾਏ ਅਤੇ ਮਕਬੂਲ ਹੋਏ, ਪਰ ਆਪਣੇ ਗੀਤਾਂ ਵਿਚ ਉਸਨੇ ਕਦੇ ਲੱਚਰਤਾ ਨੂੰ ਨੇੜੇ ਨਹੀਂ ਢੁਕਣ ਦਿੱਤਾ। ਉਸਦੇ ਸਭ ਤੋਂ ਵੱਧ ਦੋਗਾਣੇ ਸੁਰਿੰਦਰ ਕੌਰ ਨਾਲ ਹਨ ਜੋ ਕਮਾਲ ਦੇ ਹਨ। 'ਇਹ ਮੁੰਡਾ ਨਿਰਾ ਸ਼ਨਿੱਚਰੀ' ਇਸ ਜੋੜੀ ਦਾ ਗਾਇਆ ਪ੍ਰਸਿੱਧ ਗੀਤ ਹੈ। ਉਸ ਦੇ ਗਾਏ ਕੁਝ ਹੋਰ ਗੀਤਾਂ ਵਿਚ ਸ਼ਾਮਲ ਹਨ :

× ਕੁੰਡਲਾਂ ਤੋਂ ਪੁੱਛ ਗੋਰੀਏ
× ਦੱਸ ਕਿਹੜੇ ਮੈਂ ਬਹਾਨੇ ਆਵਾਂ
× ਤੈਨੂੰ ਮਿਲਣੇ ਦਾ ਚਾਅ ਮਾਹੀਆ
× ਮੇਰੇ ਯਾਰ ਨੂੰ ਮੰਦਾ ਨਾ ਬੋਲੀਂ
× ਬੀ.ਏ. ਪਾਸ ਦੇ ਨਸੀਬ ਸੜ ਗਏ
× ਬੱਲੇ ਨੀਂ ਪੰਜਾਬ ਦੀਏ ਸ਼ੇਰ ਬੱਚੀਏ
× ਜਦੋਂ ਮੇਰੀ ਅਰਥੀ ਉਠਾ ਕੇ ਚੱਲਣਗੇ
× ਕਾਲੀ ਤੇਰੀ ਗੁੱਤ ਤੇ ਪਰਾਂਦਾ ਤੇਰਾ ਲਾਲ ਨੀਂ
× ਏਧਰ ਕਣਕਾਂ ਓਧਰ ਕਣਕਾਂ



ਜਿਸ ਤਰ੍ਹਾਂ ਵਾਰਿਸ ਸ਼ਾਹ ਹੀਰ ਲਿਖਣ ਕਰਕੇ ਅਮਰ ਹੋਇਆ ਸੀ, ਇਸੇ ਤਰ੍ਹਾਂ ਆਸਾ ਸਿੰਘ ਮਸਤਾਨਾ ਹੀਰ ਗਾਉਣ ਕਰਕੇ ਅਮਰ ਹੋ ਗਿਆ। ਉਸਨੇ ਪ੍ਰਕਾਸ਼ ਕੌਰ ਅਤੇ ਪੁਸ਼ਪਾ ਹੰਸ ਨਾਲ ਵੀ ਕੁਝ ਗੀਤ ਗਾਏ। ਲੋਕ ਗੀਤਾਂ ਤੋਂ ਇਲਾਵਾ ਉਸਨੇ ਸ਼ਿਵ ਕੁਮਾਰ ਬਟਾਲਵੀ, ਨੰਦ ਲਾਲ ਨੂਰਪੁਰੀ, ਚਮਨ ਲਾਲ ਸ਼ੁਗਲ, ਪ੍ਰਕਾਸ਼ ਸਾਥੀ, ਕੁਲਦੀਪ ਦੀਪ, ਚਾਨਣ ਗੋਬਿੰਦਪੁਰੀ ਅਤੇ ਇੰਦਰਜੀਤ ਸਿੰਘ ਤੁਲਸੀ ਅਤੇ ਬਾਬੂ ਸਿੰਘ ਮਾਨ ਦੇ ਗੀਤ ਰਿਕਾਰਡ ਕਰਵਾਏ। ਆਸਾ ਸਿੰਘ ਦਾ 1950 ਵਿਚ ਅੰਮ੍ਰਿਤਸਰ ਦੇ ਹਿੰਦੂ ਪਰਿਵਾਰ ਦੀ ਲੜਕੀ ਸੁਸ਼ੀਲਾ ਨਾਲ ਵਿਆਹ ਹੋਇਆ। ਉਨ੍ਹਾਂ ਦੇ ਘਰ ਦੋ ਬੱਚਿਆ ਪੁੱਤਰ ਪਰਮਜੀਤ ਤੇ ਬੇਟੀ ਰਮਨਦੀਪ ਨੇ ਜਨਮ ਲਿਆ। ਉਹ ਆਪਣੀ ਬੈਂਕ ਦੀ ਨੌਕਰੀ ਤੋਂ ਸੇਵਾ ਮੁਕਤ ਹੋਣ ਤੋਂ ਬਾਅਦ ਵੀ ਦਿੱਲੀ ਵਿਚ ਹੀ ਰਿਹਾ। ਆਸਾ ਸਿੰਘ ਮਸਤਾਨਾ ਗਾਇਕੀ ਦੇ ਇਕ ਅਜਿਹੇ ਅਧਿਆਏ ਵਜੋਂ ਪੰਜਾਬੀਆਂ ਦੇ ਮਨਾਂ 'ਤੇ ਸਥਾਪਤ ਹੋ ਚੁੱਕਿਆ ਹੈ ਜੋ ਮਿਆਰੀ ਸ਼ਾਇਰੀ ਵਾਲੀ ਗਾਇਕੀ, ਸਾਦਾ ਅੰਦਾਜ਼ ਅਤੇ ਵਿਲੱਖਣ ਗਾਇਕੀ ਦੇ ਰੰਗ ਕਰਕੇ ਰਹਿੰਦੀ ਦੁਨੀਆਂ ਤਕ ਯਾਦ ਕੀਤਾ ਜਾਂਦਾ ਰਹੇਗਾ। ਪੰਜਾਬੀ ਦਾ ਖ਼ੁਸ਼-ਮਿਜ਼ਾਜ ਤੇ ਚੁਲਬੁਲੀ ਤਬੀਅਤ ਵਾਲਾ ਇਹ ਗਾਇਕ 23 ਅਗਸਤ, 1999 ਨੂੰ ਸਾਥੋਂ ਵਿੱਛੜ ਗਿਆ।

**(ਪੰਜਾਬੀ ਟ੍ਰਿਬਿਊਨ 'ਚੋਂ ਧੰਨਵਾਦ ਸਹਿਤ)**

## ਹੁਣ ਸ਼ਰਧਾਲੂ ਕਰਤਾਰਪੁਰ ਸਾਹਿਬ ਲਈ ਲੰਗਰ ਦੀ ਰਸਦ ਵੀ ਲਿਜਾਣ ਲੱਗੇ

(ਕਰਤਾਰਪੁਰ ਸਾਹਿਬ) ਤੋਂ 'ਕਿਰਤ ਕਰੋ, ਵੰਡ ਛਕੋ ਅਤੇ ਨਾਮ ਜਪੋ' ਦਾ ਸਿਧਾਂਤ ਸ਼ੁਰੂ ਕਰਦਿਆਂ ਲੰਗਰ ਚਲਾਇਆ ਸੀ। ਗੁਰੂ ਜੀ ਵੱਲੋਂ ਦੂਸਰੇ ਗੁਰੂ ਅੰਗਦ ਦੇਵ ਜੀ ਨੂੰ ਖਡੂਰ ਸਾਹਿਬ ਭੇਜੇ ਜਾਣ 'ਤੇ ਮੂਲ ਰੂਪ ਵਿੱਚ ਲੰਗਰ ਪ੍ਰਥਾ ਸ਼ੁਰੂ ਹੋਈ ਸੀ। ਗੁਰਦੁਆਰਾ ਕਰਤਾਰਪੁਰ ਸਾਹਿਬ ਜਾਣ ਵਾਲੇ ਸ਼ਰਧਾਲੂ ਅੱਜ ਰਸਦ ਵਿੱਚ ਆਟਾ, ਟਮਾਟਰ, ਮਿਰਚਾਂ ਅਤੇ ਹੋਰ ਸਮੱਗਰੀ ਲੈ ਕੇ ਗਏ। ਡੇਰਾ ਬਾਬਾ ਨਾਨਕ ਦੇ ਵਸਨੀਕ ਗੁਰਕਿਰਪਾਲ ਸਿੰਘ ਤੇ ਐਸਜੀਪੀਸੀ ਮੈਂਬਰ ਜਥੇਦਾਰ ਸ਼ਾਹਪੁਰ ਨੇ ਵੀ ਸ਼ਰਧਾਲੂਆਂ ਨੂੰ ਉਥੋਂ ਦੇ ਲੰਗਰਾਂ ਵਿੱਚ ਦਾਲਾਂ ਲਿਜਾਣ ਦੀ ਅਪੀਲ ਕੀਤੀ ਹੈ।

## ਪੰਜਾਬ ਵਿਚ ਦਲਿਤਾਂ ਦੇ ਮਨੁੱਖੀ ਅਧਿਕਾਰ ਤੇ ਦੁਖਾਂਤ

ਜਾਂ ਦਲਿਤ ਔਰਤਾਂ ਦੁਰਾਚਾਰ ਦਾ ਸ਼ਿਕਾਰ ਹੁੰਦੀਆਂ ਹਨ। ਜੇਕਰ ਕਿਸੇ ਨੇ ਦਲਿਤਾਂ ਦੀ ਜ਼ਮੀਨੀ ਹਕੀਕਤ ਬਿਆਨਣ ਦੀ ਕੋਸ਼ਿਸ਼ ਕੀਤੀ ਤਾਂ ਮੀਡੀਆ ਨੇ ਉਸ ਨੂੰ ਕਬੂਲਿਆ ਹੀ ਨਹੀਂ ਸਗੋਂ ਭੜਕਾਊ ਕਹਿ ਕੇ ਮਨ੍ਹਾਂ ਕਰ ਦਿੱਤਾ। ਅੱਜ ਦਲਿਤਾਂ ਨੂੰ ਡਾ: ਅੰਬੇਡਕਰ ਜਿਹੇ ਦੂਰਦਰਸ਼ੀ ਨੇਤਾ ਦੀ ਲੋੜ ਹੈ ਜੋ ਇਨ੍ਹਾਂ ਨੂੰ ਇਕ ਸੂਤਰ 'ਚ ਪਰੋ ਕੇ ਆਪਣੇ ਹੱਕਾਂ ਲਈ ਲਾਮਬੰਦ ਕਰ ਸਕੇ ਅਤੇ ਹੁੰਦੇ ਸ਼ੋਸ਼ਣ ਖਿਲਾਫ਼ ਡਟਣ ਦੀ ਹਿੰਮਤ ਪ੍ਰਦਾਨ ਕਰ ਸਕੇ। ਇਨਕਲਾਬ ਦੀ ਪਹਿਲ ਦੁਬਲੇ ਕੁਚਲੇ ਲੋਕਾਂ ਨੇ ਹੀ ਕੀਤੀ ਹੈ ਜੋ ਅੱਜ ਵੀ ਅਹਿਮ ਲੋੜ ਹੈ। 20 ਮਾਰਚ, 2018 ਨੂੰ ਮਾਣਯੋਗ ਸੁਪਰੀਮ ਕੋਰਟ ਨੇ ਐਸ. ਸੀ./ਐਸ. ਟੀ. ਐਕਟ ਦੀ ਦੁਰਵਰਤੋਂ ਦੀ ਦੁਹਾਈ ਪਾਈ ਸੀ ਜਿਸ ਦੇ ਵਿਰੋਧ 'ਚ 2 ਅਪ੍ਰੈਲ 2018 ਨੂੰ ਭਾਰਤ ਬੰਦ ਹੋਇਆ ਸੀ। ਮੰਨਿਆ ਕੁਝ ਜਗ੍ਹਾ ਇਸ ਕਾਨੂੰਨ ਦੀ ਦੁਰਵਰਤੋਂ ਹੋਈ ਹੋਵੇਗੀ ਪਰ ਇਹ ਵੀ ਕੌੜਾ ਸੱਚ ਹੈ ਕਿ ਅੱਧੇ ਤੋਂ ਜ਼ਿਆਦਾ ਜ਼ੁਰਮ ਤਾਂ ਰਿਕਾਰਡ ਹੀ ਨਹੀਂ ਹੁੰਦੇ, ਜੋ ਰਿਕਾਰਡ ਹੁੰਦੇ ਨੇ ਉਨ੍ਹਾਂ 'ਤੇ ਵੀ ਸੰਜੀਦਾ ਕਾਰਵਾਈ ਨਹੀਂ ਹੁੰਦੀ। ਸਰਕਾਰਾਂ ਦੇ ਨਾਲ ਸਮਾਜ ਵੀ ਦੋਗਲੀ ਨੀਤੀ ਛੱਡ ਕੇ ਇਨ੍ਹਾਂ ਵੱਲ ਮਦਦ ਵਾਲਾ ਹੱਥ ਵਧਾਵੇ ਅਤੇ ਇਨ੍ਹਾਂ 'ਤੇ ਹੁੰਦੇ ਜ਼ੁਲਮਾਂ ਪ੍ਰਤੀ ਆਵਾਜ਼ ਬੁਲੰਦ ਕਰੇ। ਦਲਿਤਾਂ ਦੀਆਂ ਸਹੂਲਤਾਂ ਗ਼ਲਤ ਲੋਕਾਂ ਨੂੰ ਨਾ ਜਾਣ ਅਤੇ ਇਸ ਦੇ ਹੱਕਦਾਰਾਂ ਤੱਕ ਪਹੁੰਚਣ ਇਸ ਲਈ ਠੋਸ ਰਣਨੀਤੀ ਦੀ ਲੋੜ ਹੈ। ਜਨਰਲ ਵਰਗ ਨੂੰ ਇਨ੍ਹਾਂ ਪ੍ਰਤੀ ਸਾਰਥਿਕ ਸੋਚ ਅਪਣਾਉਣੀ ਚਾਹੀਦੀ ਹੈ। ਜਾਤ ਧਰਮ ਤੋਂ ਉੱਪਰ ਉੱਠ ਕੇ ਮਾਨਵਤਾ ਧਰਮ ਹਿਤ ਦਲਿਤਾਂ ਨੂੰ ਉਨ੍ਹਾਂ ਦਾ ਬਣਦਾ ਸਥਾਨ ਦਿਵਾਉਣ ਲਈ ਹਰ ਸੰਭਵ ਕੋਸ਼ਿਸ਼ ਕੀਤੀ ਜਾਣੀ ਚਾਹੀਦੀ ਹੈ।

## ਭਗਵਿਆਂ ਦਾ ਮਹਾਂਰਾਸ਼ਟਰ 'ਚ ਰੱਥ ਕਿਉਂ ਰੁਕਿਆ

ਇੱਕ ਹੋਰ ਕੰਪਨੀ ਸਕਿੱਲ ਰੀਅਲਟਰਜ਼ ਪ੍ਰਾਈਵੇਟ ਲਿਮਟਿਡ ਨਾਲ ਜੁੜੀ ਹੋਈ ਹੈ। ਦੋਹਾਂ ਦਾ ਡਾਇਰੈਕਟਰ ਇੱਕ ਵਿਅਕਤੀ ਮੇਹੁਲ ਅਨਿਲ ਬਖਸ਼ੀ ਹੈ। ਇਸ ਕੰਪਨੀ ਨੇ ਵੀ ਭਾਜਪਾ ਨੂੰ 2014-15 ਵਿੱਚ ਦੋ ਕਰੋੜ ਚੰਦਾ ਦਿੱਤਾ ਸੀ। ਆਰ ਕੇ ਡਬਲਿਊ ਦੇ ਨਿਰਦੇਸ਼ਕ ਜੈਕਬ ਨਾਰੋਨਹਾ ਇੱਕ ਹੋਰ ਕੰਪਨੀ ਦਰਸ਼ਨ ਡਿਵੈਲਪਰਜ਼ ਦੇ ਵੀ ਨਿਰਦੇਸ਼ਕ ਹਨ। ਚੋਣ ਕਮਿਸ਼ਨ ਕੋਲੋਂ ਮਿਲੀ ਜਾਣਕਾਰੀ ਅਨੁਸਾਰ ਭਾਜਪਾ ਨੇ ਇਸ ਕੰਪਨੀ ਤੋਂ 2016-17 ਵਿੱਚ 7.50 ਕਰੋੜ ਰੁਪਏ ਚੰਦਾ ਲਿਆ ਸੀ। ਈ ਡੀ ਟੈਰਿੰਗ ਫੰਡਿੰਗ ਸੰਬੰਧੀ ਜੈਕਬ ਦੀ ਵੀ ਜਾਂਚ ਕਰ ਰਹੀ ਹੈ। ਈ ਡੀ ਦਾ ਦੋਸ਼ ਹੈ ਕਿ ਆਰ ਕੇ ਡਬਲਿਊ ਡਿਵੈਲਪਰਜ਼ ਨੇ ਇਕਬਾਲ ਮਿਰਚੀ ਦੀ ਜਾਇਦਾਦਾਂ ਵੇਚਣ ਵਿੱਚ ਮਦਦ ਕੀਤੀ ਸੀ ਅਤੇ ਸੌਦੇ ਲਈ ਬਿੰਦਰਾ ਨੇ 30 ਕਰੋੜ ਰੁਪਏ ਦਲਾਲੀ ਲਈ ਸੀ। ਮਹਾਰਾਸ਼ਟਰ ਚੋਣ ਤੋਂ ਪਹਿਲਾਂ ਇਕਬਾਲ ਮਿਰਚੀ ਦਾ ਮਾਮਲਾ ਕਾਫ਼ੀ ਉਛਾਲਿਆ ਗਿਆ ਸੀ। ਇਸ ਦੌਰਾਨ ਈ ਡੀ ਨੇ ਸੀਨੀਅਰ ਐੱਨ ਸੀ ਪੀ ਆਗੂ ਪ੍ਰਫੁੱਲ ਪਟੇਲ ਤੋਂ ਵੀ ਪੁੱਛਗਿੱਛ ਕੀਤੀ ਸੀ ਤੇ ਬਿੰਦਰਾ ਸਮੇਤ ਦੋ ਵਿਅਕਤੀਆਂ ਨੂੰ ਗ੍ਰਿਫ਼ਤਾਰ ਕੀਤਾ ਸੀ। ਈਡੀ ਨੇ ਇਕਬਾਲ ਮਿਰਚੀ ਦੀਆਂ ਜਾਇਦਾਦਾਂ ਨੂੰ ਸਨਬਲਿੰਕ ਤੇ ਮਿਲੇਨੀਅਮ ਡਿਵੈਲਪਰਜ਼ ਨੂੰ ਵੇਚਣ ਸੰਬੰਧੀ ਇਕਬਾਲ ਮਿਰਚੀ ਦੇ ਭਣਵਈਏ ਮੁਖਤਾਰ ਮੈਨਨ ਤੋਂ ਵੀ ਪੁੱਛਗਿੱਛ ਕੀਤੀ ਸੀ। ਪਿਛਲੇ ਮਹੀਨੇ ਈ ਡੀ ਨੇ ਸਨਬਲਿੰਕ ਨੂੰ 2186 ਕਰੋੜ ਦਾ ਕਰਜ਼ਾ ਦੇਣ ਸੰਬੰਧੀ ਡੀ ਐੱਚ ਐੱਫ਼ ਐੱਲ ਦੇ 14 ਟਿਕਾਣਿਆਂ ਉਤੇ ਛਾਪੇਮਾਰੀ ਕੀਤੀ ਸੀ। ਈ ਡੀ ਦਾ ਮੰਨਣਾ ਹੈ ਕਿ ਇਹ ਸਾਰਾ ਪੈਸਾ ਦੁਬਈ ਰਾਹੀਂ ਆਇਆ ਸੀ। ਉਪਰੋਕਤ ਤੋਂ ਸਪੱਸ਼ਟ ਹੈ ਕਿ ਭਾਜਪਾ ਆਗੂ ਸੱਤਾ ਲਈ ਕਿਸੇ ਵੀ ਹੱਦ ਤੱਕ ਡਿੱਗ ਸਕਦੇ ਹਨ। ਉਹ ਦੂਸਰੀਆਂ ਪਾਰਟੀ ਦੇ ਆਗੂਆਂ ਨੂੰ ਆਪਣੇ ਨਾਲ ਮਿਲਾਉਣ ਲਈ ਵੀ ਈ ਡੀ ਦੀ ਵਰਤੋਂ ਕਰ ਸਕਦੇ ਹਨ ਤੇ ਅੱਤਵਾਦੀਆਂ ਨੂੰ ਚੰਦਾ ਦੇਣ ਵਾਲੀਆਂ ਕੰਪਨੀਆਂ ਨੂੰ ਵੀ ਈ ਡੀ ਰਾਹੀਂ ਡਰਾ ਕੇ ਆਪਣਾ ਖ਼ਜ਼ਾਨਾ ਭਰ ਸਕਦੇ ਹਨ। ਇਹ ਭਗਵਾਂਵਾਦ ਇਕ ਮਖੌਟਾ ਹੀ ਹੈ, ਜੋ ਰਾਸ਼ਟਰਵਾਦ ਦੇ ਝੰਡੇ ਚੁੱਕ ਕੇ ਆਪਣੇ ਆਪ ਨੂੰ ਦੇਸ਼ਭਗਤ ਸਿੱਧ ਕਰ ਰਿਹਾ ਹੈ। ਉਪਰੋਕਟ ਘਟਨਾਵਾਂ ਨੇ ਸਿੱਧ ਕਰ ਦਿੱਤਾ ਕਿ ਮੋਦੀ ਤੇ ਅਮਿਤ ਸ਼ਾਹ ਜਾਂ ਸੰਘ ਪਰਿਵਾਰ ਕੋਈ ਮਹਾਨ ਸ਼ਕਤੀਆਂ ਨਹੀਂ ਹਨ ਤੇ ਨਾ ਹੀ ਇਨ੍ਹਾਂ ਦੇ ਹੱਥ ਵਿਚ ਰੱਬੀ ਤਾਕਤ ਹੈ ਕਿ ਉਹ ਦੇਸ਼ ਨੂੰ ਆਪਣੇ ਅਨੁਸਾਰ ਚਲਾ ਸਕਣ।

ਬਾਬਾ ਸਾਹਿਬ ਅੰਬੇਡਕਰ ਨੇ 25 ਨਵੰਬਰ 1949 ਨੂੰ ਸੰਵਿਧਾਨ ਸਭਾ ਵਿਚ ਦਿੱਤੇ ਭਾਸ਼ਣ ਵਿਚ ਕਿਹਾ ਸੀ ਕਿ ਕਿਸੇ ਵੀ ਦੇਸ ਦੇ ਸੰਵਿਧਾਨ ਦੀ ਸਫਲਤਾ ਉਸ ਦੇ ਨਾਗਰਿਕਾਂ ਤੇ ਸੰਵਿਧਾਨ ਨੂੰ ਚਲਾਉਣ ਵਾਲਿਆਂ ਦੇ ਚਰਿੱਤਰ ਅਤੇ ਨੀਅਤ ਉੱਤੇ ਨਿਰਭਰ ਕਰਦੀ ਹੈ। ਉਨ੍ਹਾਂ ਨੇ ਅੱਗੇ ਕਿਹਾ ਸੀ ਕਿ ਸੰਵਿਧਾਨ ਭਾਵੇਂ ਜਿੰਨਾ ਮਰਜ਼ੀ ਚੰਗਾ ਕਿਉਂ ਨਾ ਹੋਵੇ, ਅਰਥਾਤ ਉਸ ਨੂੰ ਚਲਾਉਣ ਵਾਲਿਆਂ ਵਿਚ ਸੰਵਿਧਾਨ ਦੇ ਮੁੱਲਾਂ ਦੇ ਪ੍ਰਤੀ ਸਮਰਪਣ ਤੇ ਉਸ ਨੂੰ ਲਾਗੂ ਕਰਨ ਦਾ ਜਜ਼ਬਾ ਨਹੀਂ ਹੈ ਤਾਂ ਉਹ ਇਸ ਨੂੰ ਨਿਰਜੀਵ ਅੱਖਰਾਂ ਦਾ ਸਮੂਹ ਬਣਾ ਕੇ ਰੱਖ ਦੇਣਗੇ। ਜੇਕਰ ਸੰਵਿਧਾਨ ਵਿਚ ਕੋਈ ਕਮੀ ਰਹਿ ਗਈ ਹੈ ਤਾਂ ਉਸ ਦਾ ਪਾਲਣ ਕਰਨ ਵਾਲੇ ਸੰਵਿਧਾਨ ਪ੍ਰਤੀ ਪ੍ਰਤੀਬੱਧ ਉਨ੍ਹਾਂ ਕਮੀਆਂ ਨੂੰ ਦੂਰ ਕਰਕੇ ਚੰਗੇ ਸਮਾਜ ਤੇ ਚੰਗੇ ਰਾਜ ਦੀ ਸਿਰਜਣਾ ਕਰ ਲੈਣਗੇ। ਜੇਕਰ ਦੇਸ ਦੇ ਲੋਕ ਸਿਆਣੇ ਹੋਣਗੇ ਤਾਂ ਹੀ ਰਾਜਨੀਤੀ ਯੋਗ ਹੋਵੇਗੀ। ਪਰ ਭਾਰਤ ਦੇ ਸਿਆਸਤਦਾਨ ਆਪ ਹੀ ਸੰਵਿਧਾਨ ਨੂੰ ਕੁਚਲ ਕੇ ਹਿਟਲਰ ਬਣ ਰਹੇ ਹਨ।

## ਮਹਾਨ ਜਰਨੈਲ ਬਾਬਾ ਜੀਵਨ ਸਿੰਘ

ਦਾ ਖਿਤਾਬ ਦਿੱਤਾ। ਬਾਬਾ ਜੀਵਨ ਸਿੰਘ ਧਰਮ ਨੂੰ ਸਰਵਉੱਚ ਮੰਨਦੇ ਸਨ, ਉਨ੍ਹਾਂ ਵੱਲੋਂ ਗੁਰੂ ਕਥਾ 'ਚ ਦਰਜ ਹੈ 'ਜਯਤੇ ਸਰਵ ਉਤਮ ਧਰਮ ਜੂਝਨ ਬੀਚ ਮੈਦਾਨਿ। ਜੋ ਰਣ ਤੈ ਮੁਖ ਫੇਰ ਹੈ ਖੋਵਹਿ ਦੀਨ ਇਮਾਨ'।

ਉਨ੍ਹਾਂ ਨੂੰ ਸਾਹਿਬਜ਼ਾਦਾ ਅਜੀਤ ਸਿੰਘ ਨੂੰ ਗਤਕਾ, ਘੋੜਸਵਾਰੀ ਅਤੇ ਯੁੱਧ ਦੇ ਹੋਰ ਦਾਅ ਪੇਚ ਸਿਖਾਉਣ ਦਾ ਮਾਣ ਵੀ ਮਿਲਿਆ ਹੈ। ਬਾਬਾ ਜੀਵਨ ਸਿੰਘ ਅਤੇ ਉਨ੍ਹਾਂ ਦਾ ਸਮੁੱਚਾ ਪਰਿਵਾਰ ਗੁਰੂ ਤੇਗ ਬਹਾਦਰ ਅਤੇ ਗੁਰੂ ਗੋਬਿੰਦ ਸਿੰਘ ਨਾਲ ਆਖ਼ਰੀ ਦਮ ਤੱਕ ਬਿਖੜੇ ਰਾਹਾਂ ਦਾ ਪਾਂਧੀ ਰਿਹਾ। ਉਨ੍ਹਾਂ ਦੇ ਛੋਟੇ ਪੁੱਤਰ (ਭਾਈ ਗੁਲਜ਼ਾਰ ਸਿੰਘ ਅਤੇ ਭਾਈ ਗੁਰਦਿਆਲ ਸਿੰਘ) ਸਰਸਾ ਨਦੀ ਦੇ ਕੰਢੇ ਸ਼ਹੀਦ ਹੋ ਗਏ ਜਦੋਂਕਿ ਉਨ੍ਹਾਂ ਦੇ ਮਾਤਾ ਪ੍ਰੇਮੋ (ਮਾਤਾ ਲਾਜਵੰਤੀ), ਪਤਨੀ ਰਾਜ ਕੌਰ ਸਿਰਸਾ ਨਦੀ ਦੇ ਕੰਢੇ ਜਾਂ ਤਾਂ ਸ਼ਹੀਦ ਹੋ ਗਏ ਜਾਂ ਨਦੀ 'ਚ ਵਹਿ ਗਏ। ਬਾਬਾ ਜੀਵਨ ਸਿੰਘ ਦੇ ਵੱਡੇ ਪੁੱਤਰ ਸੇਵਾ ਸਿੰਘ ਅਤੇ ਸੁੱਖਾ ਸਿੰਘ, ਭਰਾ ਭਾਈ ਸੰਗਤ ਸਿੰਘ ਅਤੇ ਸਹੁਰਾ ਭਾਈ ਖਜਾਨ ਸਿੰਘ ਚਮਕੌਰ ਦੀ ਗੜ੍ਹੀ ਦੀ ਅਸਾਂਵੀ ਜੰਗ ਦੌਰਾਨ ਸ਼ਹੀਦ ਹੋ ਗਏ। ਗੁਰੂ ਗੋਬਿੰਦ ਸਿੰਘ ਨੂੰ ਚਮਕੌਰ ਦੀ ਗੜ੍ਹੀ ਛੱਡਣ ਦੀ ਸਲਾਹ ਦਿੱਤੀ ਤਾਂ ਗੁਰੂ ਜੀ ਨੇ ਬਾਬਾ ਜੀਵਨ ਸਿੰਘ ਨੂੰ ਆਪਣੀ ਦਸਤਾਰ, ਖ਼ੁਦ ਕਲਗੀ ਸਜਾ ਕੇ ਗੜ੍ਹੀ ਦੀ ਮਮਟੀ 'ਤੇ ਬੈਠਾਇਆ ਤਾਂ ਜੋ ਗੁਰੂ ਗੋਬਿੰਦ ਸਿੰਘ ਦੇ ਯੁੱਧ ਵਿੱਚ ਦੁਸ਼ਮਣ ਫ਼ੌਜਾਂ ਨੂੰ ਹਾਜ਼ਰ ਹੋਣ ਦਾ ਭੁਲੇਖਾ ਪੈਦਾ ਰਹੇ। ਬਾਬਾ ਜੀਵਨ ਸਿੰਘ ਗੜ੍ਹੀ ਦੀ ਮਮਟੀ 'ਤੇ ਆਪਣੀ ਨਾਗਣੀ ਅਤੇ ਬਾਗਣੀ ਬੰਦੂਕ ਨਾਲ ਫ਼ੌਜਾਂ ਨੂੰ ਟੱਕਰ ਦਿੰਦੇ ਹੋਏ ਅੰਤ ਨੂੰ ਸ਼ਹੀਦ ਹੋ ਗਏ। ਮੁਗ਼ਲ ਫ਼ੌਜਾਂ ਬਾਬਾ ਜੀਵਨ ਸਿੰਘ ਦੇ ਕਲਗੀ ਲੱਗੇ ਸੀਸ, ਜੋ ਗੁਰੂ ਗੋਬਿੰਦ ਸਿੰਘ ਜੀ ਦਾ ਸਮਝ ਕੇ ਦਿੱਲੀ ਔਰੰਗਜ਼ੇਬ ਨੂੰ ਦਿਖਾਉਣ ਲੈ ਗਏ, ਪਰ ਔਰੰਗਜ਼ੇਬ ਦੀ ਪੁੱਤਰੀ ਜੈਬੋਨਿਸ਼ਾ ਨੇ ਇਹ ਮੰਨਣ ਤੋਂ ਇਨਕਾਰ ਕਰ ਦਿੱਤਾ ਕਿ ਇਹ ਸੀਸ ਗੁਰੂ ਗੋਬਿੰਦ ਸਿੰਘ ਦਾ ਹੈ। ਬਾਬਾ ਜੀਵਨ ਸਿੰਘ ਇੱਕੋ-ਇੱਕ ਅਜਿਹੇ ਯੋਧੇ ਹੋਏ ਜੋ ਆਪਣੀਆਂ ਦੋ ਬੰਦੂਕਾਂ ਨਾਗਣੀ ਅਤੇ ਬਾਗਣੀ ਨੂੰ ਇੱਕੋ ਸਮੇਂ ਚਲਾਉਣ ਦੀ ਮੁਹਾਰਤ ਰੱਖਦੇ ਸਨ। ਹਿਸਟੋਰੀਅਨ ਲਕਸ਼ਮਣ ਸਿੰਘ ਗਿੱਲ ਦੀ ਕਿਤਾਬ 'ਉਮਰ ਕੈਦੀ' ਵਿੱਚ ਬਿਆਨ ਕੀਤਾ ਕਿ ਉਹ ਸ਼ਕਤੀਸ਼ਾਲੀ ਯੋਧਾ ਦਸਮੇਸ਼ ਦਲਾਂ ਦੇ ਜਰਨੈਲ ਅਤੇ ਸਿੱਖ ਗੁਪਤ ਵਿਭਾਗ ਦੇ ਮੁਖੀ ਤੀਖਣਬੁੱਧੀ, ਸਤਿਕਾਰਤ, ਨਿਡਰ, ਸੂਝਬੂਝ, ਸ਼ਰਧਾ ਅਤੇ ਸੂਰਮਗਤੀ ਦੇ ਮਾਲਕ ਹੋਏ। ਦੁੱਖਦਾਈ ਗੱਲ ਇਹ ਹੈ ਕਿ ਅਜਿਹੇ ਮਹਾਨ ਜਰਨੈਲ ਅਤੇ ਉਸ ਦੇ ਪਰਿਵਾਰ ਵੱਲੋਂ ਕੀਤੀਆਂ ਕੁਰਬਾਨੀਆਂ ਨੂੰ ਕੁਝ ਅਖੌਤੀ ਇਤਿਹਾਸਕਾਰਾਂ ਨੇ ਇਨਸਾਫ਼ ਨਹੀਂ ਦਿੱਤਾ, ਸਗੋਂ ਸਿੱਖ ਕੌਮ ਅੰਦਰ ਅਨੇਕਾਂ ਭਰਮ ਭੁਲੇਖੇ ਪਾਉਣ ਦੇ ਯਤਨ ਕੀਤੇ।

## ਮੋਦੀ ਤਾਨਾਸ਼ਾਹੀ ਅੱਗੇ ਭਾਰਤੀ ਜਮਹੂਰੀਅਤ ਠੁੱਸ

ਪਿਛਲੇ ਸਾਲਾਂ ਦੌਰਾਨ ਇਨ੍ਹਾਂ ਨੇ ਹਜ਼ਾਰਾਂ ਲੋਕ ਕਤਲ ਕੀਤੇ ਹਨ ਤੇ ਇਨ੍ਹਾਂ ਦੀ ਗਿਣਤੀ ਕਿਸੇ ਨੂੰ ਨਹੀਂ ਪਤਾ।

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਆਰ ਐਸ ਐਸ ਦੇ ਮੈਂਬਰ ਹਨ ਤੇ ਆਰ ਐਸ ਐਸ ਦੀ ਖੋਜ ਹਨ। ਹਾਲਾਂ ਕਿ ਉਹ ਬ੍ਰਾਹਮਣ ਨਹੀਂ, ਪਰ ਮੋਦੀ ਨੇ ਹੋਰਾਂ ਦੇ ਮੁਕਾਬਲੇ ਆਰ ਐਸ ਐਸ ਨੂੰ ਭਾਰਤ ਦਾ ਸਭ ਤੋਂ ਤਾਕਤਵਰ ਸੰਗਠਨ ਬਣਾ ਦਿੱਤਾ ਹੈ। ਮੋਦੀ ਦਾ ਰਾਜਨੀਤਕ ਕੈਰੀਅਰ ਅਮਰੀਕਾ ਵਿਚ 9/11 ਦੇ ਹਮਲਿਆਂ ਦੇ ਕੁਝ ਹਮਲਿਆਂ ਬਾਅਦ ਅਕਤੂਬਰ 2001 ਵਿਚ ਸ਼ੁਰੂ ਹੋਇਆ।

ਭਾਜਪਾ ਨੇ ਗੁਜਰਾਤ ਦੇ ਮੁੱਖ ਮੰਤਰੀ ਨੂੰ ਹਟਾ ਕੇ ਮੋਦੀ ਨੂੰ ਉਸ ਦੀ ਜਗ੍ਹਾ ਨਿਯੁਕਤ ਕਰ ਦਿੱਤਾ। ਉਨ੍ਹਾਂ ਦੇ ਰਾਜਕਾਲ ਦੌਰਾਨ ਪਹਿਲੇ ਤਿੰਨ ਮਹੀਨਿਆਂ ਦੇ ਅੰਦਰ ਕਿ ਰਹੱਸਮਈ ਹਿੰਸਾ ਹੋਈ, ਜਿਸ ਵਿਚ ਇਕ ਰੇਲ ਕੋਚ ਵਿਚ ਸਵਾਰ ਹਿੰਦੂ ਤੀਰਥ ਯਾਤਰੀਆਂ ਨੂੰ ਸਾੜ ਦਿੱਤਾ ਗਿਆ। ਇਸ ਦਾ ਬਦਲਾ ਲੈਣ ਦੇ ਲਈ ਹਿੰਦੂਆਂ ਦੀ ਬੇਲਗਾਮ ਭੀੜ ਨੇ ਖਤਰਨਾਕ ਤਾਂਡਵ ਕੀਤਾ। ਇਕ ਅੰਦਾਜ਼ੇ ਮੁਤਾਬਕ 25 ਹਜ਼ਾਰ ਮੁਸਲਮਾਨਾਂ ਨੂੰ ਕਤਲ ਕਰ ਦਿੱਤਾ ਗਿਆ। ਇਸ ਦੇ ਤੁਰੰਤ ਬਾਅਦ ਮੋਦੀ ਨੇ ਵਿਧਾਨ ਸਭਾ ਚੋਣਾਂ ਦਾ ਐਲਾਨ ਕਰ ਦਿੱਤਾ ਤੇ ਚੋਣ ਜਿੱਤ ਗਏ ਤੇ ਉਹ ਹਿੰਦੂ ਸਮਾਜ ਦੇ ਸਮਰਾਟ ਬਣ ਗਏ। ਇਸ ਦੇ ਬਾਅਦ ਉਹ ਲਗਾਤਾਰ ਤਿੰਨ ਵਾਰ ਮੁੱਖ ਮੰਤਰੀ ਬਣੇ। 2014 ਦੌਰਾਨ ਭਾਜਪਾ ਨੇ ਪ੍ਰਧਾਨ ਮੰਤਰੀ ਅਹੁਦੇ ਦੇ ਲਈ ਉਮੀਦਵਾਰ ਦੇ ਤੌਰ 'ਤੇ ਇਹ ਚੋਣ ਵੀ ਮੁਸਲਿਮ ਨਸਲਕੁਸ਼ੀ ਦੇ ਆਲੇ-ਦੁਆਲੇ ਲੜੀ ਗਈ। ਪਰ ਇਸ ਵਾਰ ਇਸ ਦਾ ਕੇਂਦਰ ਉੱਤਰ ਪ੍ਰਦੇਸ਼ ਦਾ ਮੁਜੱਫਰਨਗਰ ਸੀ। ਰਾਈਟਰ ਸਮਾਚਾਰ ਏਜੰਸੀ ਦੇ ਇਕ ਪੱਤਰਕਾਰ ਨੇ ਜਦ ਨਰਿੰਦਰ ਮੋਦੀ ਨੂੰ ਪੁੱਛਿਆ ਕਿ ਕੀ ਉਨ੍ਹਾਂ ਨੂੰ 2002 ਦੇ ਹੱਤਿਆ ਕਾਂਡ 'ਤੇ ਪਛਤਾਵਾ ਹੈ ਤਾਂ ਨਰਿੰਦਰ ਮੋਦੀ ਨੇ ਪੂਰੇ ਈਮਾਨਦਾਰੀ ਨਾਲ ਜਵਾਬ ਦਿੱਤਾ ਕਿ ਜੇਕਰ ਦੁਰਘਟਨਾ ਵਸ ਕੋਈ ਕੁੱਤਾ ਉਸ ਦੀ ਗੱਡੀ ਹੇਠ ਮਰ ਜਾਂਦਾ ਹੈ ਤਾਂ ਇਸ ਦਾ ਵੀ ਉਨ੍ਹਾਂ ਨੂੰ ਪਛਤਾਵਾ ਹੋਵੇਗਾ?

ਨਰਿੰਦਰ ਮੋਦੀ ਦਾ ਇਹ ਪ੍ਰਵਚਨ ਸੰਘ ਪਰਿਵਾਰ ਦੀ ਸ਼ੁੱਧ ਜ਼ੁਬਾਨ ਸੀ। ਜਦ ਮੋਦੀ ਨੇ ਭਾਰਤ ਦੇ 14ਵੇਂ ਪ੍ਰਧਾਨ ਮੰਤਰੀ ਦੇ ਤੌਰ 'ਤੇ ਸਹੁੰ ਚੁੱਕੀ ਤਾਂ ਸਿਰਫ ਹਿੰਦੂ ਰਾਸ਼ਟਰਵਾਦੀਆਂ ਨੇ ਜਸ਼ਨ ਹੀ ਨਹੀਂ ਮਨਾਇਆ, ਬਲਕਿ ਭਾਰਤ ਦੇ ਜਾਣੇ ਪਛਾਣੇ ਕਾਰਪੋਰੇਟ ਉਦਯੋਗਪਤੀਆਂ ਨੇ ਵੀ ਮੋਦੀ ਦੀ ਸੱਤਾ ਦਾ ਸਵਾਗਤ ਕੀਤਾ। ਭਾਰਤ ਦੇ ਕਈ ਉਦਾਰਵਾਦੀ ਤੇ ਕੌਮਾਂਤਰੀ ਮੀਡੀਆ ਨੇ ਉਮੀਦ ਤੇ ਤਰੱਕੀ ਦੀ ਮਿਸਾਲ ਦੇ ਤੌਰ 'ਤੇ ਇਸ ਜਸ਼ਨ ਨੂੰ ਮਨਾਇਆ।

ਇਨ੍ਹਾਂ ਲੋਕਾਂ ਨੂੰ ਮੋਦੀ ਵਿਚ ਭਗਵਾਂ ਸੂਟ ਪਹਿਨਣ ਵਾਲਾ ਮਸੀਹਾ ਨਜ਼ਰ ਆਇਆ, ਜੋ ਭਾਰਤ ਦੀ ਪ੍ਰਾਚੀਨ ਅਤੇ ਆਧੁਨਿਕ ਸਭਿਅਤਾ ਦਾ ਮਿਸ਼ਰਨ ਹੈ। ਮੋਦੀ ਨੂੰ ਹਿੰਦੂ ਰਾਸ਼ਟਰਵਾਦ ਤੇ ਬੇਲਗਾਮ ਮੁਕਤ ਬਜ਼ਾਰ ਪੂੰਜੀਵਾਦ ਦੇ ਪ੍ਰਤੀਕ ਦੇ ਰੂਪ ਵਿਚ ਦੇਖਿਆ ਗਿਆ। ਮੋਦੀ ਨੇ ਇਸ ਨੋਟਬੰਦੀ ਨੂੰ ਭ੍ਰਿਸ਼ਟਾਚਾਰ ਤੇ ਅੱਤਵਾਦੀਆਂ ਨੂੰ ਮਿਲ ਰਹੀ ਫੰਡਿੰਗ ਦੇ ਖਿਲਾਫ ਸਰਜੀਕਲ ਸਟ੍ਰਾਈਕ ਦੱਸਿਆ। ਇਹ ਸ਼ੁੱਧ ਰੂਪ ਵਿਚ ਭਗਵਾਂ ਅਰਥ ਸ਼ਾਸ਼ਤਰ ਸੀ ਤੇ ਇਹ ਨੀਕ ਹਕੀਮ ਭਗਵਾਂ ਨੁਸਖਾ ਇਕ ਅਰਬ ਦੀ ਜਨਤਾ 'ਤੇ ਥੋਪਿਆ ਗਿਆ। ਇਨ੍ਹਾਂ ਸਾਲਾਂ ਦੌਰਾਨ ਮੋਦੀ ਨੇ ਹਿੰਦੂ ਰਾਸ਼ਟਰਵਾਦ ਦੇ ਮੋਰਚੇ ਉੱਪਰ ਚੰਗਾ ਪ੍ਰਦਰਸ਼ਨ ਕੀਤਾ, ਪਰ ਮੁਕਤ ਵਪਾਰ ਦੇ ਮੋਰਚੇ 'ਤੇ ਬੁਰੀ ਤਰ੍ਹਾਂ ਅਸਫਲ ਹੋਏ। ਗਲਤੀਆਂ ਤੇ ਗਲਤੀਆਂ ਕਰਕੇ ਮੋਦੀ ਦੇ ਆਰਥਿਕ ਤੰਤਰ ਨੂੰ ਬੁਰੀ ਤਰ੍ਹਾਂ ਉਜਾੜ ਦਿੱਤਾ।

ਮੋਦੀ ਦੀ ਕਿਰਪਾ ਕਾਰਨ ਰਾਤੋਂ ਰਾਤ ਕਈ ਨੌਕਰੀਆਂ ਗਾਇਬ ਹੋ ਗਈਆਂ। ਨਿਰਮਾਣ ਉਦਯੋਗ ਠੱਪ ਹੋ ਗਏ ਤੇ ਛੋਟੇ ਕਾਰੋਬਾਰ ਬੰਦ ਹੋ ਗਏ। ਅਸੀਂ ਬੜੀ ਮਾਸੂਮੀਅਤ ਨਾਲ ਮੰਨ ਲਿਆ ਕਿ ਮੋਦੀ ਯੁੱਗ ਦੇ ਅੰਤ ਦੀ ਸ਼ੁਰੂਆਤ ਹੈ। ਪਰ ਅਸੀਂ ਲੋਕ ਗਲਤ ਸਾਬਤ ਹੋਏ। ਲੋਕਾਂ ਨੇ ਜਸ਼ਨ ਮਨਾਇਆ, ਉਨ੍ਹਾਂ ਨੂੰ ਦਰਦ ਹੋਇਆ ਪਰ ਉਨ੍ਹਾਂ ਨੇ ਦਰਦ ਦਾ ਮਜ਼ਾ ਲਿਆ। ਇਹ ਦਰਦ ਭਗਵੇਂਵਾਦ ਵਲੋਂ ਦਿੱਤੀ ਮਿੱਠੀ ਗੋਲੀ ਵਿਚ ਗਾਇਬ ਹੋਇਆ ਕਿ ਮਹਾਨ ਹਿੰਦੂ-ਹਿੰਦੁਸਤਾਨ ਦਾ ਜਨਮ ਹੋਵੇਗਾ। ਕਈ ਅਰਥ ਸ਼ਾਸਤਰੀਆਂ ਨੇ ਨੋਟਬੰਦੀ ਤੇ ਜੀਐਸਟੀ ਨੂੰ ਚਲਦੀ ਕਾਰ ਦੇ ਪਹੀਆਂ ਵਿਚ ਗੋਲੀ ਮਾਰਨ ਵਰਗਾ ਵਰਤਾਰਾ ਦੱਸਿਆ। ਮੋਦੀ ਨੇ ਜੀਐਸਟੀ ਨੂੰ ਇਕ ਰਾਸ਼ਟਰ ਇਕ ਘਰ ਦੇ ਵਾਅਦੇ ਦਾ ਮਹੂਰਤ ਰੂਪ ਦੱਸਿਆ। ਬਹੁਤਿਆਂ ਨੇ ਕਿਹਾ ਕਿ ਸਰਕਾਰ ਦੁਆਰਾ ਜਾਰੀ ਆਰਥਿਕ ਵਿਕਾਸ ਦੇ ਅੰਕੜੇ ਜੋ ਪਹਿਲਾਂ ਹੀ ਕਾਫੀ ਨਿਰਾਸ਼ਾਜਨਕ ਹਨ ਤੇ ਹੁਣ ਜੀਐਸਟੀ ਵਰਗੇ ਪ੍ਰੋਗਰਾਮ ਭਾਰਤ ਦੀ ਅਰਥ ਵਿਵਸਥਾ ਦਾ ਬੇੜਾ ਗਰਕ ਕਰਨਗੇ। ਹੁਣ ਸਰਕਾਰ ਵੀ ਮੰਨਦੀ ਹੈ ਕਿ ਬੇਰੁਜ਼ਗਾਰੀ 45 ਸਾਲ ਵਿਚ ਇਸ ਵਕਤ ਸਭ ਤੋਂ ਜ਼ਿਆਦਾ ਹੈ। 2019 ਦੇ ਵਿਸ਼ਵ ਭੁੱਖ ਸੂਚਿਕ ਅੰਕ ਵਿਚ 117 ਦੇਸਾਂ ਵਿਚ ਭਾਰਤ 102ਵੇਂ ਨੰਬਰ 'ਤੇ ਹੈ। ਇਸ ਸੂਚਕ ਅੰਕ ਵਿਚ ਨੇਪਾਲ 73ਵੇਂ, ਬੰਗਲਾਦੇਸ 88ਵੇਂ, ਪਾਕਿਸਤਾਨ 94 ਨੰਬਰ 'ਤੇ ਹੈ। ਪਰ ਨੋਟ ਬੰਦੀ ਕੇਵਲ ਆਰਥਿਕ ਮਾਮਲਿਆਂ ਦੇ ਲਈ ਨਹੀਂ, ਇਹ ਲੋਕਾਂ ਦੀ ਵਫਾਦਾਰੀ ਦਾ ਇਮਤਿਹਾਨ ਸੀ। ਇਹ ਲੋਕਾਂ ਦੀ ਮੁਹੱਬਤ ਦਾ ਅਜਿਹਾ ਸਬੂਤ ਸੀ, ਜੋ ਮਹਾਨ ਨੇਤਾ ਭਾਰਤੀਆਂ ਕੋਲੋਂ ਮੰਗ ਰਿਹਾ ਸੀ। ਉਹ ਪੁੱਛ ਰਿਹਾ ਸੀ ਕਿ ਅਸੀਂ ਲੋਕ ਉਸ ਦੇ ਪਿੱਛੇ ਚੱਲਣ ਨੂੰ ਤਿਆਰ ਹਾਂ? ਕੀ ਉਸ ਨੂੰ ਪਿਆਰ ਕਰਦੇ ਰਹਾਂਗੇ? ਭਾਵੇਂ ਕੁਝ ਵੀ ਕਰਦਾ ਰਹੇ? ਅਸੀਂ ਇਸ ਇਮਤਿਹਾਨ ਵਿਚ ਅਵਲ ਦਰਜੇ ਨਾਲ ਪਾਸ ਹੋ ਗਏ। ਜਿਸ ਵਕਤ ਅਸੀਂ ਲੋਕਾਂ ਨੇ ਨੋਟਬੰਦੀ ਨੂੰ ਕਬੂਲ ਕੀਤਾ, ਉਸ ਵਕਤ ਅਸੀਂ ਆਪਣੇ ਆਪ ਨੂੰ ਬੋਨਾ ਬਣਾ ਲਿਆ ਤੇ ਘਟੀਆ ਤਾਨਾਸ਼ਾਹੀ ਦੇ ਅੱਗੇ ਗੋਡੇ ਟੇਕ ਦਿੱਤੇ। ਪਰ ਜੋ ਭਾਰਤ ਲਈ ਬੁਰਾ ਸੀ, ਉਹ ਭਾਜਪਾ ਦੇ ਲਈ ਚੰਗਾ ਸਾਬਤ ਹੋਇਆ। 2016-17 ਦੇ ਦਰਮਿਆਨ ਜਦ ਅਰਥ ਤੰਤਰ ਤਾਸ਼ ਦੇ ਪੱਤਿਆਂ ਦੀ ਤਰ੍ਹਾਂ ਢਹਿ ਢੇਰੀ ਹੋ ਰਿਹਾ ਸੀ, ਭਾਜਪਾ ਦੁਨੀਆਂ ਦੀ ਸਭ ਤੋਂ ਅਮੀਰ ਰਾਜਨੀਤਕ ਪਾਰਟੀ ਬਣ ਗਈ। ਇਸ ਦੀ ਕਮਾਈ ਵਿਚ 81ਫੀਸਦੀ ਵਾਧਾ ਹੋਇਆ, ਉਹ ਆਪਣੀ ਨੇੜਲੀ ਵਿਰੋਧੀ ਪਾਰਟੀ ਕਾਂਗਰਸ ਤੋਂ ਪੰਜ ਗੁਣਾਂ ਅਮੀਰ ਪਾਰਟੀ ਬਣ ਗਈ, ਜਿਸ ਦੀ ਕਮਾਈ ਵਿਚ 14 ਫੀਸਦੀ ਦੀ ਗਿਰਾਵਟ ਆਈ। ਛੋਟੀਆਂ ਪਾਰਟੀਆਂ ਦਿਵਾਲੀਆ ਹੋ ਗਈਆਂ। ਮਹੱਤਵਪੂਰਨ ਰਾਜ ਉੱਤਰ ਪ੍ਰਦੇਸ਼ ਵਿਚ ਭਾਜਪਾ ਨੂੰ ਜਿੱਤ ਮਿਲੀ ਤੇ 2019 ਦੀ ਆਮ ਚੋਣ ਉਸ ਦੇ ਲਈ ਫਰਾਰੀ ਕਾਰ ਤੇ ਪੁਰਾਣੀ ਸਾਈਕਲ ਦੀ ਰੇਸ ਵਰਗੀ ਸੋਖੀ ਸਾਬਤ ਹੋਈ। ਇਸ ਪਿਛੇ ਕਾਰਨ ਇਹ ਹੈ ਕਿ ਇਹ ਚੋਣਾਂ ਮਾਇਆ ਦੀ ਸ਼ਕਤੀ ਦੇ ਸਿਰ 'ਤੇ ਲੜੀਆਂ ਗਈਆਂ ਤੇ ਸੱਤਾ ਤੇ ਪੂੰਜੀ ਇਕ ਹੀ ਸਿੱਕੇ ਦੇ ਦੋ ਪਹਿਲੂ ਦੀ ਤਰ੍ਹਾਂ ਭਾਜਪਾ ਨੇ ਸਿਰਜ ਦਿੱਤੇ। ਇਸ ਤੋਂ ਜਾਪਦਾ ਹੈ ਕਿ ਨੇੜਲੇ ਭਵਿੱਖ ਵਿਚ ਮੁਕਤ ਅਤੇ ਨਿਰਪੱਖ ਚੋਣਾਂ ਨਹੀਂ ਹੋਣਗੀਆਂ।

ਮੋਦੀ ਦੇ ਦੂਸਰੇ ਕਾਰਜਕਾਲ ਵਿਚ ਸੰਘ ਪਰਿਵਾਰ ਨੇ ਆਪਣੀ ਖੇਡ ਨੂੰ ਪਹਿਲਾਂ ਤੋਂ ਜ਼ਿਆਦਾ ਵੱਡਾ ਬਣਾ ਲਿਆ। ਹੁਣ ਇਹ ਸੰਗਠਨ ਇਕ ਸ਼ੈਡੋ ਸਟੇਟ ਜਾਂ ਸਮਾਨਾਂਤਰ ਸਰਕਾਰ ਨਹੀਂ, ਬਲਕਿ ਅਸਲੀ ਸਟੇਟ ਹੈ। ਦਿਨ-ਬ-ਦਿਨ ਸਾਡੇ ਕੋਲ ਅਦਾਲਤਾਂ, ਮੀਡੀਆ, ਪੁਲੀਸ, ਖੁਫੀਆ ਏਜੰਸੀਆਂ ਉੱਪਰ ਸੰਘੀ ਕੰਟਰੋਲ ਦੇ ਉਦਾਹਰਣ ਸਾਹਮਣੇ ਆ ਰਹੇ ਹਨ। ਚਿੰਤਾ ਵਾਲੀ ਗੱਲ ਇਹ ਹੈ ਕਿ ਸੰਘ ਸੁਰੱਖਿਆ ਦਸਤਿਆਂ ਵਿਚ ਵੀ ਕਿਸੇ ਹੱਦ ਤੱਕ ਪ੍ਰਭਾਵ ਰੱਖਦਾ ਹੈ। ਵਿਦੇਸ਼ੀ ਕੂਟਨੀਤਕ ਤੇ ਰਾਜਨੀਤਕ ਇਸ ਦੇ ਨਾਗਪੁਰ ਸਥਿਤ ਹੈਡਕੁਆਰਟਰ ਵਿਚ ਜਾ ਕੇ ਬਾ-ਅਦਬ ਹਾਜ਼ਰੀ ਲਗਾਉਂਦੇ ਹਨ। ਚਾਰ ਸੌ ਤੋਂ ਜ਼ਿਆਦਾ ਟੀਵੀ ਸਮਾਚਾਰ ਚੈਨਲਾਂ, ਲੱਖਾਂ ਵਟਸਐਪ ਗਰੁੱਪਾਂ ਤੇ ਟਿਕ ਟਾਕ ਵੀਡੀਓ ਨੇ ਜਨਤਾ ਨੂੰ ਮੋਦੀ ਪੂਜਾ, ਹਿੰਦੀ, ਹਿੰਦੂ ਤੇ ਹਿੰਦੁਸਤਾਨ ਦੇ ਨਸ਼ੇ ਵਿਚ ਡੋਬ ਕੇ ਰੱਖਿਆ ਹੋਇਆ ਹੈ।

ਤਿੰਨ ਨਵੰਬਰ ਨੂੰ ਭਾਰਤ ਦੀ ਸਰਵਉੱਚ ਅਦਾਲਤ ਸੁਪਰੀਮ ਕੋਰਟ ਨੇ ਦੁਨੀਆਂ ਦੇ ਸਭ ਤੋਂ ਮਹੱਤਵਪੂਰਨ ਕਹੇ ਜਾ ਰਹੇ ਮਾਮਲੇ 'ਤੇ ਫੈਸਲਾ ਸੁਣਾਇਆ। 6 ਦਸੰਬਰ 1992 ਨੂੰ ਅਯੁੱਧਿਆ ਵਿਚ ਵਿਸ਼ਵ ਹਿੰਦੂ ਪ੍ਰੀਸ਼ਦ ਤੇ ਭਾਜਪਾ ਨੇਤਾਵਾਂ ਦੀ ਅਗਵਾਈ ਵਿਚ ਭਗਵੇਂਵਾਦੀਆਂ ਦੀ ਹਿੰਸਕ ਭੀੜ ਨੇ ਸਾਢੇ ਚਾਰ ਸੌ ਸਾਲ ਪੁਰਾਣੀ ਇਕ ਮਸਜਿਦ ਨੂੰ ਢਹਿ ਢੇਰੀ ਕਰ ਦਿੱਤਾ। ਇਨ੍ਹਾਂ ਦਾ ਦਾਅਵਾ ਸੀ ਕਿ ਇਹ ਮਸਜਿਦ ਬਾਬਰੀ ਮਸਜਿਦ ਇਕ ਮੰਦਰ ਦੇ ਖੰਡਹਰਾਂ 'ਤੇ ਬਣਾਈ ਗਈ ਸੀ, ਜੋ ਭਗਵਾਨ ਰਾਮ ਚੰਦਰ ਦਾ ਜਨਮ ਸਥਾਨ ਸੀ। ਮਸਜਿਦ ਢਾਹੇ ਜਾਣ ਦੇ ਬਾਅਦ ਹੋਈ ਫਿਰਕੂ ਹਿੰਸਾ ਵਿਚ ਦੋ ਹਜ਼ਾਰ ਤੋਂ ਜ਼ਿਆਦਾ ਮੁਸਲਮਾਨ ਮਾਰੇ ਗਏ। ਨੌਂ ਨਵੰਬਰ ਦੇ ਫੈਸਲੇ ਵਿਚ ਅਦਾਲਤ ਨੇ ਕਿਹਾ ਕਿ ਕਾਨੂੰਨੀ ਤੌਰ 'ਤੇ ਮੁਸਲਮ ਮਸਜਿਦ 'ਤੇ ਆਪਣਾ ਇਕੋ ਇਕ ਨਿਰੰਤਰ ਮਾਲਕੀ ਹੱਕ ਸਾਬਤ ਨਹੀਂ ਕਰ ਸਕੇ। ਅਦਾਲਤ ਨੇ ਇਸ ਸਥਾਨ ਨੂੰ ਇਕ ਟਰੱਸਟ ਦੇ ਹਵਾਲੇ ਕਰ ਦਿੱਤਾ। ਇਸ ਦਾ ਗਠਨ ਭਾਜਪਾ ਸਰਕਾਰ ਕਰੇਗੀ ਤੇ ਇਸ ਨੂੰ ਮੰਦਰ ਬਣਾਉਣ ਦਾ ਜ਼ਿੰਮਾ ਸੌਂਪ ਦਿੱਤਾ। ਫੈਸਲੇ ਦਾ ਵਿਰੋਧ ਕਰਨ ਵਾਲੇ ਲੋਕਾਂ ਦੀਆਂ ਵੱਡੇ ਪੱਧਰ 'ਤੇ ਗ੍ਰਿਫ਼ਤਾਰੀਆਂ ਹੋਈਆਂ। ਹਿੰਦੂ ਪ੍ਰੀਸ਼ਦ ਨੇ ਆਪਣੇ ਪੁਰਾਣੇ ਬਿਆਨ ਤੋਂ ਪਿੱਛੇ ਹਟਣ ਤੋਂ ਇਨਕਾਰ ਕਰ ਦਿੱਤਾ ਕਿ ਹੁਣ ਉਹ ਦੂਸਰੀਆਂ ਮਸਜਿਦਾਂ 'ਤੇ ਦਾਅਵਾ ਕਰੇਗੀ। ਇਹ ਇਕ ਖਤਰਨਾਕ ਅੰਤਹੀਣ ਮੁਹਿੰਮ ਬਣ ਸਕਦੀ ਹੈ।

**ਮਾਇਆ ਦਾ ਪ੍ਰਭਾਵ ਤੇ ਭਗਵਾਂ ਫਾਸ਼ੀਵਾਦ**

ਬੇਸ਼ੁਮਾਰ ਮਾਇਆ ਤੇ ਫੰਡ ਦੇ ਰਾਹੀਂ ਭਾਜਪਾ ਨੇ ਆਪਣੇ ਵਿਰੋਧੀਆਂ ਨੂੰ ਆਪਣੇ ਨਾਲ ਮਿਲਾਇਆ, ਖਰੀਦਿਆ ਜਾਂ ਕੁਚਲ ਦਿੱਤਾ। ਇਸ ਦਾ ਸਭ ਤੋਂ ਵੱਡਾ ਨੁਕਸਾਨ ਉੱਤਰ ਪ੍ਰਦੇਸ਼ ਤੇ ਬਿਹਾਰ ਵਿਚ ਦਲਿਤ ਤੇ ਦੂਸਰੀਆਂ ਅਧਿਕਾਰਹੀਣ ਜਾਤੀਆਂ ਦੇ ਆਧਾਰ ਵਾਲੀਆਂ ਪਾਰਟੀਆਂ ਨੂੰ ਹੋਇਆ। ਇਨ੍ਹਾਂ ਪਾਰਟੀਆਂ (ਬਹੁਜਨ ਸਮਾਜ ਪਾਰਟੀ, ਰਾਸ਼ਟਰੀ ਜਨਤਾ ਦਲ ਤੇ ਸਮਾਜਵਾਦੀ ਪਾਰਟੀ) ਦੇ ਪਰੰਪਰਿਕ ਸਮਰਥਕਾਂ ਦਾ ਵੱਡਾ ਹਿੱਸਾ ਭਾਜਪਾ ਵਿਚ ਸ਼ਾਮਲ ਹੋ ਗਿਆ। ਇਸ ਨੂੰ ਹਾਸਲ ਕਰਨ ਦੇ ਲਈ ਭਾਜਪਾ ਨੇ ਦਲਿਤ ਤੇ ਪੱਛੜੀ ਜਾਤੀਆਂ ਦੇ ਅੰਦਰ ਮੌਜੂਦ ਜਾਤੀ ਦੀ ਊਚ-ਨੀਚ ਦਾ ਫਾਇਦਾ ਉਠਾਇਆ ਹੈ। ਇਨ੍ਹਾਂ ਜਾਤੀਆਂ ਦੇ ਅੰਦਰ ਊਚ-ਨੀਚ ਦਾ ਆਪਣਾ ਹੀ ਇਕ ਬ੍ਰਹਿਮੰਡ ਹੈ। ਜਾਤੀ ਦੇ ਬਾਰੇ ਭਾਜਪਾ ਦੀ ਡੂੰਘਾ ਤੇ ਸਾਜ਼ਿਸ਼ੀ ਸਮਝ ਅਤੇ ਆਵਾਰਾ ਪੂੰਜੀ ਨੇ ਜਾਤੀ ਰਾਜਨੀਤੀ ਦੇ ਪੁਰਾਣੇ ਚੁਣਾਵੀ ਸਮੀਕਰਨ ਨੂੰ ਪੂਰੀ ਤਰ੍ਹਾਂ ਬਦਲ ਦਿੱਤਾ ਹੈ।

ਦੇਸ਼ ਧ੍ਰੋਹੀ ਖਲਨਾਇਕਾਂ ਦੀ ਇਕ ਹੋਰ ਸ਼੍ਰੇਣੀ ਜਿਸ ਵਿਚ ਮਨੁੱਖੀ ਅਧਿਕਾਰ ਸੰਗਠਨ, ਵਕੀਲ, ਵਿਦਿਆਰਥੀ, ਅਧਿਆਪਕ ਤੇ 'ਸ਼ਹਿਰੀ ਨਕਸਲਵਾਦੀ' ਆਉਂਦੇ ਹਨ। ਇਨ੍ਹਾਂ ਲੋਕਾਂ ਨੂੰ ਬਦਨਾਮ ਕੀਤਾ ਗਿਆ, ਜੇਲ੍ਹਾਂ ਵਿਚ ਸੁੱਟਿਆ ਗਿਆ ਤੇ ਕਾਨੂੰਨੀ ਮਾਮਲਿਆਂ ਵਿਚ ਫਸਾ ਦਿੱਤਾ ਗਿਆ। ਦਲਿਤ ਤੇ ਪੱਛੜੀ ਜਾਤੀ ਦੇ ਵੋਟਾਂ ਨੂੰ ਆਪਣੇ ਪਾਸੇ ਆਕਰਸ਼ਿਤ ਕਰ ਲੈਣ ਤੋਂ ਬਾਅਦ ਭਾਜਪਾ ਨੇ ਸਿੱਖਿਆ ਤੇ ਸਿਹਤ ਖੇਤਰਾਂ ਦੇ ਨਿੱਜੀਕਰਨ ਦੀਆਂ ਨੀਤੀਆਂ ਨੂੰ ਅੱਗੇ ਵਧਾਇਆ ਗਿਆ ਤੇ ਉਹ ਤੇਜੀ ਦੇ ਨਾਲ ਰਾਖਵਾਂਕਰਨ ਤੋਂ ਮਿਲਣ ਵਾਲੇ ਫਾਇਦਿਆਂ ਨੂੰ ਖਤਮ ਕਰ ਰਹੀ ਹੈ। ਉਹ ਪੱਛੜੀ ਜਾਤੀ ਦੇ ਲੋਕਾਂ ਨੂੰ ਰੁਜ਼ਗਾਰ ਤੇ ਸਿੱਖਿਆ ਸੰਸਥਾਵਾਂ ਤੋਂ ਬਾਹਰ ਕਰ ਰਹੀ ਹੈ। ਇਸ ਵਿਚਾਲੇ ਰਾਸ਼ਟਰੀ ਅਪਰਾਧ ਰਿਕਾਰਡ ਬਿਊਰੋ ਤੋਂ ਪਤਾ ਚੱਲਦਾ ਹੈ ਕਿ ਦਲਿਤਾਂ ਦੇ ਖਿਲਾਫ਼ ਅੱਤਿਆਚਾਰ ਕਈ ਗੁਣਾਂ ਵਧ ਚੁੱਕੇ ਹਨ, ਜਿਸ ਵਿਚ ਮੌਬ ਲਿਚਿੰਗ, ਖੁੱਲ੍ਹੇਆਮ ਕੁੱਟਮਾਰ ਤੇ ਬਲਾਤਕਾਰ ਸ਼ਾਮਲ ਹਨ। ਇਸ ਸਾਲ ਸਤੰਬਰ ਵਿਚ ਜਦ ਗੇਟਰਸ ਫਾਊਡੇਸ਼ਨ ਨੇ ਮੋਦੀ ਨੂੰ ਭਾਰਤ ਨੂੰ ਖੁੱਲ੍ਹੇ ਵਿਚ ਸ਼ੌਚ ਮੁਕਤ ਕਰਨ ਦੇ ਲਈ ਸਨਮਾਨਿਤ ਕੀਤਾ, ਉਸ ਵਕਤ ਖੁਲ੍ਹੇ ਵਿਚ ਸ਼ੌਚ ਕਰਨ ਦੇ ਲਈ ਦੋ ਦਲਿਤ ਬੱਚੀਆਂ ਨੂੰ ਮਾਰ ਦਿੱਤਾ ਗਿਆ। ਕਿਸੇ ਪ੍ਰਧਾਨ ਮੰਤਰੀ ਨੂੰ ਸਫਾਈ ਦੇ ਲਈ ਸਨਮਾਨਿਤ ਕਰਨਾ ਜਦ ਕਿ ਲੱਖਾਂ ਦਲਿਤ ਅਜੇ ਵੀ ਹੱਥਾਂ ਵਿਚ ਕੂੜਾ ਚੁੱਕ ਰਹੇ ਹਨ ਤਾਂ ਇਹ ਜਮਹੂਰੀਅਤ ਨਾਲ ਵੱਡਾ ਮਜ਼ਾਕ ਹੈ।

ਧਾਰਮਿਕ ਘੱਟ ਗਿਣਤੀਆਂ ਤੇ ਖੁੱਲ੍ਹੇ ਆਮ ਹਮਲਿਆਂ ਤੋਂ ਇਲਾਵਾ ਅੱਜ ਅਸੀਂ ਜਿਸ ਸਥਿਤੀ ਵਿਚੋਂ ਗੁਜਰ ਰਹੇ ਹਾਂ, ਉਹ ਇਹ ਹੈ ਵਰਗ ਅਤੇ ਜਾਤੀ ਯੁੱਧ ਭਿਅੰਕਰ ਰੂਪ ਵਿਚ ਪ੍ਰਗਟ ਹੋ ਰਿਹਾ ਹੈ। 26 ਸਤੰਬਰ 2019 ਨੂੰ ਭਾਰਤ ਵਾਲੇ ਕਸ਼ਮੀਰ ਦੇ ਸ੍ਰੀਨਗਰ ਵਿਚ ਕਸ਼ਮੀਰੀ ਮਰਦਾਂ ਨੇ ਜਲੂਸ ਕੱਢਿਆ। ਇਸ ਦੌਰਾਨ ਉਨ੍ਹਾਂ ਨੇ ਨਾਅਰੇਬਾਜ਼ੀ ਕੀਤੀ ਤੇ ਵਿਸ਼ਵ ਨੇਤਾਵਾਂ ਤੋਂ ਭਾਰਤ ਸਰਕਾਰ ਦੇ 5 ਅਗਸਤ ਦੇ ਫੈਸਲੇ ਦਾ ਵਿਰੋਧ ਕਰਨ ਦੀ ਅਪੀਲ ਕੀਤੀ, ਜਿਸ ਦੇ ਤਹਿਤ ਜੰਮੂ-ਕਸ਼ਮੀਰ ਤੋਂ ਖੁਦਮੁਖਤਿਆਰੀ 370 ਧਾਰਾ ਨੂੰ ਖੋਹ ਲਿਆ ਗਿਆ। ਵਿਸ਼ਵ ਭਰ ਦੇ ਨੇਤਾ ਕੁਝ ਮਹੀਨੇ ਪਹਿਲਾਂ ਸੰਯੁਕਤ ਰਾਸ਼ਟਰ ਮਹਾਂ ਸਭਾ ਮੀਟਿੰਗ ਦੇ ਲਈ ਇਕੱਠੇ ਹੋਏ, ਜੋ 30 ਸਤੰਬਰ ਤੱਕ ਚੱਲਣਾ ਸੀ। ਇਸ ਦੌਰਾਨ ਕਸ਼ਮੀਰੀ ਮਰਦਾਂ ਨੇ ਮਸ਼ਾਲਾਂ ਨਾਲ ਜਲੂਸ ਕੱਢਿਆ, ਨਾਅਰੇਬਾਜ਼ੀ ਕੀਤੀ ਤੇ ਆਪਣੇ ਅਧਿਕਾਰਾਂ ਦੀ ਮੰਗ ਕੀਤੀ।

ਇੱਥੇ ਜ਼ਿਕਰਯੋਗ ਹੈ ਕਿ 5 ਅਗਸਤ 2019 ਦੌਰਾਨ ਭਾਰਤੀ ਸੰਸਦ 'ਇਨਸਟੂਮੈਂਟ ਆਫ ਇਕਸੇਸ਼ਨ' ਦੀਆਂ ਉਨ੍ਹਾਂ ਬੁਨਿਆਦੀ ਸ਼ਰਤਾਂ ਨੂੰ ਇਕਪਾਸੜ ਤੌਰ 'ਤੇ ਤੋੜ ਦਿੱਤਾ, ਜਿਸ ਦੇ ਆਧਾਰ 'ਤੇ 1947 ਦੌਰਾਨ ਜੰਮੂ ਤੇ ਕਸ਼ਮੀਰ ਦੀ ਸਾਬਕਾ ਰਿਆਸਤ ਭਾਰਤ ਵਿਚ ਸ਼ਾਮਲ ਹੋਣ ਦੇ ਲਈ ਤਿਆਰ ਹੋਈ ਸੀ। ਸੰਸਦ ਨੇ ਜੰਮੂ-ਕਸ਼ਮੀਰ ਤੋਂ ਰਾਜ ਦਾ ਦਰਜਾ ਤੇ ਉਸ ਖਾਸ ਹੈਸੀਅਤ ਨੂੰ ਖੋਹ ਲਿਆ, ਜਿਸ ਵਿਚ ਰਾਜ ਨੂੰ ਆਪਣਾ ਸੰਵਿਧਾਨ ਤੇ ਆਪਣਾ ਝੰਡਾ ਰੱਖਣ ਦਾ ਅਧਿਕਾਰ ਵੀ ਸ਼ਾਮਲ ਸੀ। ਰਾਜ ਦਾ ਦਰਜਾ ਖੋਹ ਲੈਣ ਦਾ ਇਕ ਮਤਲਬ ਇਹ ਵੀ ਹੈ ਕਿ ਭਾਰਤੀ ਸੰਵਿਧਾਨ ਦੀ ਧਾਰਾ 35-ਏ ਨੂੰ ਖਤਮ ਕਰ ਦਿੱਤਾ ਜਾਣਾ, ਜਿਸ ਵਿਚ ਇਸ ਜੰਮੂ-ਕਸ਼ਮੀਰ ਦੇ ਰਾਜ ਦੇ ਲੋਕਾਂ ਨੂੰ ਉਹ ਅਧਿਕਾਰ ਤੇ ਵਿਸ਼ੇਸ਼ ਅਧਿਕਾਰ ਹਾਸਲ ਸਨ, ਜੋ ਉਨ੍ਹਾਂ ਨੂੰ ਆਪਣੇ ਰਾਜ ਦਾ ਪ੍ਰਬੰਧਕ ਬਣਾਉਂਦੇ ਸਨ। ਇਸ ਦੀ ਤਿਆਰੀ ਦੇ ਤੌਰ 'ਤੇ ਸਰਕਾਰ ਨੇ ਇੱਥੇ ਪਹਿਲਾਂ ਤੋਂ ਹੀ ਮੌਜੂਦ ਹਜ਼ਾਰਾਂ ਫੌਜੀਆਂ ਦੇ ਇਲਾਵਾ 50 ਹਜ਼ਾਰ ਫੌਜੀ ਹੋਰ ਤੈਨਾਤ ਕਰ ਦਿੱਤੇ।

4 ਅਗਸਤ ਦੀ ਰਾਤ ਨੂੰ ਕਸ਼ਮੀਰ ਘਾਟੀ ਦੇ ਯਾਤਰੂਆਂ ਤੇ ਤੀਰਥ ਯਾਤਰੀਆਂ ਨੂੰ ਕੱਢ ਦਿੱਤਾ ਗਿਆ। ਸਕੂਲਾਂ ਤੇ ਬਜ਼ਾਰਾਂ ਨੂੰ ਬੰਦ ਕਰ ਦਿੱਤਾ ਗਿਆ। 4 ਹਜ਼ਾਰ ਤੋਂ ਜ਼ਿਆਦਾ ਕਸ਼ਮੀਰੀਆਂ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ। ਗ੍ਰਿਫ਼ਤਾਰ ਕੀਤੇ ਲੋਕਾਂ ਵਿਚ ਸਿਆਸਤਦਾਨ, ਕਾਰੋਬਾਰੀ, ਵਕੀਲ, ਸਥਾਨਕ ਨੇਤਾ, ਵਿਦਿਆਰਥੀ ਤੇ ਤਿੰਨ ਸਾਬਕਾ ਮੁੱਖ ਮੰਤਰੀ ਸ਼ਾਮਲ ਸਨ। ਕਸ਼ਮੀਰ ਦਾ ਸਾਰਾ ਰਾਜਨੀਤਕ ਵਰਗ ਜਿਸ ਵਿਚ ਭਾਰਤ ਦੇ ਪ੍ਰਤੀ ਵਫਾਦਾਰ ਲੋਕ ਸ਼ਾਮਲ ਸਨ, ਸਭ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ। ਅੱਧੀ ਰਾਤ ਨੂੰ ਇੰਟਰਨੈੱਟ ਬੰਦ ਕਰ ਦਿੱਤਾ ਤੇ ਟੈਲੀਫੋਨ ਖਾਮੋਸ਼ ਹੋ ਗਏ।

ਰਾਜਨੀਤਕ ਪਾਖੰਡ ਨੂੰ ਮਜ਼ਬੂਤ ਬਣਾਉਣ ਦੇ ਲਈ ਸੰਘ ਪਰਿਵਾਰ ਅਤੇ ਭਾਜਪਾ ਦੀ ਇਕ ਖਾਸ ਰਣਨੀਤੀ ਲੰਮੇ ਸਮੇਂ ਤੱਕ ਬੜੀ ਤੇਜ਼ੀ ਨਾਲ ਚੱਲ ਰਹੀ ਹੈ। ਇਨ੍ਹਾਂ ਲੋਕਾਂ ਦੀ ਰਸੋਈ ਵਿਚ ਧੀਮੀ ਅੱਗ ਦੇ ਰੱਖੇ ਹੋਏ ਬਹੁਤ ਸਾਰੇ ਕੜਾਹੇ ਤਿਆਰ ਹਨ, ਜਿਨ੍ਹਾਂ ਵਿਚ ਜ਼ਰੂਰਤ ਪੈਣ 'ਤੇ ਤੁਰੰਤ ਉਬਾਲ ਲਿਆਂਦਾ ਜਾ ਸਕਦਾ ਹੈ। ਕਸ਼ਮੀਰ ਦਾ ਵਿਸ਼ੇਸ਼ ਦਰਜਾ ਖਤਮ ਕਰ ਦਿੱਤਾ ਜਾਣਾ ਪੂਰੇ ਭਾਰਤ ਵਿਚ ਐਨਆਰਸੀ ਲਾਗੂ ਕਰਨ ਦਾ ਵਾਅਦਾ ਅਯੁਧਿਆ ਵਿਚ ਬਾਬਰੀ ਮਸਜਿਦ ਦੇ ਢਹਿ ਢੇਰੀ ਹੋਣ ਤੋਂ ਬਾਅਦ ਰਾਮ ਮੰਦਰ ਦਾ ਨਿਰਮਾਣ ਸੰਘ ਪਰਿਵਾਰ ਤੇ ਭਾਜਪਾ ਦੀ ਰਸੋਈ ਵਿਚ ਚੁੱਲ੍ਹਿਆਂ 'ਤੇ ਚੜ੍ਹਾਏ ਹੋਏ ਕੜਾਹੇ ਹਨ। ਇਸ ਵਿਚ ਬੱਸ ਏਨਾ ਹੀ ਕਰਨਾ ਹੈ ਕਿ ਫੜ-ਫੜਾਉਂਦੀ ਭਾਵਨਾ ਨੂੰ ਬਲਦੀ ਤੀਲੀ ਦਿਖਾਉਣ ਦੇ ਲਈ ਇਕ ਦੁਸ਼ਮਣ ਨੂੰ ਟਾਰਗੇਟ ਕਰਨਾ ਤੇ ਜੰਗ ਦੇ ਕੁੱਤਿਆਂ ਨੂੰ ਉਨ੍ਹਾਂ 'ਤੇ ਛੱਡ ਦੇਣਾ ਹੈ। ਇਨ੍ਹਾਂ ਦੇ ਕਈ ਦੁਸ਼ਮਣ ਹਨ : ਪਾਕਿਸਤਾਨੀ ਜੇਹਾਦੀ, ਕਸ਼ਮੀਰੀ ਅੱਤਵਾਦੀ, ਬੰਗਲਾਦੇਸੀ ਘੁਸਪੈਠੀਏ ਤੇ ਭਾਰਤ ਦੇ ਤਕਰੀਬਨ 20 ਕਰੋੜ ਮੁਸਲਮਾਨ, ਜਿਨ੍ਹਾਂ 'ਤੇ ਕਿਸੇ ਵਕਤ ਦੇਸ ਦੇ ਗੱਦਾਰ ਤੇ ਪਾਕਿਸਤਾਨ ਦੇ ਸਮਰਥਕ ਹੋਣ ਦਾ ਦੋਸ਼ ਲਗਾਇਆ ਜਾ ਸਕਦਾ ਹੈ।

# ਦਿਲੋਂ ਕਹੋ ਸੌਰੀ ਅਤੇ ਥੈਂਕਿਊ



ਕਿਸੇ ਦੇ ਕੰਮ ਆਉਣ 'ਤੇ ਉਸ ਪ੍ਰਤੀ ਧੰਨਵਾਦ ਅਤੇ ਦੁੱਖ ਪਹੁੰਚਾਉਣ 'ਤੇ ਮੁਆਫੀ ਮੰਗਣੀ ਜ਼ਰੂਰੀ ਹੁੰਦੀ ਹੈ। ਕਈ ਵਾਰ ਛੋਟੀਆਂ-ਛੋਟੀਆਂ ਲੋੜਾਂ ਵਿਚ ਸਾਡੇ ਆਲੇ-ਦੁਆਲੇ ਮੌਜੂਦ ਲੋਕ ਆਪਣਾ ਕੀਮਤੀ ਸਮਾਂ ਦੇ ਕੇ ਸਾਡੀ ਮਦਦ ਕਰਦੇ ਹਨ। ਅਜਿਹੇ ਵਿਚ ਉਨ੍ਹਾਂ ਪ੍ਰਤੀ ਅਹਿਸਾਨਮੰਦੀ ਦਰਸਾਉਣਾ ਅਤੇ ਉਨ੍ਹਾਂ ਨੂੰ ਤਹਿ ਦਿਲੋਂ ਧੰਨਵਾਦ ਆਖਣਾ ਸਾਡਾ ਨੈਤਿਕ ਫਰਜ਼ ਹੈ। ਅਸੀਂ ਭਾਵੇਂ ਘਰ ਹੋਈਏ, ਦਫਤਰ ਜਾਂ ਫਿਰ ਪਰਿਵਾਰ ਵਿਚਾਲੇ ਬੈਠੇ ਹੋਈਏ, ਹਰ ਥਾਂ ਕਿਸੇ ਮੁਸੀਬਤ, ਬੀਮਾਰੀ ਜਾਂ ਅਚਾਨਕ ਆਈ ਲੋੜ ਵਿਚ ਲੋਕ ਹੀ ਸਾਡੇ ਕੰਮ ਆਉਂਦੇ ਹਨ। ਜ਼ਿਆਦਾਤਰ ਮਹਾਨ ਹਸਤੀਆਂ ਨੇ ਜ਼ਿੰਦਗੀ ਵਿਚ ਸ਼ਿਸ਼ਟਾਚਾਰ ਨੂੰ ਸਭ ਤੋਂ ਵਧੇਰੇ ਮਹੱਤਵ ਦਿੱਤਾ ਹੈ। ਲੋਕਪ੍ਰਿਯ ਲੋਕਾਂ ਵਿਚ ਆਪਣੇ ਹੁਨਰ ਤੋਂ ਇਲਾਵਾ ਇਹ ਗੁਣ ਵੀ ਸਨ, ਜਿਨ੍ਹਾਂ ਕਾਰਨ ਮਹਾਨ ਸ਼ਖਸੀਅਤਾਂ ਨੇ ਨਾ ਸਿਰਫ ਸਭ ਦੇ ਦਿਲਾਂ ਵਿਚ ਥਾਂ ਬਣਾਈ, ਸਗੋਂ ਇਤਿਹਾਸ ਦੇ ਪੰਨਿਆਂ ਵਿਚ ਵੀ ਅਮਰ ਹੋ ਗਏ। ਅਸਲ ਵਿਚ ਆਪਣੇ ਨਾਲੋਂ ਵੱਡਿਆਂ ਨਾਲ ਹੀ ਨਹੀਂ, ਸਗੋਂ ਬੱਚਿਆਂ ਨਾਲ ਵੀ ਆਦਰ ਅਤੇ ਪਿਆਰ ਨਾਲ ਗੱਲ ਕਰਨੀ, ਸੱਚਾਈ ਦਾ ਸਾਥ ਦੇਣਾ, ਕਮਰੇ ਵਿਚ ਦਾਖਲ ਹੋਣ ਵੇਲੇ ਇਜਾਜ਼ਤ ਲੈਣੀ, ਟੈਲੀਫੋਨ 'ਤੇ ਤਹਿਜ਼ੀਬ ਦਾ ਖਿਆਲ ਰੱਖਣਾ ਆਦਿ ਸਾਰੀਆਂ ਛੋਟੀਆਂ-ਛੋਟੀਆਂ ਗੱਲਾਂ ਹਨ, ਜਿਨ੍ਹਾਂ ਦਾ ਸੰਬੰਧ ਸ਼ਿਸ਼ਟਾਚਾਰ ਨਾਲ ਸਿੱਧੇ ਤੌਰ 'ਤੇ ਜੁੜਿਆ ਹੋਇਆ ਹੈ। ਉਂਝ, ਇਹ ਵੀ ਧਿਆਨ ਰੱਖੋ ਕਿ ਸ਼ਿਸ਼ਟਾਚਾਰ ਦਾ ਸੰਬੰਧ ਸਿਰਫ ਰਸਮੀ ਤੌਰ 'ਤੇ ਨਹੀਂ ਹੁੰਦਾ, ਸਗੋਂ ਇਸ ਦਾ ਸਿੱਧਾ ਸੰਬੰਧ ਸਾਡੇ ਸੁਭਾਅ ਨਾਲ ਵੀ ਹੁੰਦਾ ਹੈ। ਉਦਾਹਰਣ ਲਈ ਜੇਕਰ ਤੁਸੀਂ ਕਿਸੇ ਦਾ ਧੰਨਵਾਦ ਕਰਦੇ ਹੋ ਤਾਂ ਪੂਰੇ ਦਿਲੋਂ ਕਰੋ ਅਤੇ ਜੇਕਰ ਮੁਆਫੀ ਮੰਗਣੀ ਹੋਵੇ ਤਾਂ ਆਪਣੀ ਗਲਤੀ ਦਾ ਅਹਿਸਾਸ ਵੀ ਤੁਹਾਨੂੰ ਜ਼ਰੂਰ ਹੋਣਾ ਚਾਹੀਦਾ ਹੈ।

ਇਸ ਗੱਲ ਦਾ ਅਹਿਸਾਸ ਜ਼ਰੂਰ ਹੋਣਾ ਚਾਹੀਦਾ ਹੈ ਕਿ ਜੇਕਰ ਤੁਹਾਡੇ ਵਿਚ ਸ਼ਿਸ਼ਟਾਚਾਰ ਨਹੀਂ ਹੈ ਤਾਂ ਤੁਹਾਡੀ ਪ੍ਰਤਿਭਾ ਜਾਂ ਪਛਾਣ ਦਾ ਵੀ ਕੋਈ ਖਾਸ ਮਹੱਤਵ ਨਹੀਂ ਰਹਿ ਜਾਂਦਾ। ਉਂਝ, ਇਸ ਗੱਲ ਨੂੰ ਤੁਸੀਂ ਖੁਦ ਵੀ ਮਹਿਸੂਸ ਕੀਤਾ ਹੋਵੇਗਾ ਕਿ ਜਦੋਂ ਤੁਸੀਂ ਕਿਸੇ ਵਿਅਕਤੀ ਨੂੰ ਮਿਲਦੇ ਹੋ ਤਾਂ ਸਭ ਤੋਂ ਪਹਿਲਾਂ ਉਸ ਵਿਅਕਤੀ ਦਾ ਤੌਰ-ਤਰੀਕਾ ਭਾਵ ਸ਼ਿਸ਼ਟਾਚਾਰ ਨੂੰ ਹੀ ਦੇਖਦੇ ਹੋ। 'ਮੈਨ ਇਜ਼ ਸੋਸ਼ਲ ਐਨੀਮਲ' ਭਾਵ ਮਨੁੱਖ ਇਕ ਸਮਾਜਿਕ ਪ੍ਰਾਣੀ ਹੈ ਅਤੇ ਅਸੀਂ ਸਮਾਜ ਵਿਚ ਹੀ ਰਹਿਣਾ ਹੈ, ਇਸ ਲਈ ਸਾਨੂੰ ਸਮਾਜਿਕ ਕਦਰਾਂ-ਕੀਮਤਾਂ ਦਾ ਵੀ ਪਤਾ ਹੋਣਾ ਚਾਹੀਦਾ ਹੈ।

**ਖਾਸ ਗੱਲਾਂ:** ਵੱਡੇ ਹੋਣ ਜਾਂ ਛੋਟੇ, ਸਭ ਨਾਲ ਨਿਮਰਤਾ ਅਤੇ ਪਿਆਰ ਨਾਲ ਪੇਸ਼ ਆਓ ਅਤੇ ਕਿਸੇ ਲੋੜਵੰਦ ਦੀ ਮਦਦ ਲਈ ਹਮੇਸ਼ਾ ਤਿਆਰ ਰਹੋ। ਪਰਿਵਾਰ ਵਿਚ ਜੇਕਰ ਸਭ ਨਾਲ ਬੈਠ ਕੇ ਖਾ ਰਹੇ ਹੋ ਤਾਂ ਹਮੇਸ਼ਾ ਇਕੱਠੇ ਹੀ ਉਠੋ।

ਅਨੁਸ਼ਾਸਨ ਦੀ ਹਮੇਸ਼ਾ ਪਾਲਣਾ ਕਰੋ। ਜੇਕਰ ਕੋਈ ਗੱਲ ਤੁਹਾਨੂੰ ਇਕ ਵਾਰ ਸਮਝ ਨਾ ਆਏ ਤਾਂ ਉਸ ਨੂੰ ਦੁਬਾਰਾ ਸਪੱਸ਼ਟ ਕਰਨ ਦੀ ਕੋਸ਼ਿਸ਼ ਕਰੋ। ਕਿਸੇ ਦੀ ਖਿਚਾਈ ਕਰਨ ਜਾਂ ਕਿਸੇ ਦੀ ਸ਼ਿਕਾਇਤ ਕਰਨ ਤੋਂ ਪ੍ਰਹੇਜ਼ ਕਰੋ।

# ਲੰਮੀ ਉਮਰ ਲਈ ਅਪਣਾਓ ਕੁਝ ਨੁਕਤੇ

ਅੱਜ ਹਜ਼ਾਰਾਂ ਲੋਕ ਕਿਸੇ ਨਾ ਕਿਸੇ ਬੀਮਾਰੀ ਤੋਂ ਪੀੜਤ ਦੇਖੇ ਜਾ ਸਕਦੇ ਹਨ ਜਦਕਿ ਇਹ ਸੱਚ ਹੈ ਕਿ ਨਿਰੋਗ ਰਹਿ ਕੇ ਲੰਮੇ ਸਮੇਂ ਤਕ ਜੀਣਾ ਕੋਈ ਮੁਸ਼ਕਿਲ ਕੰਮ ਨਹੀਂ ਹੈ। ਆਪਣੇ ਖਾਣ-ਪੀਣ ਅਤੇ ਰਹਿਣ-ਸਹਿਣ 'ਚ ਥੋੜ੍ਹੀਆਂ ਜਿਹੀਆਂ ਤਬਦੀਲੀਆਂ ਕਰਕੇ ਜ਼ਿੰਦਗੀ ਦਾ ਭਰਪੂਰ ਆਨੰਦ ਲਿਆ ਜਾ ਸਕਦਾ ਹੈ।

ਇਹ ਤਬਦੀਲੀਆਂ ਇਕਦਮ ਤਾਂ ਆ ਨਹੀਂ ਸਕਦੀਆਂ ਪਰ ਰੋਜ਼ਾਨਾ ਹੀ ਥੋੜ੍ਹਾ ਜਿਹਾ ਬਦਲਾਅ ਕਰਕੇ ਇਕ ਲੰਮੇ ਅਤੇ ਸਿਹਤਮੰਦ ਜੀਵਨ ਨੂੰ ਬਿਤਾਉਣ ਲਈ ਖ਼ੁਦ ਨੂੰ ਤਿਆਰ ਕੀਤਾ ਜਾ ਸਕਦਾ ਹੈ। ਇਥੇ ਕੁਝ ਅਜਿਹੇ ਹੀ ਸੁਝਾਅ ਦਿੱਤੇ ਜਾ ਰਹੇ ਹਨ, ਜਿਨ੍ਹਾਂ ਨੂੰ ਆਪਣੀ ਰੁਟੀਨ 'ਚ ਸ਼ਾਮਿਲ ਕਰਕੇ ਸਿਹਤਮੰਦ ਅਤੇ ਲੰਮੀ ਉਮਰ ਹਾਸਿਲ ਕੀਤੀ ਜਾ ਸਕਦੀ ਹੈ।

**ਰੈਗੂਲਰ ਕਸਰਤ**

ਕੁਝ ਔਰਤਾਂ ਅਤੇ ਮਰਦ ਆਪਣੇ ਕੰਮਾਂ ਤੋਂ ਇਲਾਵਾ ਹੋਰ ਕਿਸੇ ਵੀ ਤਰ੍ਹਾਂ ਦੀ ਕਸਰਤ ਨਹੀਂ ਕਰਦੇ। ਇਸ ਕਾਰਨ ਉਨ੍ਹਾਂ 'ਚ ਆਲਸ ਦੇ ਨਾਲ-ਨਾਲ ਸਰੀਰਕ ਦਰਦ, ਗੋਡਿਆਂ ਅਤੇ ਜੋੜਾਂ ਦੇ ਦਰਦ, ਪੇਟ ਦੀਆਂ ਬੀਮਾਰੀਆਂ ਆਦਿ ਨਾਲ ਜੂਝਣਾ ਪੈਂਦਾ ਹੈ। ਰੋਜ਼ਾਨਾ ਕਸਰਤ ਚੰਗੀ ਸਿਹਤ ਲਈ 'ਸੰਜੀਵਨੀ' ਹੈ। ਅਖੀਰ ਰੁਟੀਨ 'ਚ ਹੇਠ ਲਿਖੇ ਕੰਮਾਂ ਨੂੰ ਜ਼ਰੂਰ ਹੀ ਸ਼ਾਮਿਲ ਕਰਨਾ ਚਾਹੀਦਾ ਹੈ :

• ਥੋੜ੍ਹੀ-ਬਹੁਤ ਬਾਗਬਾਨੀ ਕਰਨ ਦਾ ਅਭਿਆਸ ਕਰੋ। • ਡਾਂਸ ਨੂੰ ਜੀਵਨ ਦਾ ਸ਼ੌਕ ਬਣਾਓ। • ਤੈਰਾਕੀ ਦਾ ਸ਼ੌਕ ਪੈਦਾ ਕਰੋ। • ਸਾਈਕਲਿੰਗ ਜਾਂ ਸਕਿੱਪਿੰਗ (ਰੱਸੀ ਟੱਪਣਾ) ਕਰੋ। • ਰੋਜ਼ਾਨਾ ਘੱਟ ਤੋਂ ਘੱਟ ਦੋ-ਤਿੰਨ ਕਿਲੋਮੀਟਰ ਪੈਦਲ ਜ਼ਰੂਰ ਤੁਰੋ। • ਲਿਫਟ ਦੀ ਵਰਤੋਂ ਨਾ ਕਰਕੇ ਪੌੜੀਆਂ ਚੜ੍ਹਨ ਦੀ ਆਦਤ ਪਾ ਕੇ ਰੋਜ਼ਾਨਾ ਕਸਰਤ ਕੀਤੀ ਜਾ ਸਕਦੀ ਹੈ।

**ਨਸ਼ੇ ਤੋਂ ਦੂਰੀ**

ਅੱਜ ਦੇ ਸਮੇਂ 'ਚ ਨਾ ਸਿਰਫ਼ ਮਰਦ, ਸਗੋਂ ਕੁਝ ਔਰਤਾਂ ਵੀ ਨਸ਼ੀਲੀਆਂ ਚੀਜ਼ਾਂ ਦੀ ਲਪੇਟ 'ਚ ਫਸਦੀਆਂ ਜਾ ਰਹੀਆਂ ਹਨ, ਖ਼ਾਸ ਕਰਕੇ ਸ਼ਰਾਬ ਦਾ ਰਿਵਾਜ ਖੁਸ਼ਹਾਲ ਪਰਿਵਾਰ 'ਚ ਰੁਟੀਨ ਦਾ ਜ਼ਰੂਰੀ ਅੰਗ ਬਣਦਾ ਜਾ ਰਿਹਾ ਹੈ। 'ਅਲਕੋਹਲ' ਰੂਪੀ ਜ਼ਹਿਰ ਤੋਂ ਬਚਣ ਦੀ ਕੋਸ਼ਿਸ਼ ਕਰਦੇ ਹੋਏ ਉਮਰ ਨੂੰ ਵਧਾਇਆ ਜਾ ਸਕਦਾ ਹੈ।

**ਚਰਬੀ ਦੀ ਘੱਟ ਤੋਂ ਘੱਟ ਵਰਤੋਂ**

ਚਰਬੀ ਦੀ ਜ਼ਿਆਦਾ ਮਾਤਰਾ 'ਮੋਟਾਪੇ' ਨੂੰ ਵਧਾਉਣ 'ਚ ਮਹੱਤਵਪੂਰਨ 'ਕਾਰਨ' ਸਿੱਧ ਹੁੰਦੀ ਹੈ। ਮੋਟਾਪਾ ਕਈ ਰੋਗਾਂ ਨੂੰ ਸੱਦਾ ਦਿੰਦਾ ਹੈ। ਇਸ 'ਤੇ ਕੰਟਰੋਲ ਖਾਣ-ਪੀਣ 'ਤੇ ਸੰਤੁਲਨ ਰੱਖ ਕੇ ਹੀ ਕੀਤਾ ਜਾ ਸਕਦਾ ਹੈ। ਮੋਟਾਪੇ ਦਾ ਸ਼ਿਕਾਰ ਜੀਵਨ 'ਜ਼ਿੰਦਾ ਲਾਸ਼' ਵਾਂਗ ਹੋ ਜਾਂਦਾ ਹੈ। ਚਰਬੀ 'ਚ 'ਕਾਰਬੋਹਾਈਡ੍ਰੇਟ' ਦੇ ਮੁਕਾਬਲੇ ਜ਼ਿਆਦਾ ਕੈਲੋਰੀ ਹੁੰਦੀ ਹੈ, ਇਸ ਲਈ ਆਪਣੇ ਖਾਣੇ 'ਚ ਚਰਬੀ ਦੀ ਮਾਤਰਾ ਨੂੰ ਇਕਦਮ ਘੱਟ ਕਰ ਦੇਣਾ ਚਾਹੀਦਾ ਹੈ। ਇਸਦੇ ਲਈ ਹੇਠ ਲਿਖੇ ਉਪਾਅ ਕੀਤੇ ਜਾ ਸਕਦੇ ਹਨ:

• ਸ਼ੁੱਧ ਦੁੱਧ ਦੀ ਥਾਂ ਸਕਿੰਮਡ (ਮਲਾਈ ਉਤਾਰਿਆ ਹੋਇਆ) ਜਾਂ ਸੈਮੀ ਸਕਿੰਮਡ (ਜਿਸਦੀ ਪੂਰੀ ਮਲਾਈ ਨਾ ਕੱਢੀ ਗਈ ਹੋਵੇ) ਦੁੱਧ ਦੀ ਹੀ ਵਰਤੋਂ ਕਰੋ। • ਮੱਖਣ ਜਾਂ ਬਨਾਉਟੀ ਮੱਖਣ ਦੀ ਥਾਂ ਕਿਸੇ ਘੱਟ ਚਰਬੀ ਵਾਲੇ ਸਪ੍ਰੈਡ ਦੀ ਵਰਤੋਂ ਕਰੋ, ਉਹ ਵੀ ਰੋਜ਼ਾਨਾ ਨਹੀਂ। • ਜਿਥੋਂ ਤਕ ਸੰਭਵ ਹੋਵੇ, ਘੱਟ ਚਰਬੀ ਵਾਲੇ ਦਹੀਂ ਜਾਂ ਪਨੀਰ ਦੀ ਹੀ ਵਰਤੋਂ ਕਰਨੀ ਚਾਹੀਦੀ ਹੈ। • ਖਾਧ-ਪਦਾਰਥਾਂ ਨੂੰ ਫ੍ਰਾਈ ਕਰਨ ਦੀ ਥਾਂ ਸੇਕਣਾ ਚੰਗਾ ਹੁੰਦਾ ਹੈ। • ਹਰੀਆਂ ਸਬਜ਼ੀਆਂ—ਫੁੱਲ ਗੋਭੀ, ਪਾਲਕ, ਮਟਰ, ਹਰੇ ਛੋਲੇ, ਗਾਜਰ, ਚਕੁੰਦਰ, ਦਾਲਾਂ-ਮਟਰ, ਮੂੰਗੀ, ਛੋਲੇ, ਫਲ-ਹਦਵਾਣਾ, ਅਨਾਨਾਸ, ਸੇਬ, ਨਾਸ਼ਪਤੀ, ਕੇਲਾ, ਅੰਗੂਰ, ਸੰਤਰਾ, ਮੌਸੰਮੀ ਆਦਿ ਦੀ ਵਰਤੋਂ ਆਪਣੇ ਭੋਜਨ 'ਚ ਰੈਗੂਲਰ ਕੀਤੀ ਜਾਣੀ ਚਾਹੀਦੀ ਹੈ।



**ਭਾਰ ਘੱਟ ਕਰੋ**

ਆਪਣਾ ਭਾਰ ਨਾਰਮਲ ਰੱਖੋ। ਇਸਦੇ ਲਈ ਕੱਦ ਅਤੇ ਭਾਰ ਦੀ ਸੂਚੀ ਦੇਖਣ ਦੀ ਬਜਾਏ ਆਪਣੇ 'ਬਾਡੀ ਮਾਸ ਇੰਡੈਕਸ' (ਬੀਐੱਮਆਈ) ਨੂੰ ਜੇਕਰ ਦੇਖੀਏ ਤਾਂ ਬੇਹਤਰ ਹੋਵੇਗਾ। ਮਿਸਾਲ ਲਈ ਜੇਕਰ ਤੁਹਾਡਾ ਭਾਰ 63 ਕਿਲੋਗ੍ਰਾਮ ਹੈ, ਕੱਦ 5 ਫੁੱਟ 5 ਇੰਚ (165 ਸੈ. ਮੀ.) ਤਾਂ ਤੁਹਾਡਾ ਬੀਐੱਮਆਈ 63/2.7=23 ਹੋਵੇਗਾ। ਹੁਣ ਜੇਕਰ ਤੁਹਾਡਾ ਬੀਐੱਮਆਈ 20 ਤੋਂ ਘੱਟ ਹੈ ਤਾਂ ਤੁਹਾਡਾ ਭਾਰ ਆਮ ਤੋਂ ਘੱਟ ਹੈ। ਜੇਕਰ ਬੀ. ਐੱਮ. ਆਈ. 20 ਅਤੇ 24.9 ਦੇ ਵਿਚਾਲੇ ਹੈ ਤਾਂ ਤੁਹਾਡਾ ਭਾਰ ਆਮ ਹੈ। ਬੀਐੱਮਆਈ 24 ਤੋਂ 29.9 ਹੋਵੇ ਤਾਂ ਭਾਰ ਆਮ ਤੋਂ ਜ਼ਿਆਦਾ ਕਿਹਾ ਜਾਵੇਗਾ। ਜੇਕਰ ਬੀਐੱਮਆਈ 30 ਤੋਂ 39.9 ਵਿਚਾਲੇ ਹੈ ਤਾਂ ਤੁਸੀਂ ਮੋਟਾਪੇ ਦਾ ਸ਼ਿਕਾਰ ਹੋ ਅਤੇ ਇਹੀ ਜੇਕਰ 40 ਹੈ ਤਾਂ ਉਸ ਸਥਿਤੀ 'ਚ 'ਭਿਆਨਕ ਥੁਲਥੁਲਾਪਨ' ਕਿਹਾ ਜਾ ਸਕਦਾ ਹੈ ਅਤੇ ਇਸਨੂੰ ਖ਼ਤਰੇ ਦੀ ਨਿਸ਼ਾਨੀ ਸਮਝਿਆ ਜਾਂਦਾ ਹੈ। ਇਸ ਲਈ ਭਾਰ ਨੂੰ ਨਾ ਵਧਣ ਦੇਣ ਦੇ ਉਪਾਵਾਂ ਨੂੰ ਕਰਦੇ ਰਹਿਣਾ ਚਾਹੀਦਾ ਹੈ।

# ਵਿਆਹੁਤਾ ਜੀਵਨ 'ਚ ਪ੍ਰਸ਼ੰਸਾ ਕਰਨੀ ਚਾਪਲੂਸੀ ਨਹੀਂ



ਪਤੀ-ਪਤਨੀ ਦੋਵੇਂ ਹੀ ਮਨ ਹੀ ਮਨ ਚਾਹੁੰਦੇ ਹਨ ਕਿ ਉਨ੍ਹਾਂ ਨੂੰ ਇਹ ਤਾਂ ਪਤਾ ਹੋਵੇ ਕਿ ਉਸਦਾ ਜੀਵਨ ਸਾਥੀ ਉਸ ਬਾਰੇ ਕਿਹੋ ਜਿਹੀ ਰਾਏ ਰੱਖਦਾ ਹੈ। ਬਿਨਾਂ ਸ਼ੱਕ ਇਹ ਰਾਏ ਪਿਆਰ ਵਾਲੀ ਹੋਵੇਗੀ, ਤਾਂ ਹੀ ਚੰਗੀ ਲੱਗੇਗੀ। ਭਾਵ ਦੋਵੇਂ ਹੀ ਇਹ ਚਾਹੁੰਦੇ ਹਨ ਕਿ ਉਨ੍ਹਾਂ ਦੇ ਚੰਗੇ ਕੰਮਾਂ ਦੀ ਪ੍ਰਸ਼ੰਸਾ ਹੋਵੇ। ਇਸ ਨਾਲ ਮਨ ਨੂੰ ਠਹਿਰਾਅ ਅਤੇ ਖੁਸ਼ੀ ਤਾਂ ਮਿਲਦੀ ਹੀ ਹੈ, ਨਾਲ ਹੀ ਜ਼ਿੰਦਗੀ ਪ੍ਰਤੀ ਆਸ ਤੇ ਉਤਸ਼ਾਹ ਦਾ ਲਗਾਤਾਰ ਸੰਚਾਰ ਹੁੰਦਾ ਰਹਿੰਦਾ ਹੈ। ਆਮ ਤੌਰ 'ਤੇ ਜ਼ਿੰਦਗੀ 'ਚ ਅਜਿਹਾ ਘੱਟ ਹੀ ਹੁੰਦਾ ਹੈ ਕਿ ਪਤੀ ਦੇ ਘਰ ਛੇਤੀ ਆਉਣ ਨੂੰ ਪਤਨੀ ਖਾਸ ਨੋਟਿਸ ਦੇ ਤੌਰ 'ਤੇ ਲਏ, ਉਸਦੀ ਪ੍ਰਸ਼ੰਸਾ ਕਰ ਦੇਵੇ ਜਾਂ ਪਤਨੀ ਵਲੋਂ ਵਧੀਆ ਖਾਣਾ ਬਣਾਉਣ 'ਤੇ ਖੁੱਲ੍ਹੇ ਦਿਲ ਨਾਲ ਪ੍ਰਸ਼ੰਸਾ ਕਰੇ।

ਪਿਆਰ ਦੇ ਦੋ ਸੱਚੇ ਬੋਲ ਪੂਰੇ ਤਨ-ਮਨ ਵਿਚ ਉਮੰਗ ਦੀ ਲਹਿਰ ਦੌੜਾ ਦਿੰਦੇ ਹਨ ਅਤੇ ਜੀਵਨ ਦੇ ਹਰ ਖੇਤਰ ਵਿਚ, ਹਰ ਰਿਸ਼ਤੇ ਵਿਚ ਇਹ ਤੱਥ ਖਰਾ ਉਤਰਦਾ ਹੈ ਪਰ ਵਿਆਹੁਤਾ ਜ਼ਿੰਦਗੀ ਦੇ ਖੇਤਰ ਵਿਚ ਇਸ ਦੀ ਵਿਸ਼ੇਸ਼ ਮਹੱਤਤਾ ਹੈ। ਵੱਖ-ਵੱਖ ਮਾਹੌਲ ਵਿਚ ਜੰਮੇ-ਪਲੇ ਦੋ ਵਿਅਕਤੀਆਂ ਵਿਚਾਲੇ ਵਿਆਹ ਇਕ ਸਾਂਝ ਪੈਦਾ ਕਰਦਾ ਹੀ ਹੈ, ਨਾਲ ਹੀ ਵੱਖ-ਵੱਖ ਵਿਚਾਰਾਂ ਦਾ ਮੇਲ ਵੀ ਹੈ। ਇਸ ਮੇਲ ਨੂੰ ਕਾਇਮ ਰੱਖਣ ਲਈ ਉਹ ਪਤੀ-ਪਤਨੀ ਜੋ ਪ੍ਰਸ਼ੰਸਾ ਦੇ ਕਿਸੇ ਛੋਟੇ ਜਿਹੇ ਮੌਕੇ ਨੂੰ ਵੀ ਨਜ਼ਰਅੰਦਾਜ਼ ਹੀ ਨਹੀਂ ਕਰਦੇ, ਸਹੀ ਅਰਥਾਂ ਵਿਚ ਲੰਬਾ, ਸੁਖੀ ਅਤੇ ਸੰਤੁਸ਼ਟ ਜੀਵਨ ਜਿਊਣ ਵਿਚ ਸਫਲ ਹੁੰਦੇ ਹਨ। ਬਹੁਤ ਸੰਭਵ ਹੈ ਕਿ ਵਿਆਹੁਤਾ ਜੋੜੇ ਵਿਚ ਲੰਬੇ ਸਾਲਾਂ ਤਕ ਦਿਨ-ਰਾਤ ਇਕੱਠੇ ਰਹਿਣ 'ਤੇ ਪਤੀ ਅਤੇ ਪਤਨੀ ਇਕ-ਦੂਜੇ ਦੇ ਗੁਣਾਂ ਨੂੰ ਤਾਂ ਸੁਭਾਵਿਕ ਪ੍ਰਕਿਰਿਆ ਮੰਨਦੇ ਹਨ ਪਰ ਦੋਸ਼ਾਂ ਨੂੰ ਹਮੇਸ਼ਾ ਯਾਦ ਰੱਖਦੇ ਹਨ ਨਤੀਜੇ ਵਜੋਂ ਸਾਥੀ ਦਾ ਕੋਈ ਵੀ ਪ੍ਰਸ਼ੰਸਾਯੋਗ ਕੰਮ ਉਨ੍ਹਾਂ ਨੂੰ ਖਾਸ ਨਹੀਂ ਲੱਗਦਾ ਪਰ ਕਮੀਆਂ ਚੁੱਭਦੀਆਂ ਹਨ। ਯਕੀਨਨ ਉਹ ਨਹੀਂ ਸੋਚਦੇ ਕਿ ਉਸਦੇ ਜੀਵਨ ਸਾਥੀ ਤੋਂ ਇਹ ਭੁੱਲ ਅਚਾਨਕ ਹੋ ਗਈ ਹੈ। ਨਤੀਜੇ ਵਜੋਂ ਸਾਥੀ ਦੇ ਗੁਣਾਂ ਪ੍ਰਤੀ ਜ਼ੁਬਾਨ ਚੁੱਪ ਰਹਿੰਦੀ ਹੈ ਕਿਉਂਕਿ ਦਿਮਾਗ ਇਸਨੂੰ ਆਮ ਤੌਰ 'ਤੇ ਵਿਵਹਾਰ ਵਿਚ ਸਵੀਕਾਰ ਨਹੀਂ ਕਰਦਾ ਪਰ ਗਲਤੀ ਉਂਝ ਹੋਣੀ ਨਹੀਂ ਚਾਹੀਦੀ, ਇਸ ਲਈ ਚੁੱਭਦੀ ਹੈ, ਜਿਸ ਕਾਰਨ ਕੋਈ ਤਿੱਖੀ ਟਿੱਪਣੀ ਵੀ ਕਰ ਦਿੱਤੀ ਜਾਂਦੀ ਹੈ ਪਰ ਇਹ ਵਿਵਹਾਰ ਜਿਸ ਨਾਲ ਹੁੰਦਾ ਹੈ ਉਸ ਨੂੰ ਨਾ ਸਿਰਫ ਅਟਪਟਾ ਲੱਗਦਾ ਹੈ, ਸਗੋਂ ਉਸਦਾ ਉਤਸ਼ਾਹ ਵੀ ਘੱਟ ਹੋ ਜਾਂਦਾ ਹੈ। ਉਸ ਨੂੰ ਲੱਗਦਾ ਹੈ ਕੀ ਉਸ ਵਿਚ ਦੋਸ਼ ਹੀ ਦੋਸ਼ ਹਨ ਜੋ ਹਮੇਸ਼ਾ ਬਿਆਨ ਕੀਤੇ ਜਾਂਦੇ ਹਨ ? ਗੁਣ ਤਾਂ ਕਦੇ ਸਰਾਹੇ ਨਹੀਂ ਜਾਂਦੇ ?

ਇਹੀ ਗੱਲ ਵਿਆਹੁਤਾ ਜ਼ਿੰਦਗੀ ਵਿਚ ਆਪਸੀ ਵਿਵਹਾਰ ਅਤੇ ਸੰਬੰਧ ਵਿਚ ਕੜਵਾਹਟ ਘੋਲਣ ਲਈ ਬਹੁਤ ਹੁੰਦੀ ਹੈ ਅਤੇ ਸ਼ਿਕਾਇਤਾਂ ਨੂੰ ਜਨਮ ਦਿੰਦੀ ਹੈ, ਜਦਕਿ ਕਈ ਔਗੁਣਾਂ ਨੂੰ ਬਿਆਨ ਕਰਨ ਪਿੱਛੋਂ ਜੇਕਰ ਸਹੀ ਗੁਣ ਦੀ ਤਾਰੀਫ ਵੀ ਨਾਲ ਹੀ ਕਰ ਦਿੱਤੀ ਜਾਵੇ ਤਾਂ ਸਾਥੀ ਨਾ ਸਿਰਫ ਖੁਸ਼ ਹੁੰਦਾ ਹੈ ਸਗੋਂ ਉਸ ਅੰਦਰ ਉਤਸ਼ਾਹ ਪੈਦਾ ਹੋ ਜਾਂਦਾ ਹੈ। ਪ੍ਰਸ਼ੰਸਾ ਸਰਸਰੀ ਜਾਂ ਅਸਪੱਸ਼ਟ ਨਾ ਹੋ ਕੇ ਸਪੱਸ਼ਟ ਅਤੇ ਸਾਫ ਹੋਣੀ ਚਾਹੀਦੀ ਹੈ। ਜੋ ਗੱਲ ਖਾਸ ਤੌਰ 'ਤੇ ਪਸੰਦ ਆਈ ਹੋਵੇ, ਉਸ ਦੀ ਤਾਰੀਫ ਹੋਣੀ ਚਾਹੀਦੀ ਹੈ। ਜਿਵੇਂ ਪਤਨੀ ਸੁੰਦਰ ਲੱਗ ਰਹੀ ਹੋਵੇ ਤਾਂ ਸਿਰਫ 'ਸੁੰਦਰ ਲੱਗ ਰਹੀ ਹੈ' ਕਹਿਣ ਦੀ ਬਜਾਏ 'ਇਹ ਰੰਗ ਤਾਂ ਤੇਰੇ 'ਤੇ ਬਹੁਤ ਫੱਬ ਰਿਹਾ ਹੈ', 'ਵਾਹ!' ਕਹਿਣਾ ਜ਼ਿਆਦਾ ਠੀਕ ਅਤੇ ਪ੍ਰਭਾਵਸ਼ਾਲੀ ਰਹੇਗਾ।

ਮਜ਼ਬੂਤ ਵਿਆਹੁਤਾ ਜੀਵਨ ਦਾ ਰਾਜ਼ ਹੈ ਆਪਣੇ ਜੀਵਨ ਸਾਥੀ ਨੂੰ ਚੰਗੀ ਲੱਗਣ ਵਾਲੀ ਗੱਲ ਅਤੇ ਵਿਵਹਾਰ ਦੀ ਖੁੱਲ੍ਹੇ ਦਿਲ ਨਾਲ ਪ੍ਰਸ਼ੰਸਾ ਕਰਨਾ। ਪ੍ਰਸ਼ੰਸਾ ਚਾਪਲੂਸੀ ਨਹੀਂ ਹੈ, ਇਹ ਤਾਂ ਪਸੰਦ ਆਉਣ ਵਾਲੇ ਕੰਮ ਦੀ ਦਿਲੋਂ ਨਿਕਲੀ ਨਿਰਸਵਾਰਥ ਪ੍ਰਤੀਕਿਰਿਆ ਹੈ। ਵਿਆਹੁਤਾ ਜੀਵਨ ਨੂੰ ਉਹ ਵਿਆਹੁਤਾ ਜੋੜੇ ਗੁੰਝਲਦਾਰ ਬਣਾ ਲੈਂਦੇ ਹਨ ਜੋ ਹਰ ਗਲਤ ਗੱਲ 'ਤੇ ਤਾਂ ਜਨਤਕ ਤੌਰ 'ਤੇ ਕੌੜੇ ਬੋਲ ਹੱਕ ਸਮਝ ਕੇ ਬੋਲਦੇ ਹਨ ਪਰ ਪਰ ਚੰਗੇ ਕੰਮ ਦੀ ਤਾਰੀਫ ਸਿਰਫ ਇਸ ਲਈ ਨਹੀਂ ਕਰਦੇ ਕਿ ਕਿਤੇ ਸੁਣਨ ਵਾਲੇ ਦਾ ਦਿਮਾਗ ਨਾ ਖਰਾਬ ਹੋ ਜਾਵੇ। ਸਹੀ ਮੌਕੇ 'ਤੇ ਕਹੀ ਗਈ ਸਹੀ ਗੱਲ ਸਾਰੀ ਜ਼ਿੰਦਗੀ ਆਪਣਾ ਡੂੰਘਾ ਅਸਰ ਪਾਉਂਦੀ ਹੈ। ਪ੍ਰਸ਼ੰਸਾ ਜੀਵਨ ਦੀ ਤਾਕਤ ਹੈ ਜੋ ਵਿਅਕਤੀ ਨੂੰ ਉਤਸ਼ਾਹ ਨਾਲ ਭਰ ਕੇ ਉਸ ਨੂੰ ਜਿਊਣ ਲਾਇਕ ਬਣਾ ਦਿੰਦੀ ਹੈ।


jus
HINDI HD
DAILY LIVE CALL IN SHOWS
Zindagi Fullon
M-F 1:30PM EST
LO KARLO
BAAT
M-F 12:30PM EST
CALL NOW FOR
SPECIAL ADVERTISEMENT RATES
D CODE
THE QUOTE
M-F 12PM EST
AWAM
ki
AWAZ
M-F 2:30PM EST
America's Premiere Indian Television Channel
WATCH jus HINDI HD CHANNEL 725 ON
dish | sling
TELEVISION
CALL TO ADVERTISE + 1-718-752-9293 | CALL TO SUBSCRIBE +1-800-246-6242
www.jusbroadcasting.com



22




GET FLAT 22 CENTS

DISCOUNT AT

TA TravelCenters of America

PETRO Stopping Centers®

We also offer Line of Credit for Fuel Card

*Additional Services with our Fuel Card*

✓ National Tire Program ✓ PM & Light Mechanical

✓ 24 Hour Dedicated Repair Service

TRANS-ALLIANCE
TOGETHER WE SAVE

ਪੰਜਾਬੀ ਵਿਚ ਜਾਣਕਾਰੀ ਲਈ
1.855.641.6955

1.888.795.7035
www.trans-alliance.com


SHER®
BESAN
YEHI TO PURE HAI
SHER®
BESAN
CHANA FLOUR
SUPER FINE
बेसन • ਵੇਸਣ • ચણાનો લોટ • بیسن •
• FARINE DE CHANA
Perfect for: Sweets, Bhajias, Pakoras, Kaddi, etc.
4 lb
1.81 kg
Milled In Canada
Moulu Au Canada
SHER BESAN SUPER FINE
www.sherbrarmills.com